ਬਾਰ੍ਹਵਾਂ ਸਾਲ

PARDES TIMES

12th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

www.pardestimes.com

pardestimes

ਮਾਂ ਬੋਲੀ ਨੂੰ ਸਮਰਪਿਤ

VOL- 12 No. 298 July 4, 2018 E-mali : info@pardestimes.com Ph 510-938-7771 Ph510-516-3536





**WISH YOU ALL HAPPY 4TH OF JULY**

**GOD BLESS USA**

**'ਪਰਦੇਸ ਟਾਇਮਜ਼' ਵੱਲੋਂ ਆਪਣੇ ਪਾਠਕਾਂ, ਸਨੇਹੀਆਂ, ਇਸ਼ਤਿਹਾਦਾਤਾਵਾਂ, ਲੇਖਕਾਂ ਅਤੇ ਸਹਿਯੋਗੀਆਂ ਨੂੰ ਅਮਰੀਕਾ ਦੇ ਅਜ਼ਾਦੀ ਦਿਹਾੜੇ (4 ਜੁਲਾਈ) ਦੀਆਂ ਲੱਖ-ਲੱਖ ਵਧਾਈਆਂ**

# ਕੈਪਟਨ ਨੇ ਨਸ਼ਿਆਂ ਨਾਲ ਹੋਈਆਂ ਮੌਤਾਂ ਦੀ ਜਾਂਚ ਦੇ ਹੁਕਮ ਕੀਤੇ ਜਾਰੀ

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਦੇ ਸਮਗਲਰਾਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਸਬੰਧੀ ਕੇਂਦਰ ਸਰਕਾਰ ਨੂੰ ਸਿਫ਼ਾਰਸ਼ ਕਰਨ ਦਾ ਫੈਸਲਾ ਲੈਣ ਤੋਂ ਬਾਅਦ ਹਾਲ ਹੀ ਵਿੱਚ ਨਸ਼ਿਆਂ ਨਾਲ ਹੋਈਆਂ ਮੌਤਾਂ ਦੀ ਜਾਂਚ ਦੇ ਹੁਕਮ ਵੀ ਦੇ ਦਿੱਤੇ ਹਨ। ਦੋਸ਼ੀਆਂ ਵਿਰੁੱਧ ਉਨ੍ਹਾਂ ਦੀ ਸਿਆਸੀ ਪਹੁੰਚ ਦਾ ਬਿਨਾਂ ਲਿਹਾਜ਼ ਕੀਤੇ ਸਖ਼ਤ ਕਾਰਵਾਈ ਕਰਨ ਲਈ ਹੁਕਮ ਦਿੱਤੇ ਗਏ ਹਨ। ਨਸ਼ਿਆਂ ਦੀ ਵਰਤੋਂ ਨੂੰ ਇੱਕ ਬਿਮਾਰੀ ਦੱਸਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਦੇ ਪੀੜਤਾਂ ਦੇ ਮੁੜ ਵਸੇਬੇ ਦੀ ਜ਼ਰੂਰਤ 'ਤੇ ਜ਼ੋਰ ਦੇਣ ਦੇ ਨਾਲ ਨਸ਼ਿਆਂ ਵਿਰੁੱਧ ਲੋਕ ਲਹਿਰ ਖੜ੍ਹੀ ਕਰਨ ਉਪਰ ਵੀ ਜ਼ੋਰ ਦਿੱਤਾ ਹੈ। ਜਾਗਰੂਕਤਾ ਪੈਦਾ ਕਰਨ ਅਤੇ ਕਾਰਵਾਈ ਕੀਤੇ ਜਾਣ ਵਿੱਚ ਵਖਰੇਵਾਂ ਹੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਾਗਰੂਕਤਾ ਕਿਸੇ ਇੱਕ ਏਜੰਸੀ ਵੱਲੋਂ ਪੈਦਾ ਨਹੀਂ ਕੀਤੀ ਜਾ ਸਕਦੀ ਅਤੇ ਇਸ ਲਈ ਲੋਕਾਂ ਦੀ ਸ਼ਮੂਲੀਅਤ ਲਾਜ਼ਮੀ ਹੈ। ਮੁੱਖ ਮੰਤਰੀ ਨੇ ਸਮਾਜਿਕ ਕਾਰਕੁੰਨਾਂ ਦੇ ਇੱਕ ਗਰੁੱਪ ਨਾਲ ਗੱਲਬਾਤ ਦੌਰਾਨ ਇਹ ਵਿਚਾਰ ਪ੍ਰਗਟਾਏ। ਇਸ ਗਰੁੱਪ ਨੇ ਹਾਲ ਹੀ ਵਿੱਚ ਇਸ ਸਮੱਸਿਆ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸੋਸ਼ਲ ਮੀਡੀਆ ਵਿੱਚ "ਨਸ਼ਿਆਂ ਵਿਰੁੱਧ ਕਾਲਾ ਹਫ਼ਤਾ" ਮੁਹਿੰਮ ਸ਼ੁਰੂ ਕੀਤੀ ਹੈ। ਇਨ੍ਹਾਂ ਕਾਰਕੁੰਨਾਂ ਵਿੱਚ ਪਾਲੀ ਭੁਪਿੰਦਰ, ਵਕੀਲ ਹਾਕਮ ਸਿੰਘ, ਪੱਤਰਕਾਰ ਬਲਜੀਤ ਪਨੂੰ ਅਤੇ ਬਲਜਿੰਦਰ ਸਿੰਘ (ਮਿੰਟੂ) ਸ਼ਾਮਲ ਸਨ।



ਦੱਸਣਯੋਗ ਏ ਕਿ ਮਿੰਟੂ ਵੀ ਆਪ ਕਿਸੇ ਸਮੇਂ ਨਸ਼ਿਆਂ ਤੋਂ ਪੀੜਤ ਸੀ। ਇਸ ਗਰੁੱਪ ਨੇ ਕੈਪਟਨ ਸਰਕਾਰ ਵੱਲੋਂ ਚੁੱਕੇ ਕਦਮਾਂ ਦਾ ਸਵਾਗਤ ਕੀਤਾ।ਇਸ ਮੌਕੇ ਮੁੱਖ ਮੰਤਰੀ ਨੇ ਦੱਸਿਆ ਕਿ ਉਹ ਨਸ਼ਿਆਂ ਵਿਰੁੱਧ ਜੰਗ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਹਰ ਸੋਮਵਾਰ ਮੀਟਿੰਗ ਕਰਨਗੇ। ਇਨ੍ਹਾਂ ਕਾਰਕੁੰਨਾਂ ਨੇ ਇਸ ਸਬੰਧ ਵਿੱਚ ਅਕਾਲੀਆਂ ਉੱਤੇ ਦੋਸ਼ ਮੜ੍ਹਿਆ, ਜਿਨ੍ਹਾਂ ਨੇ ਨੌਜਵਾਨਾਂ ਦੀ ਊਰਜਾ ਨੂੰ ਸਹੀ ਪਾਸੇ ਲਾਉਣ ਲਈ ਕੁੱਝ ਵੀ ਨਹੀਂ ਕੀਤਾ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਇਨ੍ਹਾਂ ਕਾਰਕੁੰਨਾਂ ਨੂੰ ਹਰ ਸਹਿਯੋਗ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਨੇ ਸਰਕਾਰ ਵੱਲੋਂ ਪਹਿਲਾਂ ਹੀ ਸ਼ੁਰੂ ਕੀਤੇ ਐਂਟੀ ਡਰੱਗ ਅਬਿਊਜ਼ ਪ੍ਰਵੈਨਸ਼ਨ ਆਫਸਰਜ਼ ਪ੍ਰੋਗਰਾਮ ਨਾਲ ਤਾਲਮੇਲ ਕਰਕੇ ਪਿੰਡਾਂ ਵਿਚ ਰੈਲੀਆਂ ਅਤੇ ਮੋਮਬੱਤੀ ਮਾਰਚ ਕਰਨ ਦਾ ਸੁਝਾਅ ਦਿੱਤਾ। ਕੈਪਟਨ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀਜ਼. ਵੀ ਇਨ੍ਹਾਂ ਵਿੱਚ ਸ਼ਮੂਲੀਅਤ ਕਰਨਗੇ। ਗਰੁੱਪ ਨੇ ਹਰੇਕ ਪਿੰਡ ਵਿੱਚ ਨਸ਼ਿਆਂ ਦੇ ਆਦੀਆਂ ਦੀ ਸ਼ਨਾਖ਼ਤ ਕਰਨ ਲਈ 10-15 ਨੌਜਵਾਨਾਂ ਉੱਤੇ ਆਧਾਰਤ ਕਮੇਟੀਆਂ ਬਣਾਉਣ ਦਾ ਸੁਝਾਅ ਦਿੱਤਾ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਨਸ਼ਿਆਂ ਤੋਂ ਪੀੜਤਾਂ ਲਈ ਨਿੱਜੀ ਹਸਪਤਾਲਾਂ ਨੂੰ ਇਲਾਜ ਮੁਹੱਈਆ ਕਰਵਾਉਣ ਵਾਸਤੇ ਆਖਿਆ ਜਾਵੇ। ਇਸ ਸਬੰਧ ਵਿਚ ਮੁੱਖ ਮੰਤਰੀ ਨੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੂੰ ਨਸ਼ਈਆਂ ਵਾਸਤੇ ਕੁੱਝ ਬੈੱਡ ਰਾਖਵੇਂ ਰੱਖਣ ਲਈ ਨਿੱਜੀ ਹਸਪਤਾਲਾਂ ਨਾਲ ਗੱਲਬਾਤ ਕਰਨ ਲਈ ਆਖਿਆ।


Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545





FAIRWAY BODY SHOP
ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ
ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ
ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ
510-538-2983
Darshan Aujla
510-750-6116
1421 Industrial Parkway West #C Hayward, CA 94644





Allstate
You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544





ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44790 S. Grimmer blvd. # 204 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511





Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ, ਡਿਪੋਰਟੇਸ਼ਨ, ਅਸਾਈਲਮ, ਸਿਟੀਜਨਸ਼ਿਪ, ਗਰੀਨ ਕਾਰਡ, ਫੈਮਲੀ ਪਟੀਸ਼ਨ, ਵਿਆਹ ਦੇ
ਆਧਾਰ ਤੇ ਗਰੀਨ ਕਾਰਡ, ਐਡਜਸਟਮੈਂਟ ਆਫ ਸਟੇਟਸ, ਫੈਮਲੀ ਲਾਅ, ਤਲਾਕ ਦੀ
ਪਟੀਸ਼ਨ, ਬੱਚੇ ਦੀ ਕਸਟਡੀ, ਭੱਤਾ ਜਾਂ ਖਰਚਾ, ਬੱਚਿਆਂ ਲਈ ਖਰਚਾ
(559) 312-0083 (O) (888) 630-1230 (F)
TANVIR JOSHI
SBN: 302226
516 W. SHAW AVE STE 200 FRESNO, CA 93704





COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587







See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL





AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041







COVERED CALIFORNIA
Punjab Insurance Brokers Inc.
www.punjabinsurance.com
DBA in CA Punjab Financial & Insurance Services
MONEY BACK LIFE INSURANCE
MONEY BACK CRITICAL ILLNESS INSURANCE
MONEY BACK DISABILITY INSURANCE
DENTAL INSURANCE & VISITORS INSURANCE
Call: 1-888-978-6522
CA LIc# 0I27763
Inderjeet S Mann




## ਦਾਤਾ ਤੇ ਭਗਤ ਸੂਰਮਾ ਤਿੰਨੋ ਜੱਗ ਜਿਉਂਦੇ ਨੇ

# ਗੁਰੂ ਦੀ ਬਖਸ਼ਿਸ਼ਾਂ ਦਾ ਪਾਤਰ- ਸਿਕੰਦਰ ਸਿੰਘ ਗਰੇਵਾਲ





ਸੇਵਾ ਕਿਸੇ ਵੀ ਕਿਸਮ ਦੀ ਹੋਵੇ ਉਹ ਕਰਨੀ ਬਹੁਤ ਹੀ ਔਖੀ ਹੁੰਦੀ ਹੈ। ਪਰ ਜਦੋਂ ਪਰਮਾਤਮਾ ਦੀ ਨਜ਼ਰ ਸਵੱਲੀ ਹੋ ਜਾਵੇ ਤਾਂ ਇਹ ਖੱਬੇ ਹੱਥ ਦੀ ਖੇਡ ਲੱਗਣ ਲੱਗ ਜਾਂਦੀ ਹੈ। ਉਹ ਆਪ ਹਾਜ਼ਰ ਨਾਜ਼ਰ ਹੋ ਕੇ ਬਖਸ਼ਿਸ਼ਾਂ ਕਰ ਦਿੰਦਾ ਹੈ। ਇਹੀ ਕੁਝ ਵੇਖਣ ਨੂੰ ਮਿਲਿਆ, ਕੈਲੇਫੋਰਨੀਆ ਦੇ ਟਰੇਸੀ ਸ਼ਹਿਰ ਦੇ ਗੁਰੂ ਘਰ 'ਗੁਰੂ ਨਾਨਕ ਪ੍ਰਕਾਬ' ਵਿਚ।

ਸਿਕੰਦਰ ਸਿੰਘ ਗਰੇਵਾਲ ਜਿਹਨਾਂ ਦਾ ਪਿਛਲਾ ਪਿੰਡ ਧਾਂਦਰਾ ਜ਼ਿਲ੍ਹਾ ਲੁਧਿਆਣਾ ਵਿਚ ਪੈਂਦਾ ਹੈ, ਹੋਰਾਂ ਨੇ ਗੁਰੂ ਘਰ ਦੀ ਬਣਨ ਜਾ ਰਹੀ ਨਵੀਂ ਇਮਾਰਤ ਲਈ (1,11,000) ਇਕ ਲੱਖ ਗਿਆਰਾਂ ਹਜ਼ਾਰ ਡਾਲਰ ਦੇ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਸਾਰੀ ਸੰਗਤ ਨੇ ਜੈਕਾਰੇ ਬੁਲਾਏ। ਗੁਰੂ ਘਰ ਦੇ ਪ੍ਰਬੰਧਕਾਂ ਨੇ ਸਿਕੰਦਰ ਸਿੰਘ ਗਰੇਵਾਲ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਚਰਨਜੀਤ ਕੌਰ ਨੂੰ ਸਿੱਖ ਧਰਮ ਦੇ ਸਿਰਮੌਰ ਸਨਮਾਨ 'ਸਿਰੋਪਾਓ' ਨਾਲ ਨਿਵਾਜਿਆ ਅਤੇ ਇਹਨਾਂ ਦਾ ਕੋਟਿ-ਕੋਟਿ ਧੰਨਵਾਦ ਕੀਤਾ। ਪਾਠ ਦੀ ਸਮਾਪਤੀ ਉਪਰੰਤ ਵੱਡੇ ਸੰਤਾਂ ਦੇ ਨਾਲ ਗੁਰਦੁਆਰਾ ਕਮੇਟੀ ਤੇ ਮੁੱਖ ਮਹਿਮਾਨਾਂ ਨੇ ਜਿੱਥੇ ਉਸਾਰੀ ਸ਼ੁਰੂ ਹੋਣੀ ਹੈ, ਉਥੇ ਜਾ ਕੇ ਫੋਟੋਆਂ ਖਿਚਵਾਈਆਂ ਤੇ ਜੈਕਾਰੇ ਬੁਲਾਏ।

ਸਿਕੰਦਰ ਪਹਿਲੇ ਦਿਨ ਤੋਂ ਹੀ ਮਾਨਵਤਾ ਦੀ ਸੇਵਾ ਕਰਨ ਵਾਲਾ ਇਨਸਾਨ ਹੈ। ਆਪਣੇ ਸਟੋਰ ਤੇ ਨਵੇਂ ਆਏ ਬੰਦਿਆਂ ਨੂੰ ਕੰਮ ਦੇਣਾ, ਉਹਨਾਂ ਦੇ ਰਹਿਣ ਦਾ ਪ੍ਰਬੰਧ ਕਰਨਾ, ਆਪਣਾ ਕੰਮ ਛੱਡ ਕੇ ਉਹਨਾਂ ਲਈ ਪੇਪਰ ਬਣਾਉਣੇ ਤੇ ਪੱਲਿਉਂ ਪੈਸੇ ਲਾ ਕੇ ਵਕੀਲ ਕਰਕੇ ਦੇਣਾ। ਇਹ ਸੇਵਾ ਵੀ ਸਿਕੰਦਰ ਨੇ ਦਿਲੋਂ ਕੀਤੀ ਤੇ ਕਈ ਪਰਿਵਾਰਾਂ ਦਾ ਵਸੇਬਾ ਕੀਤਾ। ਅੱਜ ਉਸ ਮੁੰਡਿਆਂ ਦੇ ਪਰਿਵਾਰਾਂ ਦੇ ਪਰਿਵਾਰ ਇੱਥੇ ਆ ਕੇ ਚੰਗੀ ਜ਼ਿੰਦਗੀ ਭੋਗ ਰਹੇ ਹਨ। ਬੇਟੀ ਦੀ ਸ਼ਾਦੀ ਕਰਨੀ ਸਭ ਤੋਂ ਮੁਸ਼ਕਿਲ ਕੰਮ



ਸ. ਸਿਕੰਦਰ ਸਿੰਘ ਗਰੇਵਾਲ ਅਤੇ ਉਹਨਾਂ ਦੀ ਧਰਮ ਪਤਨੀ, ਗੁਰੂ ਘਰ ਤੋਂ ਸਿਰੋਪਾਓ ਲੈਂਦੇ ਹੋਏ।

ਹੁੰਦਾ ਹੈ ਪਰ ਸਿਕੰਦਰ ਗਰੇਵਾਲ ਨੇ ਹੁਣ ਤੱਕ ਗਰੀਬ ਤੇ ਲੋੜਵੰਦ ਪਰਿਵਾਰਾਂ ਦੀਆਂ 6 ਬੇਟੀਆਂ ਦੀ ਸ਼ਾਦੀ ਕੀਤੀ ਹੈ ਤੇ ਦੋ ਹੋਰ ਕੁੜੀਆਂ ਦੀ ਸ਼ਾਦੀ ਅਗਲੇ ਸਾਲ ਕਰਨਗੇ। ਸੀ. ਐਮ. ਸੀ. ਹਸਪਤਾਲ ਵਿਚ ਦੋ ਤੇਜਾਬ ਨਾਲ ਪੀੜਤ ਲੜਕੀਆਂ ਸੰਦੀਪ ਕੌਰ ਤੇ ਰਾਜਵੰਤ ਕੌਰ ਦੀ ਲੱਖਾਂ ਰੁਪਏ ਖਰਚ ਕੇ ਸੇਵਾ ਨਿਭਾਈ। ਪਿੰਗਲਵਾੜਾ ਅੰਮ੍ਰਿਤਸਰ ਹਰ ਸਾਲ ਤਿਲ ਫੁਲ ਭੇਂਟ ਕਰਦੇ ਹਨ। ਉਪਰਲੀਆਂ ਸੇਵਾਵਾਂ ਕੋਈ ਇਕ ਦਿਨ ਵਿਚ ਨਹੀਂ ਹੋ ਗਈਆਂ। ਚੰਗੇ ਕਰਮ ਨੂੰ ਸਮਾਂ ਲੱਗਦਾ ਹੈ ਤੇ ਚੰਗੇ ਕੰਮ ਦੀ ਪ੍ਰੇਰਨਾ ਨੂੰ ਉਮਰਾਂ ਲੱਗ ਜਾਂਦੀਆਂ ਹਨ। ਕੁਝ ਚੰਗੀਆਂ ਚੀਜ਼ਾਂ ਇਨਸਾਨ ਆਪਣੇ ਵੱਡੇ-ਵਡੇਰਿਆਂ ਤੋਂ ਸਿੱਖਦਾ ਹੈ। ਸਿਕੰਦਰ ਦੇ ਦਾਦਾ-ਦਾਦੀ ਬਹੁਤ ਹੀ ਧਾਰਮਿਕ ਬਿਰਤੀ ਵਾਲੇ ਸਨ। ਉਹੀ ਭਾਵਨਾਵਾਂ ਪਿਤਾ ਸ. ਸੀਤਲ ਸਿੰਘ ਗਰੇਵਾਲ (ਆਰਮੀ ਵਿਚ ਕਪਤਾਨ) ਤੇ ਮਾਤਾ ਅਮਰ ਕੌਰ ਜੀ ਵਿਚ ਸਨ। ਉਹ ਅਕਸਰ ਕਿਹਾ ਕਰਦੇ ਸਨ 'ਪੁੱਤ ਆਪਾਂ ਕੀ ਕਰਦੇ ਹਾਂ, ਸਿਰਫ ਉਸ-ਦੀਆਂ ਦਿੱਤੀਆਂ ਦਾਤਾਂ ਵਿਚੋਂ ਦਸਵੰਧ ਕੱਢਦੇ ਹਾਂ। ਉਹ ਦੇਈਂ ਜਾਂਦਾ ਹੈ ਤੇ ਆਪਾਂ ਤੋਂ ਸੇਵਾ ਕਰਵਾਈ ਜਾਂਦਾ ਹੈ।'

ਉਹੀ ਭਾਵਨਾ ਸਿਕੰਦਰ ਵਿਚ ਵੀ ਹੈ। ਉਹ ਵੀ ਇਹੀ ਕਹਿ ਰਿਹਾ ਹੈ 'ਮੈਂ ਸੇਵਾ ਕਰਨ ਵਾਲਾ ਕੌਣ ਹਾਂ, ਉਹੀ ਬਲ ਬਖਸ਼ ਰਿਹਾ ਹੈ।' ਗੱਲ ਮਨ ਵੀ ਲੱਗਦੀ ਹੈ। ਬੰਦਾ ਅਕਾਊਂਟ 'ਚ ਸਿਫਰਾਂ ਜੋੜਦਾ ਜੋੜਦਾ ਇਕ ਦਿਨ ਆਪ ਸਿਫਰ ਹੋ ਜਾਂਦਾ ਹੈ। ਸੇਵਾ ਕਰਨ ਲਈ ਮਾਇਆ ਦੇ ਨਾਲੋਂ ਬੰਦਾ ਦਿਲ ਦਾ ਦਲੇਰ ਹੋਣਾ ਚਾਹੀਦਾ ਹੈ। ਪੈਸੇ ਬਹੁਤ ਲੋਕਾਂ ਪਾਸ ਹੁੰਦੇ ਹਨ ਪਰ ਦਿਲ ਹਰੇਕ ਪਾਸ ਨਹੀਂ ਹੁੰਦਾ। ਸਿਕੰਦਰ ਗਰੇਵਾਲ ਉਪਰ ਪਰਮਾਤਮਾ ਦੀ ਬਖਸ਼ਿਸ਼ ਹੈ। ਉਸ ਤੋਂ ਵੀ ਵੱਧ ਮਿਹਰ ਹੈ ਕਿ ਉਹਨਾਂ ਦੀ ਧਰਮ ਪਤਨੀ ਚਰਨਜੀਤ ਕੌਰ ਦਾ ਪੂਰਾ-ਪੂਰਾ ਸਹਿਯੋਗ ਹੈ।

ਇਹ ਚੰਗੇ ਭਾਗਾਂ ਦੀਆਂ ਨਿਸ਼ਾਨੀਆਂ ਹਨ। ਸਿਕੰਦਰ ਦੇ ਦੋਵੇਂ ਪੁੱਤਰ, ਬੇਟੀ ਤੇ ਨੂੰਹ ਰਾਣੀ ਪ੍ਰੋਗਰਾਮ ਵਿਚ ਖੁਸ਼ੀ-ਖੁਸ਼ੀ ਹਿੱਸਾ ਲੈ ਰਹੇ ਸਨ। ਸਾਰੇ ਯਾਰ-ਦੋਸਤ ਤੇ ਪਰਿਵਾਰ ਇਸ ਖੁਸ਼ੀ ਵਿਚ ਹਾਜ਼ਰ ਹੋਏ ਤੇ ਖੁਸ਼ੀ ਮਹਿਸੂਸ ਕਰ ਰਹੇ ਸਨ। ਬਾਬਾ ਜੀ ਅਤੇ ਕਮੇਟੀ ਨੇ ਇਹ ਫੈਸਲਾ ਕੀਤਾ ਹੈ ਕਿ ਇਮਾਰਤ ਤਿਆਰ ਹੋਣ ਤੋਂ ਪਹਿਲਾਂ ਅਖੰਡ ਪਾਠ ਦੀ ਸੇਵਾ ਸਿਕੰਦਰ ਗਰੇਵਾਲ ਦਾ ਪਰਿਵਾਰ ਕਰੇਗਾ। ਇਹ ਵੀ ਵੱਡੇ ਭਾਗਾਂ ਦੀ ਨਿਸ਼ਾਨੀ ਹੈ। ਅਰਦਾਸ ਕਰਦੇ ਹਾਂ ਕਿ ਜਿੱਥੋਂ ਮਾਇਆ ਆਈ ਹੈ ਉਹ ਭੰਡਾਰੇ ਭਰਪੂਰ ਰਹਿਣ। ਵੈਸੇ ਵੀ ਭਗਤ ਕਬੀਰ ਜੀ ਨੇ ਕਿਹਾ ਹੈ-

ਚਿੜੀ ਚੋਂਚ ਭਰ ਲੈ ਗਈ
ਨਦੀ ਨਾ ਘਟਿਓ ਨੀਰ
ਦਾਨ ਦਿਤਿਆਂ ਧਨ ਨਾ ਘਟੇ
ਕਹਿ ਗਏ ਭਗਤ ਕਬੀਰ

**- ਜਗਤਾਰ ਗਿੱਲ ਫਰੀਮਾਂਟ**

# ਉੱਘੇ ਲੇਖਕ ਤੇ ਪੰਜਾਬ ਪੁਲਿਸ ਦੇ ਐੱਸ.ਪੀ. ਬਲਜੀਤ ਸਿੰਘ ਸਿੱਧੂ ਨਾਲ ਰੂਬਰੂ







ਹੇਵਰਡ (ਬਿਓਰੋ) – ਇੱਥੇ ਰਾਜਾ ਸਵੀਟਸ ਵਿਖੇ ਪੰਜਾਬ ਲੋਕ ਰੰਗ ਵਲੋਂ ਸ. ਪਰਮਪਾਲ ਸਿੰਘ ਦੇ ਉਚੇਚੇ ਯਤਨਾਂ ਨਾਲ ਇਨ੍ਹਾਂ ਦਿਨਾਂ ਵਿਚ ਪੰਜਾਬੀ ਦੇ ਨਾਮਵਰ ਲੇਖਕ ਅਤੇ ਇਸ ਵੇਲੇ ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਐੱਸ.ਪੀ. ਤਾਇਨਾਤ ਸ. ਬਲਜੀਤ ਸਿੰਘ ਸਿੱਧੂ ਨਾਲ ਇਕ ਵਿਸ਼ੇਸ਼ ਰੂਬਰੂ ਪ੍ਰੋਗਰਾਮ ਦਾ ਅਯੋਜਨ ਕੀਤਾ ਗਿਆ। ਜਿਸ ਵਿਚ ਬੇਏਰੀਆ ਦੇ ਨਾਮੀ ਸਾਹਿਤਕ ਤੇ ਸੱਭਿਆਚਾਰਕ ਖੇਤਰ ਨਾਲ ਸਬੰਧਿਤ ਲੋਕਾਂ ਨੇ ਭਰਵੀਂ ਹਾਜ਼ਰੀ ਭਰੀ। ਪ੍ਰਧਾਨਗੀ ਮੰਡਲ ਵਿਚ ਰੇਡੀਓ ਮਿਰਚੀ ਦੇ ਸੰਚਾਲਕ ਐੱਸ.ਪੀ ਸਿੰਘ, ਡਾ. ਸਰਵਿੰਦਰ ਸਿੰਘ ਪਾਹਲ ਰਿਟਾ. ਡੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰਦੇਸ ਟਾਈਮਜ਼ ਦੇ ਸੰਪਾਦਕ ਬਲਬੀਰ ਸਿੰਘ ਐੱਮ.ਏ ਅਤੇ ਬਲਜੀਤ ਸਿੰਘ ਸਿੱਧੂ ਸੁਸ਼ੋਭਿਤ ਸਨ। ਮੰਚ ਸੰਚਾਲਨ ਕਰਦਿਆਂ ਪੰਜਾਬ ਲੋਕ ਰੰਗ ਦੇ ਨਿਰਦੇਸ਼ਕ ਸ. ਸੁਰਿੰਦਰ ਧਨੋਆ ਨੇ ਕਿਹਾ ਕਿ ਪੰਜਾਬ ਲੋਕ ਰੰਗ, ਸਾਹਿਤਕ, ਸੰਗੀਤਕ ਅਤੇ ਨਾਟ ਕਲਾ ਦੇ ਖੇਤਰ ਦੀਆਂ ਉੱਘੀਆਂ ਸਖਸ਼ੀਅਤਾਂ ਨੂੰ ਕੈਲੇਫੋਰਨੀਆਂ ਦੇ ਕਲਾ ਪ੍ਰੇਮੀਆਂ ਨਾਲ ਲਗਾਤਾਰ ਮੇਲ ਮਿਲਾਪ ਕਰਾਉਣ ਦਾ ਪ੍ਰਬੰਧ ਕਰਦਾ ਰਿਹਾ ਹੈ ਤਾਂ ਕਿ ਪੰਜਾਬੀਆਂ ਅੰਦਰ ਵਿਦੇਸ਼ਾਂ 'ਚ ਸਾਹਿਤਕ ਅਤੇ ਸਮਾਜਿਕ ਸਾਂਝ ਲਗਾਤਾਰ ਉੱਸਰੀ ਰਹਿ ਸਕੇ। ਇਸ ਮੌਕੇ ਤੇ ਪ੍ਰੋ. ਜਸਪਾਲ ਸਿੰਘ, ਸ੍ਰੀਮਤੀ ਜਸਵਿੰਦਰ ਧਨੋਆ, ਬਲਬੀਰ ਸਿੰਘ ਐੱਮ.ਏ., ਐੱਸ.ਅਸ਼ੋਕ ਭੌਰਾ, ਪਾਲੀ ਧਨੌਲਾ, ਡਾ. ਸਰਵਿੰਦਰ ਸਿੰਘ ਪਾਹਲ ਆਦਿ ਸਾਹਿਤ ਅਤੇ ਕਲਾ ਨਾਲ ਜੁੜੀਆਂ ਸਖਸ਼ੀਅਤਾਂ ਨੇ ਸ੍ਰੀ ਸਿੱਧੂ ਦੀ ਸਖਸ਼ੀਅਤ ਅਤੇ ਲੇਖਣੀ ਤੇ ਵਿਸਥਾਰ ਸਹਿਤ ਚਾਨਣਾ ਪਾਇਆ। ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਬਲਜੀਤ ਸਿੰਘ ਸਿੱਧੂ ਨੇ ਕਿਹਾ ਕਿ ਪੁਲਿਸ ਅਫਸਰਾਂ ਕੋਲ ਵੀ ਦਿਲ ਹੁੰਦਾ ਹੈ ਤੇ ਇਹ ਦਿਲ ਧੜਕਦਾ ਵੀ ਹੈ ਤੇ ਉਹਨਾਂ ਦੀ ਇਸੇ ਧੜਕਨ ਚੋਂ ਸਾਹਿਤ ਜਨਮ ਲੈ ਰਿਹਾ ਹੈ।



ਉਹਨਾਂ ਆਪਣੀਆਂ ਚੋਣਵੀਆਂ ਕਵਿਤਾਵਾਂ ਵੀ ਪੇਸ਼ ਕੀਤੀਆਂ ਅਤੇ ਕਾਵਿ ਵਿਅੰਗ ਜ਼ਰੀਰੇ ਦੱਸਿਆ ਕਿ ਪੁਲਿਸ ਸੁਭਾਅ ਰੁੱਖਾ ਅਤੇ ਕੌੜਾ ਕਿਉਂ ਹੁੰਦਾ ਹੈ। ਇਸ ਮੌਕੇ ਤੇ ਹਾਜ਼ਰ ਸਖਸ਼ੀਅਤਾਂ ਵਿਚ ਜੱਸੀ ਸਰਾਂ, ਮੋਨਿਕਾ ਉੱਪਲ, ਦਰਸ਼ਨ ਔਜਲਾ, ਪਰਮਪਾਲ ਸਿੰਘ, ਸੋਨੀਆ ਚੇੜਾ, ਇੰਦਰਜੀਤ ਸਿੰਘ ਜੌਨੀ, ਗੁਰਜੀਤ ਕੌਰ ਜੀਤੀ ਹਾਜ਼ਰ ਸਨ। ਇਸ ਮੌਕੇ ਕਲਾ ਅਤੇ ਸਾਹਿਤ ਦਾ ਦਰਿਆ ਨਾਲੋ ਨਾਲ ਵਗਦਾ ਰਿਹਾ। ਅੱਜ ਦਾ ਇਹ ਪ੍ਰੋਗਰਾਮ ਸ. ਬਲਜੀਤ ਸਿੰਘ ਸਿੱਧੂ ਐਸ. ਪੀ. ਪੁਲਿਸ ਜ਼ਿਲ੍ਹਾ ਮੁਕਤਸਰ ਵਾਸਤੇ ਤੇ ਡਾ: ਸਰਵਿੰਦਰ ਸਿੰਘ ਪਾਹਿਲ ਹੁਰਾਂ ਦੀ ਇੱਥੇ ਆਮਦ ਦੀ ਖੁਸ਼ੀ 'ਚ ਰੱਖਿਆ ਗਿਆ। ਇਸ ਪ੍ਰੋਗਰਾਮ ਵਿਚ ਬੁਲਾਰਿਆਂ ਨੇ ਆਪੋ-ਆਪਣੇ ਵਿਚਾਰ ਵੀ ਪੇਸ਼ ਕੀਤੇ।

ਡਾ. ਪਾਹਿਲ ਨੇ ਪੰਜਾਬ ਦੇ ਨੌਜਵਾਨਾਂ ਵਿਚ ਪਾਈ ਜਾਂਦੀ ਬੇਰੁਜ਼ਗਾਰੀ ਬਾਰੇ ਚਿੰਤਾ ਦਰਸਾਈ। ਅਫਸਰਾਂ ਦੇ ਬੱਚੇ ਕੈਨੇਡਾ/ਅਮਰੀਕਾ ਪੜ੍ਹਦੇ ਹਨ, ਗਰੀਬ ਜੱਟ ਦੇ ਨਿਆਣੇ ਕੀ ਕਰਨ, ਉਹ ਨਸ਼ਿਆਂ 'ਚ ਗੱਚ ਹੋਈ ਜਾ ਰਹੇ ਹਨ। ਕਿਸੇ ਵੀ ਪਰਟੀ ਦੇ ਐਮ. ਐਲ. ਏ./ਮਨਿਸਟਰ ਨੌ-ਜਵਾਨਾਂ ਦੇ ਭਵਿੱਖ ਬਾਰੇ ਨਹੀਂ ਸੋਚ ਰਹੇ, ਬਲਕਿ ਪੈਸੇ ਇਕੱਠੇ ਕਰਨ 'ਚ ਲੱਗੇ ਹੋਏ ਹਨ।

ਬਲਜੀਤ ਸਿੰਘ ਸਿੱਧੂ ਐਸ. ਪੀ. ਪੰਜਾਬ ਪੁਲਿਸ ਮੁਕਤਸਰ ਨੇ ਕਵਿਤਾਵਾਂ ਸੁਣਾ ਕੇ ਸਾਰੇ ਆਏ ਸੱਜਣਾਂ ਨੂੰ ਮੰਤਰ ਮੁਗਧ ਕਰ ਦਿੱਤਾ।

ਤੇਰੇ ਇਸ਼ਕ ਦੀ ਦੀਵਾਨੀ ਕੁਝ ਚੜ੍ਹ ਗਈ ਏਦਾਂ
ਜਿੱਦਾਂ ਦਾਰੂ ਚੜ੍ਹਦੀ ਐ ਜਿੱਣਾਂ ਭੰਗ ਚੜ੍ਹਦੀ ਏ ਏਦਾਂ
ਹੌਲੀ ਹੌਲੀ ਮੇਰੇ ਦਿਲ 'ਤੇ ਕਾਬਜ਼ ਕਰ ਗਏ ਨੇ ਓ
ਕਿ ਪਾਣੀ 'ਚ ਪਏ ਲੋਹੇ ਨੂੰ ਜਿੱਦਾਂ ਜੰਗ ਚੜ੍ਹਦੀ ਐ।
ਕੋਈ ਦੇਖੇ ਕਿ ਕਿੱਦਾਂ ਅੱਲ੍ਹੜਾਂ ਨੂੰ ਸੰਗ ਚੜ੍ਹਦੀ ਐ
ਕਿ ਕੀਮਤ ਚੜ੍ਹ ਹੀ ਜਾਂਦੀ ਏ ਜਿੱਦਾਂ
ਜਿੱਦਾਂ ਸੰਗ ਚੜ੍ਹਦੀ ਏ।

ਧਰਤੀ ਦੀ ਗੱਤ ਸਵਾਰਨ ਨਿਕਲੇ ਨੇ
ਮੋਮ ਦੇ ਬੁੱਤ ਸੂਰਜ ਨੂੰ ਢਾਲਣ ਨਿਕਲੇ ਨੇ
ਲਾਸ਼ ਮੇਰੀ ਦੇ ਪਿੱਛੇ ਕੁਝ ਗਮਗੀਨ ਵੀ ਨੇ
ਕਈ ਤਾਂ ਐਵੇਂ ਬੁੱਤਾਂ ਸਾਰਨ ਨਿਕਲੇ ਨੇ।

ਇਹੋ ਜਿਹੀ ਸ਼ਾਇਰੀ ਉਹ ਲਿਖਦੇ ਤੇ ਸਟੇਜਾਂ ਤੋਂ ਬੋਲਦੇ ਹਨ ਕਿ ਸਾਹਮਣੇ ਬੈਠਾ ਇਨਸਾਨ ਅਸ਼ ਅਸ਼ ਕਰ ਉਠਦਾ ਹੈ।

ਐਸ. ਪੀ. ਸਿੰਘ ਵੱਲੋਂ ਵੀ ਜੀ ਆਇਆਂ ਨੂੰ ਕਿਹਾ ਗਿਆ ਤੇ ਬਲਬੀਰ ਸਿੰਘ ਐਮ. ਏ. ਵੱਲੋਂ ਪੰਜਾਬੀ ਬੋਲੀ ਤੇ ਹੋ ਰਹੇ ਕੰਮ 'ਤੇ ਚਾਨਣਾ ਪਾਇਆ ਗਿਆ। ਅੱਜ ਦੇ ਪ੍ਰੋਗਰਾਮ 'ਚ ਦਰਸ਼ਨ ਔਜਲਾ, ਸੇਵਾ ਸਿੰਘ, ਪਾਲੀ ਧਨੌਲਾ, ਸੋਨੂੰ ਰਾਣਾ, ਜਸਵਿੰਦਰ ਸੱਗੀ, ਰਜਿੰਦਰ ਕੌਰ, ਪ੍ਰੋ. ਜਸਪਾਲ ਸਿੰਘ ਸੈਣੀ, ਮੁਖਤਿਆਰ ਸਿੰਘ ਬੜੈਚ, ਜਸਪ੍ਰੀਤ ਸੰਧੂ, ਜਸਵਿੰਦਰ ਧਨੋਆ, ਸੁਰਿੰਦਰ ਧਨੋਆ, ਜਸਪ੍ਰੀਤ ਵਿਰਕ, ਪਰਮਪਾਲ ਸਿੰਘ ਤੇ ਪਰਿਵਾਰ ਅਤੇ ਹੋਰ ਕਈ ਸੱਜਣ ਮਿੱਤਰ ਵੀ ਇਸ ਮੌਕੇ 'ਤੇ ਪਹੁੰਚੇ।

# ਹਰ ਵਿਅਕਤੀ ਕੇਵਲ ਆਪਣੇ ਆਪ ਜਿਹਾ ਕਿਉਂ?



ਸੁਰਜੀਤ ਸਿੰਘ ਢਿੱਲੋਂ (ਡਾ.)

ਦੋ ਜੀਵਾਂ ਦੇ ਇੱਕ-ਦੂਜੇ ਨਾਲ ਸਬੰਧ ਬਣਾਉਣ ਲਈ ਅੰਦਰੋਂ ਉਮੜੀ ਆਵੇਗੀ ਉਮੰਗ ਨਿਰੋਲ ਕਾਮੁਕੀ ਉਤੇਜਨਾ ਨਹੀਂ, ਇਹ ਜੀਵਨ ਨੂੰ ਚਲਦਿਆਂ ਰੱਖਣ ਦਾ ਸਾਧਨ ਹੈ। ਦੋ ਜਣਿਆਂ ਦਾ ਸਹਿਵਾਸ ਜੀਵਾਂ ਵਿੱਚ ਇਕਸੁਰਤਾ ਨੂੰ ਭੰਗ ਕਰਦੀ ਪ੍ਰਕਿਰਿਆ ਹੈ। ਇਸੇ ਕਾਰਨ ਇਹ ਕੁਦਰਤ ਨੂੰ ਸਵੀਕਾਰ ਹੈ, ਹਾਲਾਂਕਿ ਸੈਕਸ ਬਿਨਾਂ ਵੀ ਜੀਵ ਪ੍ਰਜਣਨ ਦੇ ਵੀ ਯੋਗ ਹਨ। ਸੈਕਸ-ਰਹਿਤ ਪ੍ਰਜਣਨ ਆਪਣੇ ਆਪ 'ਚ ਅਤਿ ਸਰਲ ਪ੍ਰਕ੍ਰਿਆ ਹੈ ਜਿਸ ਲਈ ਦੋ ਜੀਵਾਂ ਦੇ ਇੱਕ ਥਾਂ ਇਕੱਠੇ ਹੋਣ ਦੀ ਵੀ ਲੋੜ ਨਹੀਂ। ਫਿਰ ਵੀ ਕੁਦਰਤ 'ਚ ਨਰ ਅਤੇ ਮਦੀਨ ਦੁਆਰਾ ਪ੍ਰਜਣਨ ਨੂੰ ਤਰਜੀਹ ਮਿਲੀ ਅਤੇ ਰੁੱਖ-ਬੂਟਿਆਂ 'ਚ ਅਤੇ ਪ੍ਰਾਣੀਆਂ 'ਚ ਪ੍ਰਜਣਨ ਦਾ ਇਹੋ ਸਾਧਨ ਸੁਤੇ-ਸਿੱਧ ਵਿਕਸਿਤ ਹੁੰਦਾ ਰਿਹਾ। ਪਰ ਕਿਉਂ?

ਇੱਕ ਜੀਵ ਦੁਆਰਾ ਉਪਜੀ ਸੰਤਾਨ ਇੱਕੋ ਜਿਹੀਆਂ ਵਿਸ਼ੇਸ਼ਤਾਵਾਂ ਦੀ ਮਾਲਿਕ ਬਣ ਜਾਂਦੀ ਹੈ। ਇਸ ਪ੍ਰਜਣਨ ਦੁਆਰਾ ਉਪਜੇ ਜੀਵ ਇੱਕ ਦੂਜੇ ਜਿਹੇ ਹੋਣ ਕਰਕੇ, ਅਢੁਕਵੀਂ ਸਥਿਤੀ ਦੌਰਾਨ, ਸਾਰੇ ਇਕਸਾਰ ਅਣਸੁਖਾਵੇਂ ਢੰਗ ਨਾਲ ਪ੍ਰਭਾਵਿਤ ਹੋ ਕੇ ਕ੍ਰਿਆਸ਼ੀਲਤਾ ਗੁਆ ਬੈਠਦੇ ਹਨ। ਪ੍ਰਤੀਕੂਲ ਵਿਵਸਥਾਵਾਂ ਨਾਲ ਨਿਪਟਣ ਯੋਗ ਨਾ ਹੋਣ ਕਰਕੇ ਅਜਿਹੀ ਨਸਲ ਦਾ ਬਹੁਤੀ ਦੇਰ ਬਣਿਆ ਰਹਿਣਾ ਸੰਭਵ ਨਹੀਂ। ਇਕਸਾਰ ਵਿਸ਼ੇਸ਼ਤਾਵਾਂ ਵਾਲੀ ਸਮੁੱਚੀ ਜੀਵ-ਵਸੋਂ ਦਾ ਸਫਾਇਆ ਕਰਨ ਲਈ ਇੱਕ ਰੋਗ ਉਪਜਾਊ ਕੀਟ ਜਾਂ ਕੀਟਾਣੂ ਹੀ ਕਾਫ਼ੀ ਹੁੰਦਾ ਹੈ। ਪਰ ਅਜਿਹਾ, ਕੁਝ ਦੋ ਜੀਵਾਂ ਦੇ ਸਹਿਵਾਸ ਤੋਂ ਉਪਜੀ ਸੰਤਾਨ ਨਾਲ ਵਾਪਰਨ ਦੀ ਸੰਭਾਵਨਾ ਨਹੀਂ।

ਅੱਜ ਸੰਸਾਰ ਵਿੱਚ ਵਿਚਰ ਰਹੇ ਸੱਤ ਅਰਬ ਦੇ ਲਗਪਗ ਵਿਅਕਤੀਆਂ ਦੇ ਕੱਦ-ਕਾਠ, ਮੂੰਹ-ਮੁਹਾਂਦਰੇ ਅਤੇ ਸੁਭਾਅ ਜੇ ਭਿੰਨ-ਭਿੰਨ ਹਨ ਅਤੇ ਜਿਨ੍ਹਾਂ 'ਚੋਂ ਹਰ ਇੱਕ ਵਿਅਕਤੀ ਜੇ ਵੱਖ ਵੱਖ ਪਛਾਣਿਆ ਜਾ ਸਕਦਾ ਹੈ ਤਾਂ ਇਹ ਸਾਡੇ ਸੰਤਾਨ ਉਪਜਾਉਣ ਲਈ ਸੈਕਸ ਆਧਾਰਿਤ ਪ੍ਰਕਿਰਿਆ ਉਪਰ ਨਿਰਭਰ ਹੋਣ ਦਾ ਸਿੱਟਾ ਹੈ। ਪਰ ਸਾਡੇ ਲਈ ਇਹ ਅਨੁਮਾਨ ਲਾ ਸਕਣਾ ਸੰਭਵ ਨਹੀਂ ਕਿ ਇਸ ਪ੍ਰਕਿਰਿਆ ਦੁਆਰਾ ਉਪਜੀ ਸੰਤਾਨ ਦੇ ਕਿਹੋ ਜਿਹੇ ਨੈਣ-ਨਕਸ਼ ਹੋਣਗੇ ਅਤੇ ਉਸ ਦਾ ਕਿਹੋ ਜਿਹਾ ਸੁਭਾਅ ਹੋਵੇਗਾ। ਇਸੇ ਪ੍ਰਸੰਗ ਵਿੱਚ ਸਾਹਿਤ ਜਗਤ ਦੀ ਇੱਕ ਮਸ਼ਹੂਰ ਘਟਨਾ ਸਾਂਝੀ ਕਰਨੀ ਵਾਜਬ ਜਾਪਦੀ ਹੈ।

ਇੱਕ ਪਾਰਟੀ 'ਚ ਜਾਰਜ ਬਰਨਾਰਡ ਸ਼ਾਅ ਦੀ ਮੁਲਾਕਾਤ ਮਨਮੋਹਣੀ ਸੂਰਤ ਵਾਲੀ ਐਕਟਰਸ ਨਾਲ ਹੋਈ। ਮੁਲਾਕਾਤ ਦੌਰਾਨ ਯੁਵਤੀ ਨੇ ਸ਼ਾਅ ਅੱਗੇ ਤਜਵੀਜ਼ ਰੱਖੀ: "ਤੁਸੀਂ ਅਤੇ ਮੈਂ ਕਿਉਂ ਨਾ ਦੰਪਤੀ ਜੀਵਨ 'ਚ ਬੱਝ ਜਾਈਏ?" ਸ਼ਾਅ ਨੇ ਜਦ ਪੁੱਛਿਆ ਕਿ ਅਜਿਹਾ ਵਿਚਾਰ ਉਸ ਦੇ ਮਨ 'ਚ ਕਿਉਂ ਆਇਆ ਤਾਂ ਉਸ ਦਾ ਉੱਤਰ ਸੀ: "ਸਾਡੇ ਬੱਚੇ ਕਿੰਨੇ ਸੁਭਾਗੇ ਹੋਣਗੇ ਜਿਨ੍ਹਾਂ ਨੂੰ ਤੁਹਾਡਾ ਦਿਮਾਗ਼ ਅਤੇ ਮੇਰੀ ਸ਼ਕਲ ਵਿਰਸੇ 'ਚ ਮਿਲਣਗੇ।"

ਸ਼ਾਅ ਨੇ ਪਰਤ ਕੇ ਕਿਹਾ: "ਦੇਵੀ ਜੀ, ਜੇਕਰ ਇਸ ਦੇ ਉਲਟ ਹੋ ਗਿਆ, ਤਾਂ?"

ਸ਼ਾਅ ਸਹੀ ਸੀ। ਜੀਨਾਂ ਨੂੰ ਫੈਂਟ ਕੇ ਏਧਰ-ਓਧਰ ਕਰਨ 'ਚ ਸੈਕਸ ਨਿਪੁੰਨ ਹੈ। ਨਿਰਸੰਦੇਹ ਵਿਸ਼ੇਸ਼ਤਾਵਾਂ ਜੀਨ ਹੀ ਉਪਜਾਉਂਦੇ ਹਨ, ਪਰ ਇਹ ਜ਼ਰੂਰੀ ਨਹੀਂ ਕਿ ਇਹ ਸਹੀ ਤੇ ਬੱਝਵੀਂ ਮਿਕਦਾਰ ਵਿੱਚ ਹੋਣ। ਇਸੇ ਲਈ ਨਾ ਅਕਬਰ ਦੀ ਸੰਤਾਨ 'ਚ ਅਕਬਰ ਦੇ ਗੁਣ ਸਨ ਅਤੇ ਨਾ ਔਰੰਗਜ਼ੇਬ 'ਚ ਸ਼ਾਹਜਹਾਂ ਦੇ। ਚਰਚਿਲ ਅਤੇ ਆਇੰਸਟਾਈਨ ਦੀਆਂ ਵਿਸ਼ੇਸ਼ਤਾਵਾਂ ਵੀ ਉਨ੍ਹਾਂ ਦੀ ਸੰਤਾਨ 'ਚ ਨਜ਼ਰ ਨਹੀਂ ਸਨ ਆਈਆਂ। ਇਸਤਰੀ ਅਤੇ ਪੁਰਸ਼ ਦੇ ਜੀਨਾਂ ਦੇ ਆਪਸ 'ਚ ਇਕ-ਮਿਕ ਹੋਣ ਤੋਂ ਪਹਿਲਾਂ ਹੀ ਪ੍ਰਜਣਨ ਸੈੱਲਾਂ ਭਾਵ ਸ਼ੁਕਰਾਣੂ ਅਤੇ ਅੰਡੇ ਦੀ ਉਪਜ ਸਮੇਂ ਇਨ੍ਹਾਂ ਨੂੰ ਨਵੀਂ ਵਿਉਂਤ ਅਰਪਣ ਹੋ ਜਾਂਦੀ ਹੈ। ਪਰ, ਕਿਵੇਂ? ਕ੍ਰੋਮੋਸੋਮ ਜੋੜਿਆਂ 'ਚ ਵਿਚਰ ਰਹੇ ਹਨ ਅਤੇ ਇਨ੍ਹਾਂ 'ਚ ਨਿਵਾਸ ਕਰ ਰਹੇ ਜੀਨ ਵੀ ਜੋੜਿਆਂ 'ਚ ਹੀ ਵਿਚਰ ਰਹੇ ਹਨ। ਜੋੜੇ ਦੇ ਦੋਵੇਂ ਨਹੀਂ, ਸਿਰਫ਼ ਇੱਕ ਕ੍ਰੋਮੋਸੋਮ ਸ਼ੁਕਰਾਣੂ ਜਾਂ ਅੰਡੇ ਦੇ ਹਿੱਸੇ ਆਉਂਦਾ ਹੈ ਅਤੇ ਜੀਨਾਂ ਪ੍ਰਤੀ ਵੀ ਇਹੋ ਸਥਿਤੀ ਹੈ। ਸ਼ੁਕਰਾਣੂ ਜਾਂ ਅੰਡੇ 'ਚ ਪ੍ਰਵੇਸ਼ ਕਰਨ ਲਈ ਜੋੜਿਆਂ 'ਚ ਜੁੜੇ ਕ੍ਰੋਮੋਸੋਮ ਜਦੋਂ ਇੱਕ ਦੂਜੇ ਨਾਲੋਂ ਵੱਖ ਹੋਣ ਲੱਗਦੇ ਹਨ ਤਾਂ ਇਹ ਆਪਸ 'ਚ ਕੁਝ ਜੀਨਾਂ ਦਾ ਇੱਕ ਦੂਜੇ ਨਾਲ ਵਟਾਂਦਰਾ ਕਰ ਲੈਂਦੇ ਹਨ। ਇਹ ਵਟਾਂਦਰਾ ਉਘੜ-ਦੁਘੜਾ ਹੁੰਦਾ ਹੈ ਜਿਸ ਦੇ ਫਲਸਰੂਪ ਕ੍ਰੋਮੋਸੋਮਾਂ ਵਿੱਚ ਜੀਨ ਵੀ ਏਧਰ-ਓਧਰ ਖਿੰਡ ਜਾਂਦੇ ਹਨ ਅਤੇ ਇਨ੍ਹਾਂ ਦੀ ਪਹਿਲੀ ਵਿਉਂਤ ਭੰਗ ਹੋ ਜਾਂਦੀ ਹੈ। ਜੀਨਾਂ ਦੀ ਵੰਨਗੀ ਅਤੇ ਵਿਉਂਤ 'ਚ ਬਦਲਾਓ ਆ ਜਾਣ ਕਾਰਨ ਕ੍ਰੋਮੋਸੋਮ ਵੀ ਪਹਿਲਾਂ ਜਿਹੇ ਨਹੀਂ ਰਹਿੰਦੇ, ਇਹ ਨਵਾਂ ਰੂਪ ਧਾਰਨ ਕਰ ਲੈਂਦੇ ਹਨ। ਸ਼ੁਕਰਾਣੂ ਅਤੇ ਅੰਡੇ ਦਾ ਮਿਲਾਪ ਹੋ ਜਾਣ ਉਪਰੰਤ, ਨਿਸ਼ੇਚੇ ਅੰਡੇ ਨੂੰ ਹੁਣ ਜਿਹੜੇ ਕ੍ਰੋਮੋਸੋਮ ਵਿਰਸੇ 'ਚ ਮਿਲਦੇ ਹਨ, ਉਹ ਮਾਂ ਅਤੇ ਪਿਓ ਦੇ ਕ੍ਰੋਮੋਸੋਮਾਂ ਨਾਲੋਂ ਕੁਝ ਕੁ ਵੱਖਰੇ ਹੁੰਦੇ ਹਨ। ਇਨ੍ਹਾਂ 'ਚ ਹੁਣ ਨਵੇਂ ਜੀਨ ਸੰਮਿਲਤ ਹੋ ਜਾਣ ਕਰਕੇ ਇਨ੍ਹਾਂ ਵਿੱਚ ਜੀਨ ਵੱਖਰੀ ਤਰ੍ਹਾਂ ਵਿਉਂਤਬੱਧ ਹੋ ਜਾਂਦੇ ਹਨ। ਜਦੋਂ ਵੀ ਪ੍ਰਜਣਨ ਸੈੱਲ ਉਪਜਦੇ ਹਨ ਤਾਂ ਹਰ ਵਾਰ ਕ੍ਰੋਮੋਸੋਮ ਆਪਸ 'ਚ ਜੀਨ ਵਟਾ ਲੈਂਦੇ ਰਹਿੰਦੇ ਹਨ ਅਤੇ ਜੀਨਾਂ ਨੂੰ ਪਹਿਲਾਂ ਨਾਲੋਂ ਭਿੰਨ ਵਿਉਂਤ ਮਿਲ ਜਾਂਦੀ ਹੈ। ਇਹੋ ਕਾਰਨ ਹੈ ਕਿ ਇੱਕੋ ਵਿਆਹੁਤਾ ਜੋੜੇ ਦੀ ਸੰਤਾਨ ਇਕਸਾਰ ਵਿਸ਼ੇਸ਼ਤਾਵਾਂ ਸਹਿਤ ਜਨਮ ਨਹੀਂ ਲੈਂਦੀ।



ਡਾਰਵਿਨ ਨੂੰ ਨਾ ਕ੍ਰੋਮੋਸੋਮਾਂ ਦੀ ਸਮਝ ਸੀ ਅਤੇ ਨਾ ਜੀਨਾਂ ਬਾਰੇ ਅਨੁਭਵ ਸੀ। ਇਨ੍ਹਾਂ ਦੀ ਹੋਂਦ ਅਤੇ ਕਿਰਿਆ ਬਾਰੇ ਹਾਲੇ ਜਾਣਕਾਰੀ ਮਿਲਣੀ ਸੀ। ਫਿਰ ਵੀ ਉਹ ਪਹਿਲਾ ਵਿਚਾਰਵਾਨ ਵਿਗਿਆਨੀ ਸੀ ਜਿਸ ਨੇ ਸਹਿਵਾਸ ਦਾ ਮਹੱਤਵ ਪਛਾਣਿਆ। ਉਸ ਦਾ ਵਿਚਾਰ ਸੀ ਕਿ ਦੋ ਅਸਬੰਧਿਤ ਵਿਅਕਤੀਆਂ ਦੇ ਸਹਿਵਾਸ ਤੋਂ ਜਨਮੀ ਸੰਤਾਨ ਤੰਦਰੁਸਤ ਅਤੇ ਅਰੋਗ ਉਪਜਦੀ ਹੈ ਅਤੇ ਜਿਹੜੀ ਦੁਆਲੇ ਅਨੁਕੂਲ ਵੱਧ ਢਲਣ ਯੋਗ ਵੀ ਹੁੰਦੀ ਹੈ। ਡਾਰਵਿਨ ਨੇ ਸੈਕਸ ਨੂੰ ਭਿੰਨਤਾਵਾਂ ਦਾ ਸਰੋਤ ਸਮਝਿਆ ਅਤੇ ਇਸ ਨੂੰ ਜੀਵ-ਵਿਕਾਸ ਦਾ ਸੰਚਾਲਕ ਮੰਨਿਆ। ਜਰਮਨ ਵਿਗਿਆਨੀ ਵੀਜ਼ਮਾਨ ਨੇ ਵੀ ਡਾਰਵਿਨ ਦੇ ਵਿਚਾਰ ਦੀ ਪੁਸ਼ਟੀ ਉਦਾਹਰਣਾਂ ਸਹਿਤ ਕੀਤੀ। ਉਸ ਦਾ ਕਹਿਣਾ ਸੀ ਕਿ ਸਹਿਵਾਸ ਦੁਆਰਾ ਉਪਜਾਈਆਂ ਜਾ ਰਹੀਆਂ ਭਿੰਨ ਭਿੰਨ ਵਿਸ਼ੇਸ਼ਤਾਵਾਂ 'ਚੋਂ ਲਾਭਦਾਇਕ ਦੀ ਸੰਭਾਲ ਕੁਦਰਤ ਕਰਦੀ ਰਹਿੰਦੀ ਹੈ ਅਤੇ ਹਾਨੀਕਾਰਕ ਵਿਸ਼ੇਸ਼ਤਾਵਾਂ ਨਜ਼ਰਅੰਦਾਜ਼ ਹੋ ਜਾਣ ਕਾਰਨ ਆਪਣੇ ਆਪ ਛੰਡੀਆਂ ਜਾਂਦੀਆਂ ਹਨ। ਇਸ ਪ੍ਰਕਾਰ ਜੀਵ-ਨਸਲਾਂ ਬੀਤਦੇ ਸਮੇਂ ਨਾਲ ਸੁਧਰਦੀਆਂ ਰਹਿੰਦੀਆਂ ਹਨ।

ਅਫ਼ਰੀਕਾ ਦੇ ਕੌਂਗੋ ਖੇਤਰ 'ਚ ਦੋ ਰੋਗ ਆਮ ਹਨ। ਇਨ੍ਹਾਂ 'ਚੋਂ ਇੱਕ ਹੈ ਰਕਤ ਰੋਗ, ਸਿਕਲ-ਸੈੱਲ ਅਨੀਮੀਆ, ਜਿਸ ਨੂੰ ਜੀਨ ਉਪਜਾਉਂਦੇ ਹਨ। ਇਸ ਰੋਗ ਦੇ ਰੋਗੀ ਦੇ ਲਹੂ ਅੰਦਰਲੇ ਸੂਹੇ-ਸੈੱਲ ਪਿਚਕ ਕੇ ਦਾਤਰੀ ਵਾਂਗ ਕੁੱਬੇ ਹੋ ਜਾਂਦੇ ਹਨ ਅਤੇ ਇਹ ਆਪਣੀ ਕਿਰਿਆ ਨਿਭਾਉਣ 'ਚ ਨਿਪੁੰਨ ਨਹੀਂ ਰਹਿੰਦੇ। ਉਸ ਵਿਅਕਤੀ ਦਾ ਇਸ ਰੋਗ ਦੀ ਰੋਗੀ ਬਣ ਜਾਣਾ ਨਿਸ਼ਚਿਤ ਹੈ ਜਿਸ ਨੂੰ ਦੋਵੇਂ ਰੋਗ-ਉਪਜਾਊ ਜੀਨ ਵਿਰਸੇ 'ਚ ਮਿਲ ਜਾਂਦੇ ਹਨ। ਕੌਂਗੋ ਵਿੱਚ ਮੱਛਰਾਂ ਦੀ ਵੀ ਭਰਮਾਰ ਹੈ ਜਿਸ ਕਾਰਨ ਇੱਥੇ ਮਲੇਰੀਆ ਵੀ ਆਮ ਹੈ। ਜਿਨ੍ਹਾਂ ਨੂੰ ਦੋਵੇਂ ਸੁਅਸਥ ਜੀਨ ਵਿਰਸੇ 'ਚ ਮਿਲ ਜਾਂਦੇ ਹਨ, ਉਨ੍ਹਾਂ ਦੇ ਸੂਹੇ ਸੈੱਲਾਂ 'ਚ ਮਲੇਰੀਏ ਦੇ ਪ੍ਰਜੀਵ ਸਹਿਲ ਪ੍ਰਵੇਸ਼ ਕਰ ਜਾਂਦੇ ਹਨ। ਜਿਹੜੇ ਕੌਂਗੋ ਨਿਵਾਸੀ ਸਿਕਲ-ਸੈੱਲ ਅਨੀਮੀਆ ਨਹੀਂ ਸਹੇੜਦੇ, ਉਨ੍ਹਾਂ 'ਚੋਂ ਕਈ ਮਲੇਰੀਏ ਦਾ ਸ਼ਿਕਾਰ ਹੋ ਜਾਂਦੇ ਹਨ। ਪਰ ਕੌਂਗੋ ਵਿੱਚ ਅਜਿਹੇ ਵਿਅਕਤੀ ਵੀ ਹਨ ਜਿਹੜੇ ਅਰੋਗ ਜੀਵਨ ਭੋਗ ਰਹੇ ਹਨ। ਇਹ ਉਹ ਵਿਅਕਤੀ ਹਨ ਜਿਨ੍ਹਾਂ ਨੂੰ ਇੱਕ ਸਿਕਲ-ਸੈੱਲ ਰੋਗ ਉਪਜਾਊ ਅਤੇ ਇੱਕ ਸੁਅਸਥ ਜੀਨ ਵਿਰਸੇ 'ਚ ਮਿਲੇ ਹੋਏ ਹਨ। ਇਹ ਵਿਅਕਤੀ ਨਾ ਤਾਂ ਸਿਕਲ-ਸੈੱਲ ਰੋਗ ਸਹੇੜਦੇ ਹਨ ਅਤੇ ਨਾ ਮਲੇਰੀਆ। ਇਨ੍ਹਾਂ 'ਚ ਸੂਹੇ ਸੈੱਲਾਂ ਦੀ ਨੁਹਾਰ ਬਦਲਦੀ ਤਾਂ ਨਹੀਂ, ਪਰ ਇਨ੍ਹਾਂ ਦੀ ਬਾਹਰਲੀ ਪਰਤ ਇੰਨੀ ਸਖ਼ਤ ਹੋ ਜਾਂਦੀ ਹੈ ਜਿਸ ਵਿਚਦੀ ਮਲੇਰੀਏ ਦੇ ਪ੍ਰਜੀਵ ਪਾਰ ਹੋ ਕੇ ਅੰਦਰ ਪ੍ਰਵੇਸ਼ ਨਹੀਂ ਕਰ ਸਕਦੇ। ਅਜਿਹਾ ਸਹਿਵਾਸ ਆਧਾਰਿਤ ਪ੍ਰਜਣਨ ਕਾਰਨ ਸੰਭਵ ਹੋਇਆ ਹੈ। ਸਿਰਫ਼ ਅਸੀਂ ਹੀ ਸਹਿਵਾਸ ਤੋਂ ਪ੍ਰਭਾਵਿਤ ਨਹੀਂ ਹੋ ਰਹੇ, ਜੀਵ-ਸੰਸਾਰ ਵਿੱਚ ਵੀ ਸੈਕਸ ਦਾ ਪ੍ਰਭਾਵ ਚੁਫ਼ੇਰੇ ਨਜ਼ਰ ਆ ਰਿਹਾ ਹੈ। ਨਾ ਮੋਰ ਆਪਣੇ ਰੰਗੀਲੇ ਖੰਭਾਂ ਦੀ ਥਿਰਕਵੀਂ ਪ੍ਰਦਰਸ਼ਨੀ ਬਿਨਾਂ ਕਾਰਨੋਂ ਕਰ ਰਹੇ ਹਨ ਅਤੇ ਨਾ ਹੀ ਪੰਛੀ ਬਿਨਾਂ ਕਾਰਨੋਂ ਸੁਰੀਲੇ ਸੁਰ ਆਲਾਪ ਰਹੇ ਹਨ। ਇਹ ਆਪਣੀ ਉਮਰ ਲੰਬੀ ਕਰਨ ਲਈ ਅਜਿਹਾ ਨਹੀਂ ਕਰ ਰਹੇ ਅਤੇ ਨਾ ਹੀ ਸਾਨੂੰ ਭਰਮਾਉਣ ਲਈ ਅਜਿਹਾ ਕਰ ਰਹੇ ਹਨ। ਇਹ ਮਾਦਾ ਸਾਥੀ ਨੂੰ ਮੋਹਿਤ ਕਰਨ ਲਈ ਅਜਿਹਾ ਕੁਝ ਕਰਦੇ ਰਹਿੰਦੇ ਹਨ। ਉਧਰ, ਫੁੱਲ ਵੀ ਜੇਕਰ ਅਰਾਇਸ਼ੀ ਨੁਹਾਰ ਅਤੇ ਚਟਕੀਲੇ ਰੰਗਾਂ ਦੀ ਪ੍ਰਦਰਸ਼ਨੀ ਕਰ ਰਹੇ ਹਨ ਅਤੇ ਸੁਗੰਧੀਆਂ ਹਵਾ 'ਚ ਖਿਲਾਰ ਰਹੇ ਹਨ ਤਾਂ ਇਹ ਵੀ ਬਿਨਾਂ ਕਾਰਨੋਂ ਅਜਿਹਾ ਨਹੀਂ ਕਰ ਰਹੇ। ਇਹ ਵੀ ਪਰਾਗਣ ਦੀ ਪ੍ਰਕਿਰਿਆ ਪੂਰੀ ਕਰਨ ਲਈ ਕੀਟਾਂ-ਪਤੰਗਿਆਂ ਅਤੇ

(ਬਾਕੀ ਸਫਾ 22 'ਤੇ)




COLUMBIA PARTNERS

REAL ESTATE

DILBAG SINGH

Broker Lic # 74416

CBA MLS

ਘਰ, ਮੋਟਲ, ਬਿਜ਼ਨੈਸ, ਗੈਸ ਸਟੇਸ਼ਨ, ਸ਼ਾਪਿੰਗ ਮਾਲ ਜਾਂ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਸੱਲੀਬਖਸ਼ ਸੇਵਾਵਾਂ ਲਈ ਸੰਪਰਕ ਕਰੋ-

DILBAG SINGH

DIRECT: (206) 841-4132, OFFICE: (206) 588-2559

FAX: (206) 299-9199

EMAIL: dilbagbains@yahoo.com

8221 5th Ave NE Seattle WA 98115






ਮਰਦਾਨਾ ਕਮਜ਼ੋਰੀ

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ

E-mail:- shweat077@yahoo.com
www.surajvanshipharmacy.com

ਅਸਰ 3 ਦਿਨਾਂ ਤੋਂ ਸ਼ੁਰੂ

ਬੁਢਾਪੇ 'ਚ ਜਵਾਨੀ ਮਾਣੋ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ: 59/AY/PB.

ਸੈਕਸ ਵਿਚ ਭਰਪੂਰ ਜੋਸ਼ ਅਤੇ ਮਨਚਾਹਾ ਟਾਈਮ

ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਹਰ ਉਮਰ 'ਚ ਹਾਸਲ ਕਰੋ

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ, ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਸਿਹਤ ਬਣਾਓ

ਵਾਲ ਝੜਨਾ ਜਾਂ ਸਫੈਦ ਹੋਣਾ

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi +91-98155-33933

# ਸੰਪਾਦਕੀ

## ਮੀਡੀਆ ਤੇ ਗੰਭੀਰ ਖਤਰੇ

ਹਾਲ ਹੀ ਵਿਚ ਅਮਰੀਕਾ ਦੇ ਮੈਰੀਲੈਂਡ ਸੂਬੇ ਵਿਚ ਸਥਿਤ ਐਨਾਪੋਲਿਸ ਸ਼ਹਿਰ ਵਿਚ ਇਕ ਅਖਬਾਰ ਦੇ ਦਫਤਰ ਤੇ ਗੋਲੀਬਾਰੀ ਕੀਤੀ ਗਈ, ਜਿਸ ਵਿਚ 5 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਕਈ ਜ਼ਖਮੀ ਹੋ ਗਏ। ਇਸ ਨੂੰ ਇਕ ਵਾਰ ਫਿਰ ਮੀਡੀਆ ਦੀ ਆਜਾਦੀ 'ਤੇ ਹਮਲੇ ਵਜੋਂ ਦੇਖਿਆ ਜਾ ਰਿਹਾ ਹੈ ਅਤੇ ਨਾਲ ਹੀ ਅਮਰੀਕਾ ਵਿਚ ਹਥਿਆਰਾਂ ਦੇ ਵਧਦੇ ਰੁਝਾਨ ਬਾਰੇ ਫਿਰ ਚਰਚਾ ਆਰੰਭ ਹੋ ਗਈ ਹੈ। ਵਾਸ਼ਿੰਗਟਨ ਤੋਂ ਇਕ ਘੰਟੇ ਦੀ ਦੂਰੀ 'ਤੇ ਸਥਿਤ ਐਨਾਪੋਲਿਸ ਸ਼ਹਿਰ ਵਿਚ ਵਾਪਰੀ ਇਸ ਘਟਨਾ ਦੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸਮੇਤ ਸਾਰੇ ਅਮਰੀਕਾ ਨੇ ਨਿੰਦਾ ਕੀਤੀ ਹੈ। ਬਾਲਟੀਮੋਰ ਸੰਨ ਮੀਡੀਆ ਗਰੁੱਪ ਦੇ ਰੋਜ਼ਾਨਾ ਅਖਬਾਰ 'ਕੈਪੀਟਲ ਗਜ਼ਟ'ਦੇ ਦਫਤਰ ਦੇ ਨਿਊਜ਼ ਰੂਮ ਵਿਚ ਰੋਜ਼ਾਨਾ ਦੀ ਤਰ੍ਹਾਂ ਕੰਮ ਹੋ ਰਿਹਾ ਸੀ ਕਿ ਇਕ ਲੰਮੀ ਦਾੜ੍ਹੀ ਤੇ ਵਾਲਾਂ ਵਾਲਾ ਇਕ ਵਿਅਕਤੀ ਜਾਰੋਡ ਰਾਮੋਸ ਬੰਦੂਕ ਲੈ ਕੇ ਅੰਦਰ ਵੜ ਆਇਆ ਅਤੇ ਅੰਨ੍ਹੇਵਾਹ ਫਾਇਰਿੰਗ ਆਰੰਭ ਕਰ ਦਿੱਤੀ। ਪੁਲਿਸ ਨੇ ਇਸ ਹਥਿਆਰਬੰਦ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਅਸਲ ਵਿਚ ਇਯ ਅਖਬਾਰ ਲਈ ਕਾਲਮ ਲਿਖਣ ਵਾਲੇ ਏਰਿਕ ਹਾਰਟਲੇ ਨੇ ਇਕ ਵਾਰੀ ਜਾਰੌਡ ਰਾਮੌਸ ਬਾਰੇ ਲਿਖਿਆ ਸੀ ਕਿ ਉਸ ਨੇ ਫੇਸਬੁੱਕ 'ਤੇ ਇਕ ਔਰਤ ਨੂੰ ਅਸ਼ਲੀਲ ਨਾਵਾਂ ਨਾਲ ਬੁਲਾਇਆ ਸੀ ਅਤੇ ਔਰਤ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਸਨ। ਉਹ ਆਪਣੇ ਖਿਲਾਫ ਖਬਰ ਛਪਣ ਤੋਂ ਨਰਾਜ ਸੀ ਤੇ ਉਸ ਨੇ 2012 ਵਿਚ ਅਖਬਾਰ 'ਤੇ ਮਾਣਹਾਨੀ ਦਾ ਕੇਸ ਕਰ ਦਿੱਤਾ ਸੀ। 2015 ਵਿਚ ਅਦਾਲਤ ਨੇ ਉਸ ਨੂੰ ਅਪਰਾਧਿਕ ਸ਼ੋਸ਼ਣ ਦਾ ਦੋਸ਼ੀ ਪਾਇਆ ਸੀ ਅਤੇ ਅਖਬਾਰ ਦੇ ਪੱਖ ਵਿਚ ਫੈਸਲਾ ਸੁਣਾਇਆ ਸੀ। ਇਸ ਤੋਂ ਬਾਅਦ ਇਹ ਵਿਅਕਤੀ ਅਖਬਾਰ ਨੂੰ ਲਗਾਤਾਰ ਧਮਕੀਆਂ ਦੇ ਰਿਹਾ ਸੀ। ਧਮਕੀਆਂ ਨੂੰ ਅਮਲੀ ਰੂਪ ਦਿੰਦੇ ਹੋਏ ਰਾਮੋਸ ਨੇ ਅਖਬਾਰ ਦੇ ਦਫਤਰ ਤੇ ਹਮਲਾ ਕਰ ਦਿੱਤਾ।

ਅਮਰੀਕਾ ਵਿਚ ਅਜਿਹੀ ਕਿਸਮ ਦੀ ਪਹਿਲੀ ਘਟਨਾ ਨਹੀਂ ਹੈ, ਜਦੋਂ ਕਿਸੇ ਸਿਰਫਿਰੇ ਵਿਅਕਤੀ ਨੇ ਬੰਦੂਕ ਲੈ ਕੇ ਕਈ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੋਵੇ। ਇਸ ਤੋਂ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਹੁੰਦੀਆਂ ਰਹੀਆਂ ਹਨ। ਇਸੇ ਸਾਲ ਫਰਵਰੀ ਵਿਚ ਫਲੋਰੀਡਾ ਦੇ ਇਕ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿਚ 17 ਵਿਅਕਤੀ ਮਾਰੇ ਗਏ ਸਨ। ਦਸੰਬਰ 2017 ਵਿਚ ਇਕ ਸੰਗੀਤ ਸਮਾਗਮ ਮੌਕੇ ਚੱਲੀ ਗੋਲੀ ਵਿਚ 59 ਵਿਅਕਤੀ ਮਾਰੇ ਗਏ ਸਨ ਅਤੇ 527 ਵਿਅਕਤੀ ਜ਼ਖਮੀ ਹੋਏ ਸਨ।ਜੂਨ 2016 ਵਿਚ ਇਕ ਨਾਈਟ ਕਲੱਬ ਵਿਚ ਗੋਲੀ ਚੱਲਣ ਕਾਰਨ 49 ਵਿਅਕਤੀ ਮਾਰੇ ਗਏ ਸਨ। ਅਮਰੀਕਾ ਵਿਚ ਹੁੰਦੀਆਂ ਅਜਿਹੀਆਂ ਘਟਨਾਵਾਂ ਪੂਰੀ ਦੁਨੀਆਂ ਵਿਚ ਚਿੰਤਾ ਦਾ ਵਿਸ਼ਾ ਹਨ। ਇਸ ਲਈ ਅਮਰੀਕਾ ਦੇ ਗੰਨ ਕਲਚਰ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਅਮਰੀਕਾ ਵਿਚ ਇਸ ਕਲਚਰ ਦੇ ਖਿਲਾਫ ਵੀ ਬਹੁਤ ਲੋਕ ਬੋਲਦੇ ਹਨ ਪਰ ਇਸਦਾ ਪੱਖ ਪੂਰਨ ਵਾਲੇ ਵੀ ਬਹੁਤ ਹਨ, ਇਸ ਕਰਕੇ ਸਰਕਾਰ ਕੋਈ ਕਾਰਗਰ ਕਦਮ ਨਹੀਂ ਚੁੱਕ ਪਾ ਰਹੀ ਹੈ। ਹੁਣ ਸਮਾਂ ਆ ਗਿਆ ਹੈ ਕਿ ਇਸ ਕਲਚਰ ਨੂੰ ਖਤਮ ਕਰਨ ਲਈ ਕੋਈ ਕਦਮ ਚੁੱਕਿਆ ਜਾਵੇ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536

36415 RUSCHIN DR.
NEWARK, CA 94560

Buta Ram joshi Staff Reporter,
Fresno 559-803-0055

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਦੁਨੀਆ ਦੇ ਸਾਰੇ ਦੇਸ਼ਾਂ ਨੂੰ ਠੇਸ ਪਹੁੰਚਾਏਗਾ 'ਵਪਾਰ ਯੁੱਧ'

ਇਹ ਤੀਜੀ ਸੰਸਾਰ ਜੰਗ ਨਹੀਂ ਹੈ ਪਰ ਇਸ ਦੇ ਨਤੀਜੇ ਗੰਭੀਰ ਹੋਣਗੇ ਅਤੇ ਇਨ੍ਹਾਂ ਨਾਲ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਠੇਸ ਲੱਗੇਗੀ। ਵਪਾਰ ਦੇ ਮੋਰਚੇ 'ਤੇ ਦੁਨੀਆ ਦਾ ਸਭ ਤੋਂ ਵੱਡਾ ਖਿਡਾਰੀ ਅਮਰੀਕਾ ਘਟੀਆਪਨ 'ਤੇ ਉਤਰ ਆਇਆ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਨੀਤੀ ਵਿਚ ਤਬਦੀਲੀ ਨਾਲ ਵਿਸ਼ਵ ਵਪਾਰ ਦੀ ਬੇੜੀ ਡੋਲਣ ਲੱਗ ਪਈ ਹੈ, ਜੋ ਦਹਾਕਿਆਂ ਤੋਂ ਸੁਰੱਖਿਆਵਾਦ ਦੇ ਤੱਟ ਤੋਂ ਪਰ੍ਹੇ ਸਥਿਰਤਾ ਨਾਲ ਤੈਰ ਰਹੀ ਸੀ।

ਵਿਸ਼ਵ ਵਪਾਰ ਦੇ ਸੰਦਰਭ 'ਚ ਅਮਰੀਕਾ ਗੈਰ-ਵਿਵਾਦਿਤ ਰੂਪ ਵਿਚ ਸਭ ਤੋਂ ਵੱਧ ਅਹਿਮ ਅਰਥ ਵਿਵਸਥਾ ਹੈ। ਵਿਸ਼ਵ ਵਪਾਰ ਵਿਚ ਇਸ ਦੀ ਹਿੱਸੇਦਾਰੀ (ਬਰਾਮਦ ਤੇ ਦਰਾਮਦ 'ਚ) ਕ੍ਰਮਵਾਰ 9.12 ਫੀਸਦੀ ਅਤੇ 13.88 ਫੀਸਦੀ ਹੈ। ਕਮਰਸ਼ੀਅਲ ਸੇਵਾਵਾਂ ਦੀ ਬਰਾਮਦ-ਦਰਾਮਦ ਵਿਚ ਇਸ ਦਾ ਹਿੱਸਾ ਕ੍ਰਮਵਾਰ 15.24 ਅਤੇ 10.27 ਫੀਸਦੀ ਹੈ। ਇਕ ਆਮ ਅੰਦਾਜ਼ੇ ਮੁਤਾਬਕ ਵਸਤੂਆਂ ਅਤੇ ਸੇਵਾਵਾਂ ਦੇ ਸੰਸਾਰਕ ਕਾਰੋਬਾਰ 'ਚ ਇਕ ਹੀ ਦੇਸ਼ ਦੀ ਹਿੱਸੇਦਾਰੀ ਇਕ-ਚੌਥਾਈ ਹੈ।

ਆਪਣੇ ਚੋਣ ਪ੍ਰਚਾਰ ਦੌਰਾਨ ਟਰੰਪ ਨੇ ਆਪਣੇ ਇਰਾਦੇ ਸਪੱਸ਼ਟ ਕਰ ਦਿੱਤੇ ਸਨ, ਇਸ ਲਈ ਅਮਰੀਕਾ ਦਾ ਸੁਰੱਖਿਆਵਾਦ ਵੱਲ ਜਾਣ ਦਾ ਫੈਸਲਾ ਨਾ ਤਾਂ ਅਚਾਨਕ ਹੈ ਅਤੇ ਨਾ ਅਣਕਿਆਸਾ।

### ਸਰਬਸੰਮਤੀ ਕੰਮ ਨਹੀਂ ਆਈ

ਅਜਿਹਾ ਨਹੀਂ ਹੈ ਕਿ ਅਮਰੀਕਾ ਦੇ ਹਾਲੀਆ ਫੈਸਲੇ ਤੋਂ ਪਹਿਲਾਂ ਵਪਾਰ ਪ੍ਰਣਾਲੀ ਵਿਚ ਸੁਰੱਖਿਆਵਾਦ ਨਹੀਂ ਸੀ। ਸਾਰੇ ਦੇਸ਼ ਚੋਣਵੀਆਂ ਵਸਤੂਆਂ 'ਤੇ ਚੋਣਵਾਂ ਸੁਰੱਖਿਆਵਾਦ ਲਾਗੂ ਕਰਦੇ ਸਨ, ਖਾਸ ਕਰਕੇ ਉਥੇ, ਜਿਥੇ ਮਜ਼ਬੂਤ ਸਥਾਨਕ ਹਿੱਤ ਸ਼ਾਮਲ ਹੁੰਦੇ ਸਨ, ਜਿਨ੍ਹਾਂ ਨੂੰ ਸੁਰੱਖਿਅਤ ਰੱਖਣ ਦੀ ਲੋੜ ਸੀ (ਸਵਦੇਸ਼ੀ ਲਾਬੀਆਂ)। ਹਾਲਾਂਕਿ ਇਕ ਆਮ ਸਰਬਸੰਮਤੀ ਸੀ ਕਿ ਸੁਰੱਖਿਆਵਾਦ ਇਕ ਚੰਗੀ ਚੀਜ਼ ਨਹੀਂ ਹੈ ਅਤੇ ਖੁੱਲ੍ਹੇ, ਮੁਕਤ ਵਪਾਰ ਦੇ ਰਾਹ ਵਿਚ ਇਕ ਰੁਕਾਵਟ ਹੈ।

ਅਮਰੀਕਾ ਦੇ ਘਟੀਆਪਨ (ਦੁਸ਼ਟਤਾ) ਵੱਲ ਜਾਣ ਦਾ ਅਰਥ ਹੈ ਕਿ ਉਹ ਉਸ ਚੀਜ਼ ਤੋਂ ਪਾਸੇ ਹਟ ਰਿਹਾ ਹੈ, ਜਿਸ ਨੂੰ ਸਵੀਕਾਰਨਯੋਗ ਮੰਨਿਆ ਜਾਂਦਾ ਸੀ। ਇਹ ਦੇਖਦੇ ਹੋਏ ਕਿ ਵਪਾਰ ਯੁੱਧ ਕਿਵੇਂ ਕੰਮ ਕਰਦਾ ਹੈ, ਸੁਰੱਖਿਆਵਾਦ ਛੇਤੀ ਹੀ ਇਕ ਨਿਯਮ ਬਣ ਜਾਵੇਗਾ ਅਤੇ ਦਹਾਕਿਆਂ ਤੋਂ ਨਿਯਮਾਂ ਦੇ ਆਧਾਰ 'ਤੇ ਸਥਾਪਿਤ ਵਪਾਰ ਵਿਵਸਥਾ ਸੰਕਟ ਵਿਚ ਪੈ ਸਕਦੀ ਹੈ। ਟੈਕਸਾਂ (ਡਿਊਟੀਜ਼) ਨੂੰ ਲੈ ਕੇ ਹਾਲੀਆ ਫੈਸਲੇ ਇਹ ਸੁਝਾਉਂਦੇ ਹਨ ਕਿ ਟਰੰਪ ਪੂਰੀ ਤਰ੍ਹਾਂ ਨਾਲ ਉਸ ਗੱਲ ਵਿਚ ਯਕੀਨ ਰੱਖਦੇ ਹਨ, ਜੋ ਉਨ੍ਹਾਂ ਨੇ ਟਵੀਟ ਕਰ ਕੇ ਜ਼ਾਹਿਰ ਕੀਤੀ ਸੀ ਕਿ "ਵਪਾਰ ਯੁੱਧ ਚੰਗੇ ਹਨ ਅਤੇ ਜਿੱਤਣ 'ਚ ਸੌਖੇ ਹਨ।" ਉਹ ਚੀਨ ਵਲੋਂ ਕਰੰਸੀ ਨਾਲ ਛੇੜਖਾਨੀ ਅਤੇ ਕੁਝ ਦੇਸ਼ਾਂ ਵਲੋਂ ਉੱਚੀਆਂ ਡਿਊਟੀਜ਼ ਲਾਉਣ (ਜਿਵੇਂ ਭਾਰਤ ਵਲੋਂ ਇੰਪੋਰਟਿਡ ਲਗਜ਼ਰੀ ਬਾਈਕਸ 'ਤੇ ਡਿਊਟੀ, ਕੈਨੇਡਾ ਵਲੋਂ ਡੇਅਰੀ ਉਤਪਾਦਾਂ 'ਤੇ ਡਿਊਟੀ ਆਦਿ) ਨੂੰ ਲੈ ਕੇ ਪ੍ਰੇਸ਼ਾਨ ਸਨ। ਟਰੰਪ ਦੀ ਮਾਨਤਾ ਦੇ ਉਲਟ ਇਤਿਹਾਸ ਅਤੇ ਤਜਰਬੇ ਸਾਨੂੰ ਦੱਸਦੇ ਹਨ ਕਿ ਵਪਾਰ ਯੁੱਧ ਨਾ ਤਾਂ ਚੰਗੇ ਹਨ ਅਤੇ ਨਾ ਹੀ ਆਸਾਨੀ ਨਾਲ ਜਿੱਤੇ ਜਾ ਸਕਦੇ ਹਨ। ਇਹ ਲੱਗਭਗ ਸਾਰੇ ਦੇਸ਼ਾਂ ਨੂੰ ਠੇਸ ਪਹੁੰਚਾਉਂਦੇ ਹਨ ਤੇ ਪੂਰੀ ਦੁਨੀਆ ਵਿਚ ਹਾਲਾਤ ਬਦਤਰ ਬਣਾ ਦਿੰਦੇ ਹਨ। ਮੌਜੂਦਾ ਵਪਾਰ ਯੁੱਧ ਅਮਰੀਕਾ ਤੇ ਚੀਨ ਵਿਚਾਲੇ ਕਾਰੋਬਾਰ ਵਿਚ ਅਸੰਤੁਲਨ ਨੂੰ ਲੈ ਕੇ ਸ਼ੁਰੂ ਹੋਇਆ (ਚੀਨ ਦਾ ਲਾਭ 2017 'ਚ 375 ਅਰਬ ਅਮਰੀਕੀ ਡਾਲਰ) ਅਤੇ ਅਜੇ ਤਕ ਪੂਰਨ ਯੁੱਧ 'ਚ ਨਹੀਂ ਬਦਲਿਆ। ਹਾਲਾਂਕਿ ਇਹ ਯੁੱਧ ਹੋਰਨਾਂ ਦੇਸ਼ਾਂ ਨੂੰ ਵੀ ਖਿੱਚ ਰਿਹਾ ਹੈ। ਅਮਰੀਕਾ ਅਤੇ ਚੀਨ, ਅਮਰੀਕਾ ਅਤੇ ਯੂਰਪ ਨੇ ਇਕ-ਦੂਜੇ ਦੀਆਂ ਦਰਾਮਦਸ਼ੁਦਾ ਚੀਜ਼ਾਂ 'ਤੇ ਟੈਕਸ (ਡਿਊਟੀਜ਼) ਵਧਾ ਦਿੱਤੇ ਹਨ।

### ਭਾਰਤ ਵੀ ਯੁੱਧ 'ਚ ਸ਼ਾਮਲ ਹੋਇਆ

ਭਾਰਤ ਦੀ ਸਟੀਲ ਤੇ ਐਲੂਮੀਨੀਅਮ ਦੀ ਬਰਾਮਦ ਵੀ ਇਸ 'ਕ੍ਰਾਸ ਫਾਇਰ' ਵਿਚ ਫਸ ਗਈ ਹੈ ਕਿਉਂਕਿ ਅਮਰੀਕਾ ਨੂੰ ਭਾਰਤ ਵਿਰੁੱਧ 23 ਅਰਬ ਡਾਲਰ ਦਾ ਵਪਾਰ ਘਾਟਾ ਪੈ ਰਿਹਾ ਸੀ। ਭਾਰਤ ਦੀ ਪ੍ਰਤੀਕਿਰਿਆ ਕੀ ਹੋਣੀ ਚਾਹੀਦੀ ਹੈ? ਭਾਰਤ ਨੇ ਅਮਰੀਕਾ 'ਤੇ ਪਹਿਲਾ ਵਾਰ ਦਸੰਬਰ 2017 ਵਿਚ ਕਈ ਉਤਪਾਦਾਂ 'ਤੇ ਟੈਕਸ ਵਧਾ ਕੇ ਕੀਤਾ ਸੀ, ਜੋ ਸਪੱਸ਼ਟ ਤੌਰ 'ਤੇ ਮਾਲੀਆ ਵਧਾਉਣ ਲਈ ਕੀਤਾ ਸੀ। ਮਾਲੀਏ ਲਈ ਉਤਾਵਲੀ ਸਰਕਾਰ ਨੇ 2017-18 ਦੇ ਬਜਟ ਵਿਚ ਹੋਰ ਜ਼ਿਆਦਾ ਉਤਪਾਦਾਂ 'ਤੇ ਟੈਕਸ ਵਧਾ ਦਿੱਤਾ। ਟਰੰਪ ਦੇ ਪਹਿਲਾਂ ਵਾਲੇ ਐਲਾਨਾਂ ਦੇ ਮੱਦੇਨਜ਼ਰ ਇਸ ਗੱਲ 'ਤੇ ਭਰੋਸਾ ਕਰਨਾ ਮੁਸ਼ਕਿਲ ਹੈ ਕਿ ਭਾਰਤ ਸਰਕਾਰ ਵਲੋਂ ਦਸੰਬਰ 2017 ਅਤੇ ਫਰਵਰੀ 2018 ਵਿਚ ਚੁੱਕੇ ਗਏ ਕਦਮ ਇਸ ਨਾਲ ਸਬੰਧਤ ਨਹੀਂ ਸਨ ਤੇ ਅਮਰੀਕਾ ਸਰਕਾਰ ਵਲੋਂ ਬਾਅਦ ਵਿਚ ਲਏ ਗਏ ਫੈਸਲੇ ਦੇ ਅਗਾਊਂ ਅੰਦਾਜ਼ੇ ਮੁਤਾਬਕ ਸਨ। ਮੈਨੂੰ ਡਰ ਹੈ ਕਿ ਹੁਣ ਦ੍ਰਿਸ਼ ਬਦਲ ਗਿਆ ਹੈ ਤੇ ਅਜਿਹਾ ਲੱਗਦਾ ਹੈ ਕਿ ਅਸੀਂ ਕਈ ਵਪਾਰ ਯੁੱਧਾਂ ਦਰਮਿਆਨ ਫਸ ਗਏ ਹਾਂ। ਭਾਰਤ ਨੇ ਅਮਰੀਕਾ ਤੋਂ ਆਉਣ ਵਾਲੀਆਂ 28 ਵਸਤੂਆਂ 'ਤੇ ਟੈਕਸ (ਡਿਊਟੀ) ਲਾ ਕੇ ਖ਼ੁਦ ਨੂੰ ਜੰਗ 'ਚ ਫਸਾ ਲਿਆ ਹੈ। ਜੇ ਦਰਾਮਦ ਦੀ ਮਾਤਰਾ ਉਹੀ ਰਹਿੰਦੀ ਹੈ ਤਾਂ ਅਮਰੀਕਾ ਤੋਂ ਇਸ ਨੂੰ ਵਾਧੂ 24 ਕਰੋੜ ਡਾਲਰ ਦਾ ਫਾਇਦਾ ਹੋਵੇਗਾ। ਇਹ ਭਾਰਤ ਲਈ ਇਕ ਬਹੁਤ ਵੱਡਾ ਜੋਖ਼ਮ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਨਿਰਮਾਣ ਕੇਂਦਰ ਜਾਂ ਪ੍ਰਮੁੱਖ ਸੇਵਾ-ਦਾਤਾ (ਸਰਵਿਸ ਪ੍ਰੋਵਾਈਡਰ) ਬਣ ਸਕਦੇ ਸਨ। ਇਸ ਦੇ ਉਲਟ ਵਪਾਰ ਅਤੇ ਆਊਟਪੁਟ ਦੀਆਂ ਦਰਾਂ ਵਿਚ ਗਿਰਾਵਟ ਵਿਕਾਸਸ਼ੀਲ ਦੇਸ਼ਾਂ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਏਗੀ। ਵਿਸ਼ਵ ਵਪਾਰ ਦੇ ਆਕਾਰ ਨੂੰ ਦੇਖਦਿਆਂ ਭਾਰਤ ਦੀ ਬਰਾਮਦ ਕਾਫੀ ਸੰਵੇਦਨਸ਼ੀਲ ਹੈ। ਪਿਛਲੇ 4 ਸਾਲਾਂ ਦੌਰਾਨ ਵਿਸ਼ਵ ਵਪਾਰ ਦੀ ਵਿਕਾਸ ਦਰ ਤਸੱਲੀਬਖਸ਼ ਨਾਲੋਂ ਘੱਟ ਰਹੀ ਅਤੇ ਭਾਰਤ ਦੀ ਵਪਾਰ ਬਰਾਮਦ ਦਰ ਨਾਂਹਪੱਖੀ ਸੀ।

### ਘਾਟੇ 'ਚ ਕੌਣ ਰਹੇਗਾ

ਵਪਾਰ ਯੁੱਧ ਅਤੇ ਸੁਰੱਖਿਆਵਾਦ ਆਰਥਿਕ ਸਥਿਤੀਆਂ ਨੂੰ ਹੋਰ ਮੁਸ਼ਕਿਲ ਬਣਾ ਦੇਣਗੇ। ਕਿਸੇ ਵੀ ਦੇਸ਼ ਦੀ ਅਰਥ ਵਿਵਸਥਾ ਬਰਾਮਦ ਦੇ 15 ਫੀਸਦੀ ਜਾਂ ਜ਼ਿਆਦਾ ਵਿਕਾਸ ਤੋਂ ਬਿਨਾਂ ਤੇਜ਼ੀ ਨਾਲ ਵਿਕਸਿਤ (ਦੋਹਰੇ ਅੰਕ 'ਚ) ਨਹੀਂ ਹੋ ਸਕਦੀ। ਇਹ 'ਮੇਕ ਇਨ ਇੰਡੀਆ' ਦੇ ਜ਼ਰੀਏ ਭਾਰਤ ਲਈ ਵਿਕਾਸ ਦਾ ਇਕ ਸੁਪਨਾ ਹੈ। ਸਾਨੂੰ ਦੁਨੀਆ ਲਈ 'ਮੇਕ ਇਨ ਇੰਡੀਆ' ਚਾਹੀਦਾ ਹੈ। ਇਸ ਦਾ ਅਰਥ ਇਹ ਹੈ ਕਿ ਬਰਾਮਦ ਵਿਚ ਵਾਧਾ ਕੀਤਾ ਜਾਵੇ ਅਤੇ ਇਹੋ ਉਹ ਇੰਜਣ ਹੈ, ਜੋ ਪਿਛਲੇ 4 ਸਾਲਾਂ ਤੋਂ ਆਪਣੀ ਸਮਰੱਥਾ ਨਾਲੋਂ ਕਿਤੇ ਘੱਟ ਕਾਰਗੁਜ਼ਾਰੀ ਦਿਖਾ ਰਿਹਾ ਹੈ।

ਇਹ ਭਾਰਤ ਦੇ ਹਿੱਤ ਵਿਚ ਹੋਵੇਗਾ ਕਿ ਉਹ ਇਕ ਬਾਲਗ ਵਾਂਗ ਵਰਤਾਓ ਕਰੇ ਅਤੇ ਇਕ ਖੁੱਲ੍ਹੀ ਵਪਾਰ ਵਿਵਸਥਾ ਲਈ ਆਵਾਜ਼ ਉਠਾਏ। ਇਹ ਸੱਚ ਹੈ ਕਿ ਭਾਰਤ ਅਮਰੀਕਾ ਜਾਂ ਚੀਨ ਨਹੀਂ ਹੈ ਪਰ ਇਸ ਦੀ ਗਿਣਤੀ ਵੱਡੇ ਦੇਸ਼ਾਂ ਵਿਚ ਹੁੰਦੀ ਹੈ। ਵਿਸ਼ਵ ਵਪਾਰ ਬਰਾਮਦ ਤੇ ਦਰਾਮਦ ਵਿਚ ਸਾਡੀ ਹਿੱਸੇਦਾਰੀ ਕ੍ਰਮਵਾਰ 1.65 ਅਤੇ 2.21 ਫੀਸਦੀ ਹੈ। ਦੁਨੀਆ ਨੂੰ ਸਮਝਦਾਰ ਦੇਸ਼ਾਂ ਦੇ ਇਕ ਗੱਠਜੋੜ ਦੀ ਲੋੜ ਹੈ, ਜੋ ਵਿਸ਼ਵ ਵਪਾਰ ਨੂੰ ਵਿਵਸਥਿਤ ਕਰੇ, ਜਿਥੇ ਕੁਝ ਦੇਸ਼ ਇਸ ਵਿਚ ਅੜਚਣਾਂ ਪਾ ਰਹੇ ਹਨ।

# ਭਾਰਤ ਲਈ ਦਬਾਅ ਅੱਗੇ ਡਟਣ ਦਾ ਵੇਲਾ

ਸੰਯੁਕਤ ਰਾਸ਼ਟਰ ਵਿੱਚ ਅਮਰੀਕਾ ਦੀ ਰਾਜਦੂਤ ਤੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਕੈਬਨਿਟ ਦੀ ਮੈਂਬਰ ਨਿੱਕੀ ਹੇਲੀ ਨੇ ਆਪਣੀ ਭਾਰਤ ਫੇਰੀ ਦੌਰਾਨ ਮੀਡੀਆ ਅੱਗੇ ਜਾਂ ਜਨਤਕ ਮੰਚਾਂ 'ਤੇ ਉਹੀ ਗੱਲਾਂ ਕਹੀਆਂ ਹਨ ਜੋ ਭਾਰਤੀਆਂ ਨੂੰ ਸੁਣਨ ਨੂੰ ਚੰਗੀਆਂ ਲੱਗਦੀਆਂ ਹਨ। ਉਸ ਨੇ ਪਾਕਿਸਤਾਨ ਨੂੰ ਦਹਿਸ਼ਤ-ਗਰਦਾਂ ਦੀ ਪਨਾਹਗਾਹ ਹੋਣ ਕਾਰਨ ਨਿੰਦਿਆ ਹੈ, ਭਾਰਤੀ ਆਰਥਿਕਤਾ ਦੀ 'ਮਜ਼ਬੂਤੀ' ਦੀ ਪ੍ਰਸ਼ੰਸਾ ਕੀਤੀ ਹੈ, ਚੀਨ ਨੂੰ ਭਾਰਤੀ ਸੰਵੇਦਨਾਵਾਂ ਦਾ ਧਿਆਨ ਰੱਖਣ ਦਾ ਮਸ਼ਵਰਾ ਦਿੱਤਾ ਹੈ ਅਤੇ ਅਮਰੀਕਾ 'ਚ ਆਪਣੀ ਕਾਮਯਾਬੀ ਦਾ ਸਿਹਰਾ ਆਪਣੀਆਂ ਭਾਰਤੀ (ਪੰਜਾਬੀ) ਜੜ੍ਹਾਂ ਨੂੰ ਦਿੱਤਾ ਹੈ। ਪਰ ਨਿੱਕੀ ਦੇ ਭਾਰਤ ਦੌਰੇ ਦਾ ਅਸਲ ਮਕਸਦ ਹੋਰ ਸੀ: ਭਾਰਤ ਨੂੰ ਇਰਾਨ ਤੋਂ ਕੱਚਾ ਤੇਲ ਖਰੀਦਣ ਤੋਂ ਵਰਜਣਾ ਅਤੇ ਰੂਸ ਤੋਂ ਜੰਗੀ ਸਾਜ਼ੋ-ਸਾਮਾਨ ਦੀ ਖਰੀਦ ਵਧਾਉਣ ਦੀਆਂ ਭਾਰਤੀ ਯੋਜਨਾਵਾਂ ਨੂੰ ਬਰੇਕਾਂ ਲਾਉਣ ਦਾ ਯਤਨ ਕਰਨਾ। ਇਹ ਗੱਲ ਲੁਕੀ-ਛੁਪੀ ਨਹੀਂ ਕਿ ਭਾਰਤ-ਅਮਰੀਕਾ ਸਬੰਧਾਂ ਵਿੱਚ ਹੁਣ ਪਹਿਲਾਂ ਵਰਗੀ ਨਿੱਘ ਨਹੀਂ ਰਹੀ। ਦੋਵਾਂ ਮੁਲਕਾਂ ਵੱਲੋਂ ਆਪੋ-ਆਪਣੇ ਤਜਾਰਤੀ ਤੇ ਕਾਰੋਬਾਰੀ ਹਿੱਤਾਂ ਉੱਤੇ ਪਹਿਰਾ ਦਿੱਤਾ ਜਾ ਰਿਹਾ ਹੈ ਅਤੇ ਇਸ ਤਜਾਰਤੀ ਖਿੱਚੋਤਾਣ ਵਿੱਚ ਭਾਰਤ ਦਾ ਨਾ ਝੁਕਣਾ, ਅਮਰੀਕੀ ਹੁਕਮਰਾਨ ਜਮਾਤ ਨੂੰ ਚੰਗਾ ਨਹੀਂ ਲੱਗ ਰਿਹਾ।



ਇਰਾਨ ਨਾਲ ਪੀ 5+1 ਮੁਲਕਾਂ (ਸਲਾਮਤੀ ਕੌਂਸਲ ਦੇ ਪੰਜ ਸਥਾਈ ਮੈਂਬਰਾਂ+ਜਰਮਨੀ) ਵੱਲੋਂ ਕੀਤੇ ਗਏ ਪਰਮਾਣੂ ਸਮਝੌਤੇ ਨਾਲੋਂ ਅਮਰੀਕਾ ਵੱਲੋਂ ਇਕਤਰਫ਼ਾ ਤੌਰ 'ਤੇ ਨਾਤਾ ਤੋੜ ਲਏ ਜਾਣ ਅਤੇ ਇਰਾਨ ਉੱਤੇ ਬੰਦਸ਼ਾਂ ਲਾਗੂ ਕੀਤੇ ਜਾਣ ਤੋਂ ਬਾਅਦ ਅਮਰੀਕਾ ਦੀ ਇਹ ਕੋਸ਼ਿਸ਼ ਹੈ ਕਿ ਉਸ ਇਸਲਾਮੀ ਮੁਲਕ ਨੂੰ ਆਰਥਿਕ ਤੌਰ 'ਤੇ ਵੱਧ ਤੋਂ ਵੱਧ ਨਪੀੜਿਆ ਜਾਵੇ। ਅਮਰੀਕਾ ਵੱਲੋਂ ਭਾਰਤ ਉੱਪਰ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਇਰਾਨ ਤੋਂ ਭਵਿੱਖ ਵਿੱਚ ਕੱਚੇ ਤੇਲ ਦੀ ਖਰੀਦ ਨਾ ਕਰੇ। ਭਾਰਤ ਅਜਿਹੀ ਮੰਗ ਮੰਨਣ ਲਈ ਤਿਆਰ ਨਹੀਂ। ਭਾਰਤੀ ਰੁਖ਼ ਨੂੰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਭਾਰਤੀ ਦੌਰੇ ਉੱਤੇ ਆਏ ਆਪਣੇ ਇਰਾਨੀ ਹਮਰੁਤਬਾ ਕੋਲ ਸਪਸ਼ਟ ਕਰ ਦਿੱਤਾ ਸੀ ਕਿ ਜੇਕਰ ਸੰਯੁਕਤ ਰਾਸ਼ਟਰ, ਇਰਾਨ ਉੱਪਰ ਬੰਦਸ਼ਾਂ ਲਾਉਂਦਾ ਹੈ ਤਾਂ ਭਾਰਤ ਉਨ੍ਹਾਂ ਉੱਤੇ ਫੁੱਲ ਚੜ੍ਹਾਵੇਗਾ, ਪਰ ਜੇਕਰ ਕੋਈ ਹੋਰ ਮੁਲਕ (ਅਮਰੀਕਾ) ਇਕਤਰਫ਼ਾ ਤੌਰ 'ਤੇ ਬੰਦਸ਼ਾਂ ਲਾਗੂ ਕਰਦਾ ਹੈ ਤਾਂ ਉਨ੍ਹਾਂ ਨੂੰ ਮੰਨਿਆ ਨਹੀਂ ਜਾਵੇਗਾ।

ਇਹੋ ਪੱਖ ਹੁਣ ਨਿੱਕੀ ਹੇਲੀ ਕੋਲ ਦੁਹਰਾਅ ਦਿੱਤਾ ਗਿਆ ਹੈ। ਦੋਵਾਂ ਦੇਸ਼ਾਂ ਦੇ ਰੱਖਿਆ ਤੇ ਵਿਦੇਸ਼ ਮੰਤਰੀਆਂ ਦਰਮਿਆਨ 6 ਜੁਲਾਈ ਨੂੰ ਵਾਸ਼ਿੰਗਟਨ ਵਿੱਚ ਹੋਣ ਵਾਲੇ '2+2 ਸੰਵਾਦ' ਨੂੰ ਮੁਲਤਵੀ ਕਰਨ ਦਾ ਅਮਰੀਕੀ ਫ਼ੈਸਲਾ, ਇਰਾਨ ਪ੍ਰਤੀ ਭਾਰਤੀ ਪਹੁੰਚ ਤੋਂ ਉਪਜੀ ਕਿੜ ਦਾ ਨਤੀਜਾ ਹੀ ਮੰਨਿਆ ਜਾ ਰਿਹਾ ਹੈ। ਅਮਰੀਕਾ ਨਾਲ ਯਾਰੀ ਵਧਾਉਣੀ ਅਤੇ ਏਸ਼ੀਆ-ਪ੍ਰਸ਼ਾਂਤ ਖ਼ਿੱਤੇ ਵਿੱਚ ਉਸ ਦੇ ਭਿਆਲ ਵਜੋਂ ਵਿਚਰਨਾ ਦੇਖਣ-ਸੁਣਨ ਨੂੰ ਚੋਖਾ ਚੰਗਾ ਲੱਗਦਾ ਹੈ, ਪਰ ਭਾਰਤ ਨੂੰ ਆਪਣੇ ਆਜ਼ਾਦਾਨਾ ਹੱਕਾਂ ਉੱਤੇ ਡਟ ਕੇ ਪਹਿਰਾ ਦੇਣਾ ਚਾਹੀਦਾ ਹੈ। ਥੋੜ੍ਹ-ਚਿਰੇ ਲਾਭਾਂ ਲਈ ਦੇਸ਼ ਦੇ ਵਡੇਰੇ ਹਿੱਤਾਂ ਨੂੰ ਦਾਅ 'ਤੇ ਲਾਉਣਾ ਕਿਸੇ ਵੀ ਅਜਿਹੇ ਮੁਲਕ ਨੂੰ ਨਹੀਂ ਸੋਭਦਾ ਜੋ ਆਲਮੀ ਮੰਚਾਂ ਉੱਤੇ ਆਜ਼ਾਦ ਤੇ ਨਿ-ਰਪੱਖ ਹਸਤੀ ਵਜੋਂ ਵਿਚਰਨਾ ਲੋਚਦਾ ਹੋਵੇ। ਉਂਜ ਵੀ, ਯੂਰੋਪੀਅਨ ਯੂਨੀਅਨ (ਈਯੂ) ਵੱਲੋਂ ਇਰਾਨ ਨਾਲ ਭਰਵਾਂ ਕਾਰੋਬਾਰ ਜਾਰੀ ਹੈ। ਚੀਨ, ਇਰਾਨੀ ਕੱਚੇ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਹੈ ਅਤੇ ਰੂਸ ਦੀ ਇਰਾਨ ਨਾਲ ਵੱਖਰੇ ਤੌਰ 'ਤੇ ਦੋਸਤੀ ਸੰਧੀ ਹੋ ਚੁੱਕੀ ਹੈ। ਭਾਰਤ ਉੱਤੇ ਦਬਾਅ ਬਣਾਉਣ ਲਈ ਅਮਰੀਕਾ, ਭਾਰਤ ਨਾਲ ਵੱਖ ਵੱਖ ਰੱਖਿਆ ਸਮਝੌਤਿਆਂ ਉੱਤੇ ਨਜ਼ਰਸਾਨੀ ਦੀ ਧਮਕੀ ਦੇ ਸਕਦਾ ਹੈ। ਉਹ ਭਾਰਤ ਨੂੰ ਡਾਲਰਾਂ ਦੀ ਸਪਲਾਈ ਵੀ ਸੀਮਤ ਬਣਾ ਸਕਦਾ ਹੈ। ਅਜਿਹੀ ਸੰਭਾਵਨਾ ਦੇ ਟਾਕਰੇ ਲਈ ਭਾਰਤ ਨੂੰ ਇਰਾਨ ਨਾਲ ਇਹ ਤੈਅ ਕਰ ਲੈਣਾ ਚਾਹੀਦਾ ਹੈ ਕਿ ਤੇਲ ਦੀ ਕੀਮਤ ਦੀ ਅਦਾਇਗੀ ਜਾਂ ਤਾਂ ਰੁਪਈਆ ਵਿੱਚ ਕੀਤੀ ਜਾਵੇਗੀ ਅਤੇ ਜਾਂ ਫਿਰ ਅਨਾਜ ਤੇ ਹੋਰ ਵਸਤਾਂ ਦੀ ਵਟਾਂਦਰਾ ਪ੍ਰਣਾਲੀ ਰਾਹੀਂ। ਕੁੱਲ ਮਿਲਾ ਕੇ ਹੁਣ ਸਮਾਂ ਆ ਗਿਆ ਹੈ ਕਿ ਭਾਰਤ ਆਪਣੀ ਆਜ਼ਾਦ ਹਸਤੀ ਖੁੱਲ੍ਹ ਕੇ ਦ੍ਰਿੜ੍ਹਾਏ।

# ਮੇਰੀ ਪਾਕਿਸਤਾਨ (ਗੁਰਧਾਮ) ਯਾਤਰਾ- ਭਾਗ -4



ਮਾਸਟਰ ਲਛਮਣ ਸਿੰਘ ਰਠੌਰ
ਫਰਿਜਨੋ,ਕੈਲੇਫੋਰਨੀਆਂ
559-577-8162

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਮੈਂ ਪਾਲੀ ਦਾ ਸ਼ੁਕਰੀਆ ਕਰਦਿਆਂ ਕਿਹਾ, "ਹਾਂ! ਹਾਂ!! ਜੀਅ ਸਦਕੇ। ਕਿਉਂ ਨਹੀਂ?" ਉਸਨੇ ਮੈਨੂੰ ਪਰਸ ਪਕੜਾ ਦਿੱਤਾ। ਮੇਰੀ ਹੋਸ਼ ਵਿਚ ਹੋਸ਼ ਆਈ। ਖਰਚ ਖਾ ਲਵੋ ਗਿੱਲਾਂ ਸ਼ਿਕਵਾ ਨਹੀਂ ਹੁੰਦਾ, ਪਰੰਤੂ ਗੁਆਚ ਗਈ ਸ਼ੈਅ ਦਾ ਮਨ ਤੇ ਅਸਰ ਰਹਿੰਦਾ ਹੈ। ਇਸ ਤਰ੍ਹਾਂ ਉਸ ਗੁਰੂ ਨਾਨਕ ਸਾਹਿਬ ਦੇ ਗੁਰਧਾਮਾਂ ਦੀ ਯਾਤਰਾ ਕਰਦਿਆਂ ਸਤਿਗੁਰ ਦਾ ਲੱਖ ਲੱਖ ਧੰਨਵਾਦ ਕਰਦਿਆਂ ਅਸੀਂ ਸਿੱਖ ਯਾਤਰੂ ਪਰਿਵਾਰ ਦੋਹਾ ਕਤਰ ਲਈ ਜਹਾਜ਼ ਵਿਚ ਜਾ ਵੜੇ ਤੇ ਬੋਰਡਿੰਗ ਪਾਸ ਤੇ ਦਰਜ ਸੀਟਾਂ ਮੁਤਾਬਿਕ ਬੈਠ ਕੇ ਜਹਾਜ਼ ਚੱਲਣ ਦੀ ਇੰਤਜ਼ਾਰ ਕਰਨ ਲਗੇ। ਅਪਰੈਲ ਮਹੀਨੇ ਦੀ 9 ਦੀ ਡੂੰਘੀ ਸ਼ਾਮ ਹੋ ਗਈ ਸੀ ਤੇ ਰਾਤ ਰਾਣੀ ਨੇ ਆਪਣੇ ਸੰਘਣੇ ਹਨੇਰੇ ਦੀ ਬੁੱਕਲ ਵਿਚ ਲੁਕੋ ਲਿਆ ਸੀ। ਜਹਾਜ਼ ਦੇ ਅੰਦਰ ਦੀਆਂ ਰੌਸ਼ਨੀਆਂ ਨੇ ਜਗਮਗ ਕਰ, ਸਾਰੇ ਯਾਤਰੂਆਂ ਦੀ ਰੌਣਕ ਨਾਲ ਸਮਾਂ ਬੜਾ ਮਨ ਮੋਹਕ ਤੇ ਸੁਹਾਵਣਾ ਬਣਾ ਦਿੱਤਾ ਸੀ। ਰਨਵੇ ਤੇ ਤੇਜ ਰਫ਼ਤਾਰ ਨਾਲ ਦੁੜਾ ਕੇ ਜਹਾਜ਼ ਦੇ ਕੈਪਟਨ (ਸੰਚਾਲਕ) ਨੇ ਜਹਾਜ਼ ਗਗਨ ਮੰਡਲ ਵਿਚ ਉਡਾ ਲਿਆ। ਉਡਾਣ ਦੀਆਂ ਜਾਣਕਾਰੀ ਦੀਆਂ ਨੀਯਤ ਸੀਟਾਂ ਤੇ ਸੌਂ ਕੇ ਸਮਾਂ ਪਾਸ ਕਰ ਸਕਣ। ਖਾਣੇ ਨਾਲ ਪੈੱਗ ਤੇ ਬੀਅਰ ਵਰਤਾਏ ਜਾ ਰਹੇ ਸਨ। ਸਿੱਖ ਯਾਤਰੂਆਂ ਵਿਚ ਕੁੱਝ ਮਾਸਾਹਾਰੀ ਤੇ ਬਹੁਤੇ ਸ਼ਾਕਾਹਾਰੀ ਮੌਜੂਦ ਸਨ। ਪਰੰਤੂ ਇਹ ਰਵਾਇਤ ਕਿ ਬਾਬਾ ਜੀ ਗੁਰੂ ਨਾਨਕ ਸਾਹਿਬ ਦੇ ਗੁਰਧਾਮਾਂ ਦੀ ਜਿਆਰਤ ਲਈ ਜਾ ਰਹੇ ਉਹ ਬੰਦੇ ਜੋ ਅਕਸਰ ਭਾਰਤ ਜਾਂਦੇ ਲੰਮੀ ਉਡਾਣ ਵਿਚ ਪੈੱਗ ਲਾ ਕੇ ਸਮਾ ਪਾਸ ਕਰਦੇ ਸਨ, ਸੋਚਾਂ ਵਿਚ ਡੁੱਬੇ ਸੋਚ ਰਹੇ ਸਨ ਕਿ ਜੇ ਪੈੱਗ ਲਾ ਲਏ ਤਾਂ ਨਾਲ ਦੇ ਸ਼ਾਕਾਹਾਰੀ ਕੀ ਸੋਚਣਗੇ? ਬਹੁਤਿਆਂ ਪਸੰਜਰਾਂ ਨੇ ਦੂਜਿਆਂ ਤੋਂ ਅੱਖ ਚੁਰਾ ਕੇ ਦੋ ਦੋ ਪੈੱਗ ਲਾ ਵੀ ਲਏ। ਇਹ ਉਨ੍ਹਾਂ ਦੀ ਇਸ ਸਮੇਂ ਦੀ ਮਜਬੂਰੀ ਸੀ। ਲੰਮੀ ਉਡਾਣ ਤੇ ਨਿੱਤ ਦੇ ਆਦੀ ਕਿਵੇਂ ਛੱਡਣ? ਸ਼ੋ ਕਈਆਂ ਤਾਂ ਮਨ ਦੀ ਮੌਜ ਕਰ ਲਈ ਤੇ ਕਈ ਪਤਨੀ ਦੇ ਸਾਥ ਨਾਲ ਹੁੰਦੇ ਇਸ ਨੂੰ ਯੋਗ ਨਾ ਸਮਝ ਫਾਕਾ ਕੱਟਣ ਦਾ ਮਨ ਬਣਾ, ਕੌੜਾ ਘੁੱਟ ਭਰ ਹੀ ਲਿਆ।

ਖਾਣੇ ਬਾਦ ਰੋਸ਼ਨੀ ਦੀਆਂ ਬੱਤੀਆਂ ਮੱਧਮ ਕਰ ਦਿੱਤੀਆਂ ਗਈਆਂ ਤੇ ਆਮ ਮੁਸਾਫ਼ਰ ਜੋ ਸਮੇਂ ਤੇ ਜਹਾਜ਼ ਦੀ ਫਲਾਈਟ ਲੈਣ ਦੀ ਦੌੜ ਭੱਜ ਵਿਚ ਥੱਕੇ ਟੁੱਟੇ ਹੋਏ ਸਨ, ਥਕਾਵਟ ਤੇ ਅਕੇਵੇਂ ਨਾਲ ਚੂਰ ਹੋ ਨੀਂਦ ਦੇ ਹੁਲਾਰੇ ਲੈਣ ਤਰੀਕੇ ਵਰਤੇ ਗਏ।ਜਹਾਜ਼ ਵਿਚ ਜਹਾਜ਼ ਦੇ ਸ਼ੁਰੂ ਵਿਚ ਪਹਿਲੀ ਤੇ ਉਤਮ ਸ਼੍ਰੇਣੀ ਵਿਚ ਸਫ਼ਰ ਕਰਨ ਵਾਲਿਆਂ ਦਾ ਵੱਖਰਾ ਪ੍ਰਬੰਧ ਸੀ। ਉਹਨਾਂ ਦੇ ਸੌਣ ਲਈ ਖੁਲ੍ਹੀਆਂ ਸੀਟਾਂ,ਜੋ ਅਰਾਮ ਕੁਰਸੀ ਵਾਂਗ ਬੈੱਡ, ਬਣ ਜਾਂਦਾ ਹੈ, ਪ੍ਰਾਪਤ ਸਨ। ਉਹਨਾਂ ਦੇ ਖਾਣੇ ਦਾ ਵੀ ਵਧੀਆਂ ਤੇ ਕੁੱਝ ਉਚੇਚਾ ਇੰਤਜਾਮ ਹੋਵੇਗਾ। ਪਰੰਤੂ ਅਸੀਂ ਤਾਂ ਸੱਸਤੀ ਤੇ ਹੇਠਲੇ ਪੱਧਰ ਦੇ ਯਾਤਰੂ ਸਾਂ। ਪਹਿਲੀ ਕਿਸਮ ਦੇ ਯਾਤਰੂਆਂ ਦੇ ਰੈਸਟਰੂਮ (ਸੋਚਾਲੇ) ਵੀ ਵੱਖਰੇ ਸਨ। ਸਾਡੇ ਸਾਰੇ ਯਾਤਰੂਆਂ ਲਈ ਅੱਗੇ ਤੇ ਪਿੱਛੇ ਦੋ ਬਾਥਰੂਮ ਵਰਤੇ ਜਾ ਰਹੇ ਸਨ। ਇਸ ਤਰ੍ਹਾਂ ਜਹਾਜ਼ ਦੀ ਤੰਗ ਸੀਟੀ ਸਵਾਰੀ ਤਾਂ ਕਿਸੇ ਮਜਾਕ ਦੇ ਕਹਿਣ ਮੁਤਾਬਿਕ ਗਧੇ ਦੀ ਸਵਾਰੀ ਬਰਾਬਰ ਹੈ। ਨਾ ਅਰਾਮ ਨਾ ਬੈਠ ਸਕਣਾ ਤੇ ਨਾ ਚੰਗੀ ਤਰ੍ਹਾਂ ਸੌਂ ਸਕਣਾ। ਖੈਰ ਸਿਆਣਿਆਂ ਦੇ ਕੱਥਨ ਅਨੁਸਾਰ ਸਮਾਂ ਲੰਘ ਹੀ ਜਾਂਦਾ ਹੈ। ਅਸਾਂ ਵੀ ਹਵਾਈ ਸਫ਼ਰ ਦੇ ਕਈ ਚੰਗੇ ਤੇ ਕਈ ਤੱਲਖ ਤਜਰਬੇ ਤੇ ਅਨੁਭਵ ਮਾਣਦਿਆਂ ਦੋਹਾ ਕਤਰ ਦੇ ਨੇੜੇ ਢੁੱਕ ਰਹੇ ਸਾਂ। ਹੁਣ ਅਸਾਂ ਅੱਧ ਤੋਂ ਕਾਫ਼ੀ ਅੱਗੇ ਪੰਧ ਨੇੜੇ ਕਰ, ਮਿੱਥੇ ਮਿਸ਼ਨ ਦੀ ਸਾਕਾਰਤਾ ਲਈ ਉਤਸ਼ਾਹ ਜਨਕ ਮੰਜ਼ਿਲ ਦੀ ਪ੍ਰਾਪਤੀ ਦੇ ਖ਼ਾਬ ਵੇਖ ਰਹੇ ਸਾਂ।

ਨਾਲ ਵਿਗੜੇ ਲੜਾਂ ਨੂੰ ਸੰਵਾਰ ਕੇ ਉਤਰਨ ਦੀ ਤਿਆਰੀ ਕਰ ਲਈ।''ਆਪੋ ਅਪਣਾ ਸਮਾਨ ਸਾਂਭ ਲਵੋ ਭਾਈ। ਕੋਈ ਚੀਜ ਜਾਂ ਪਾਸਪੋਰਟ ਸੀਟ ਤੇ ਨਾ ਰਹਿ ਜਾਣ। ਸਾਰੇ ਹੱਥਲੇ ਬੈਗ ਤੇ ਥੈਲੇ ਵੀ ਸੰਬਾਲ ਲੋ" ਜਥੇ ਨਾਲ ਜਿੰਮੇਦਾਰੀ ਪੁਗਾਉਂਦਿਆਂ ਦਲਜਿੰਦਰ ਸਿੰਘ ਨੇ ਆਪਣੇ ਨਾਲ ਆਏ ਸਾਰੇ ਸਿੱਖ ਯਾਤਰੂਆਂ ਨੂੰ ਪੇਮ ਨਾਲ ਤਾੜਨਾ ਕਰ ਗਿਆਤ ਕਰਵਾ ਦਿੱਤਾ। ਅਸਾਂ ਅਪਣੀਆਂ ਸੀਟਾਂ ਤੇ ਖੜੋ ਕੇ ਸੀਟਾਂ ਦੀ ਸੇਧ ਤੇ ਜਹਾਜ਼ ਦੀ ਛੱਤ ਵੱਲ ਬਣੇ ਕੈਬਨਾਂ ਨੂੰ ਖੋਹਲਿਆ ਤੇ ਆਪਣੇ ਹੱਥਲੇ ਬੈਗ ਦੁਬਾਰਾ







ਜਹਾਜ਼ ਦੇ ਅਮਲੇ ਵਲੋਂ ਅਨਾਊਂਸਮੈਂਟਾਂ ਹੋ ਰਹੀਆਂ ਸਨ। ਰੁਟੀਨ ਵਿਚ ਰੋਜ਼ਾਨਾ ਉਡਾਣ ਦੀਆਂ ਜੋ ਰਵਾਇਤੀ ਕਾਰਵਾਈਆਂ ਸਨ ਉਹ ਚੱਲ ਰਹੀਆਂ ਸਨ। ਉਡਾਣ ਭਰਨ ਸਮੇਂ ਹਰ ਯਾਤਰੂ ਦੀ ਪੇਟੀ ਬੰਨ੍ਹਣ ਤੇ ਜਹਾਜ਼ ਦੀ ਉਡਾਣ ਦੀ ਸਥਿਰਤਾ ਤੇ ਪੇਟੀ ਖੋਲ੍ਹ ਕੇ ਅਸਾਨ ਹਾਲਤ ਵਿਚ ਵਿਚਰਨਾ ਸੁਭਾਵਕ ਚੱਲ ਰਿਹਾ ਸੀ। ਹੁਣ ਸਾਰੇ ਅਮਲੇ ਦੀਆਂ ਹੋਸਟਸਾਂ ਵਲੋਂ ਬੈਠ ਚੁੱਕੇ ਮੁਸਾਫ਼ਰਾਂ ਦੀ ਸੇਵਾ ਸੰਭਾਲ ਦਾ ਪ੍ਰਵਾਹ ਚੱਲ ਰਿਹਾ ਸੀ।

ਮਾਸਾਹਾਰੀ ਤੇ ਸ਼ਾਕਾਹਾਰੀ ਖਾਣਿਆਂ ਦੀਆਂ ਸੂਚੀਆਂ ਜੋ ਪਹਿਲਾਂ ਹੀ ਅਮਲੇ ਪਾਸ ਮੌਜੂਦ ਸਨ, ਖਾਣਾ ਪਰੋਸਿਆ ਜਾ ਰਿਹਾ ਸੀ। ਆਮ ਸਾਧਾਰਣ ਉਡਾਣਾਂ ਦੇ ਨੀਯਤ ਮਾਪ ਤੋਲ ਅਨੁਸਾਰ ਤਿਆਰ ਖਾਣੇ ਨੂੰ, ਜੋ ਉਹਨਾਂ ਦੀ ਰੋਜ਼ਾਨਾ ਸੂਚੀ ਵਿਚ ਦਰਜ ਹੁੰਦੀ ਹੈ, ਖਾਣ ਪੀਣ ਦੇ ਸਮਾਨ ਨਾਲ ਮੁਸਾਫ਼ਰਾਂ ਦੀ ਸੇਵਾ ਨਿਭਾਈ ਜਾ ਰਹੀ ਸੀ। ਉਡਾਣ ਦੇ ਵਕਤ ਬਾਰੇ ਦੱਸਿਆ ਗਿਆ ਸੀ ਕਿ ਦੋਹਾ ਕਤਰ ਤੱਕ ਪੁੱਜਣ ਲਈ ਪੰਦਰਾਂ ਘੰਟੇ ਤੇ ਤੀਹ ਮਿੰਟਾਂ ਦਾ ਸਮਾਂ ਲੱਗੇਗਾ। ਇਹੋ ਜਿਹੇ ਲੰਮੇ ਸਮੇਂ ਦੀ ਉਡਾਰੀ ਲਈ ਜਹਾਜ਼ ਦੇ ਅਮਲੇ ਵਲੋਂ, ਸ਼ਰਾਬ ਤੇ ਬੀਅਰ ਵਰਤਣ ਵਾਲੇ ਮੁਸਾਫ਼ਰਾਂ ਨੂੰ ਇਹ ਸਮਾਨ ਦਿੱਤਾ ਜਾਂਦਾ ਹੈ, ਤਾਂ ਕਿ ਖਾਣੇ ਤੋਂ ਬਾਦ ਲੱਗੇ।ਜਹਾਜ਼ ਦੇ ਚੱਲਣ ਦੀ ਅਵਾਜ਼ ਤਾਂ ਉਸ ਸਮੇਂ ਮਾਂ ਦੀ ਲੋਰੀ ਵਾਂਗ ਨਿੱਘੀ ਗੋਦ ਦਾ ਲੁਤਫ਼ ਪ੍ਰਦਾਨ ਕਰ ਰਹੀ ਸੀ।ਪਤੀ ਪਤਨੀਆਂ ਦੀ ਜੁੜਵੀਂ ਸੀਟ ਤਾਂ ਸਵਾਣੀਆਂ ਪੈਰ ਪਸਾਰ ਮੱਲ ਲੈਂਦੀਆਂ ਹਨ। ਪਤੀ ਨੂੰ ਜਰੂਰੀ ਹੁੰਦਾ ਹੈ ਕਿ ਆਪਣੀ ਅਰਧਾਂਗਣੀ ਨੂੰ ਸੌਣ ਦਾ ਮੌਕਾ ਦੇਣ ਤੇ ਆਪ ਤੁਰ ਫਿਰ ਜਾਂ ਕਿਸੇ ਖੁਲ੍ਹੀ ਥਾਂ ਖੜ੍ਹੇ ਹੋ ਵਕਤ ਪਾਸ ਕਰ ਲੈਣ। ਘਰ ਵਿਚ ਜਾਂ ਸਫ਼ਰ ਨੂੰ ਸੁਹਾਵਣਾ ਬਣਾਉਣ ਦਾ ਵੀ ਇਹ ਮੌਕਾ ਹੁੰਦਾ ਹੈ। ਇਸ ਤਰ੍ਹਾਂ ਕਦੀ ਸੌਂ ਕੇ, ਕਦੀ ਤੁਰ ਫਿਰ ਕੇ ਤੇ ਕਦੀ ਬੈਠ ਕੇ ਇਸ ਸਮਾਂ ਨੇੜੇ ਕੀਤਾ। ਪੰਜ ਸੱਤ ਘੰਟਿਆਂ ਬਾਦ ਦੁਬਾਰਾ ਖਾਣਾ ਦਿੱਤਾ ਗਿਆ। ਹੋਸਟਸਾਂ ਨੇ ਜਾਗ ਕੇ ਆਂਪਣੀ ਡਿਊਟੀ ਨਿਭਾਈ ਤੇ ਮੁਸਾਫ਼ਰਾਂ ਨੂੰ ਲੋੜ ਮੁਤਾਬਿਕ ਖਾਣ ਪੀਣ ਦੀਆਂ ਵਸਤਾਂ ਪੁਚਾ ਕੇ ਸੇਵਾ ਪੁਗਾਈ। ਤਰ੍ਹਾਂ ਤਰ੍ਹਾਂ ਦੇ ਜੂਸ, ਫਲ੍ਹਾ ਦੇ ਰਸ, ਚਾਹ ਤੇ ਕਾਫ਼ੀ ਦੇ ਦੌਰ ਚਲਾ ਕੇ ਉਡਾਣ ਦਾ ਸਮਾਂ ਲੰਘਾਇਆ।

ਡੱਬਲ ਰੋਟੀ ਜਾਂ ਬਰੈਡ ਦੇ ਦੋ ਦੋ ਪੀਸ ਰੱਖ, ਉਹਨਾਂ ਵਿਚਾਲ੍ਹੇ ਪਨੀਰ(ਚੀਸ) ਦੇਕੇ ਜਾਂ ਵੱਖ ਵੱਖ ਫਲੇਵਰਾਂ ਦੇ ਮਿੱਠੇ ਜੈਮ ਦਾ ਲੇਪ ਕਰ ਬਣਾਏ ਬਰੈਡ ਪੀਸ ਜਾਂ ਸੈਂਡ-ਵਿਚਾਂ ਨਾਲ ਬਹੁਤੀ ਲੱਗੀ ਭੁੱਖ ਨੂੰ ਆਮ ਖਾਣੇ ਦੀ ਸਪਲਾਈ ਤੱਕ ਰੋਕ ਕਰਨ ਲਈ ਦੇ ਕੇ ਵਕਤ ਪਾਸ ਦੇ

ਜਿਉਂ ਹੀ ਸਾਡਾ ਜਹਾਜ਼ ਦੋਹਾ ਸ਼ਹਿਰ ਨੇੜੇ ਪੁੱਜਾ ਤੇ ਪਾਇਲਟ ਨੇ ਸਾਰੇ ਯਾਤਰੂਆਂ ਨੂੰ ਸੂਚਿਤ ਕਰ ਦਿੱਤਾ। ਨੇੜੇ ਪੁੱਜਣ ਤੇ ਸੀਟ ਦੀਆਂ ਪੇਟੀਆਂ ਬੰਨ੍ਹਣ ਦੇ ਮੁੜ ਅਦੇਸ਼ ਜਾਰੀ ਹੋਏ ਤੇ ਪੈਸੰਜਰ ਆਪੋ ਆਪਣੀ ਸੀਟ ਤੇ ਸਾਵਧਾਨ ਹੋ ਬੈਠ ਗਏ। ਹੁਣ ਜਹਾਜ਼ ਦੋਹਾ ਸ਼ਹਿਰ ਦੇ ਹਵਾਈ ਅੱਡੇ ਤੇ ਨੀਵਾਂ ਹੋ ਉਤਰ ਰਿਹਾ ਸੀ। ਪੈਸੰਜਰ ਆਪਣੇ ਸਮਾਨ ਨੂੰ ਸਾਂਭਣ ਲੱਗੇ। ਥੋੜ੍ਹੀ ਦੇਰ ਬਾਦ ਜਹਾਜ਼ ਪੱਟੜੀ ਤੇ ਪੁੱਜ ਗਿਆ ਤੇ ਹੌਲ੍ਹੀ ਹੌਲ੍ਹੀ ਰੁੱਕ ਗਿਆ। ਲਾਸ ਐਂਜਲਸ ਤੋਂ ਦੋਹਾ ਕਤਰ ਦੀ ਉਡਾਣ ਬਾਰੇ ਵਰਨਣ ਕਰਦਿਆਂ ਪਤਾ ਲੱਗ ਚੁੱਕਾ ਹੈ ਕਿ ਪੰਦਰਾਂ ਘੰਟੇ ਦੀ ਲੰਮੀ ਹਵਾਈ ਉਡਾਰੀ ਇਕ ਵਾਰ ਤਾਂ ਮੁਸਾਫ਼ਰਾਂ ਨੂੰ ਅਕਾ ਕੇ ਰੱਖ ਦੇਂਦੀ ਹੈ। ਇਹ ਗੱਲ ਵੱਖਰੀ ਹੈ ਕਿ ਹਰਇਕ ਦੀ ਮੰਜ਼ਿਲ ਦਾ ਇਕ ਵੱਡਾ ਹਿੱਸਾ ਨੇੜੇ ਹੋਣ ਦੀ ਉਤਸੁਕਤਾ ਹਵਾਈ ਪਾਂਧੀ ਨੂੰ ਆਪਣੇ ਸਫ਼ਰ ਦੀ ਸੰਪੂਰਨਤਾ ਲਈ ਨਵਾਂ ਉਤਸ਼ਾਹ ਤੇ ਪ੍ਰੇਰਨਾ ਅਵੱਸ਼ ਬਖਸ਼ਦੀ ਹੈ। ਸੋ ਸਾਰਿਆਂ ਨੇ ਅੱਧ ਨੀਂਦਰੇ ਤੇ ਸਫ਼ਰ ਦੀ ਥਕੌਟ ਲਾਹੁਣ ਲਈ ਮੂੰਹ ਤੇ ਗਿੱਲੇ ਹੱਥ ਫੇਰ, ਅੱਖਾਂ ਤੇ ਪਾਣੀ ਦੇ ਛਿੱਟੇ ਮਾਰ ਅੰਗਵਾੜੀ ਭੰਨਦਿਆਂ ਸਵਾਣੀਆਂ ਨੇ ਹੱਥਾਂ ਨਾਲ ਚਿਹਰੇ ਤੇ ਸਿਰ ਦੇ ਵਾਲ੍ਹਾਂ ਤੇ ਹੱਥ ਫੇਰ,ਤੇ ਪਗੜੀ ਧਾਰ ਸਿੱਖਾਂ ਨੇ ਕਲ੍ਹ ਦੀ ਬੰਨੀ ਪੱਗ ਤੇ ਠਾਠਿਆਂ ਦੀ ਖਿੱਚ ਸੰਭਾਲ ਕੇ ਕੁੱਝ ਗਲਾਂ ਵਿਚ ਪਾ ਲਏ ਤੇ ਬਾਕੀ ਹੱਥਾਂ ਵਿਚ ਫੜ੍ਹ ਲਏ।ਉਤਰਨ ਦੀ ਤਿਆਰੀ ਕਰ ਲਈ ਸੀ।ਪਰੰਤੂ ਜਹਾਜ਼ ਦੇ ਅਮਲੇ ਨੇ ਸਾਨੂੰ ਸਾਰੇ ਯਾਤਰੂਆਂ ਨੂੰ ਅਜੇ ਬੈਠੇ ਰਹਿਣ ਦਾ ਅਦੇਸ਼ ਦੇ ਦਿੱਤਾ ਸੀ।

ਉਹ ਜਹਾਜ਼ ਨਾਲ ਥੱਲੇ ਉਤਰਨ ਵਾਲੀ ਪੌੜੀ ਲਗਾਉਣ ਦੀ ਉਡੀਕ ਕਰ ਰਹੇ ਸਨ। ਵਾਹਵਾ ਪੰਦਰਾਂ ਕੁ ਮਿੰਟਾਂ ਤੋਂ ਬਾਦ ਸਾਰੇ ਪੈਸੰਜਰ ਖੜ੍ਹੇ ਹੋ ਗਏ ਤੇ ਹੌਲ੍ਹੀ ਹੌਲ੍ਹੀ ਅਗਾਂਹ ਵੱਲ ਵੱਧਣ ਲਗੇ।

ਕਈ ਛੋਟੇ ਬੱਚੇ ਥਕਾਵਟ ਕਰਕੇ ਉੱਚੀ ਉੱਚੀ ਰੋ ਕੇ ਮਾਵਾਂ ਦੇ ਗਲੇ ਨਾਲ ਚਿਪਕ ਗਏ ਸਨ। ਪਹਿਲਾਂ ਫਸਟ ਕਲਾਸ ਦੇ ਪਸੰਜਰਾਂ ਉਤਰਨਾ ਸੀ। ਸੋ ਸਵਾਰੀਆਂ ਦੀ ਕਤਾਰ ਮੱਧਮ ਰੌਂ ਵਿਚ ਚੱਲ ਰਹੀ ਸੀ। ਕਈ ਹਵਾਈ ਅਡਿਆਂ ਤੇ ਅਗਲੀ ਉਤਮ ਸ਼੍ਰੇਣੀ ਦੇ ਉਤਰਨ ਤੇ ਚੜ੍ਹਨ ਦੀ ਪੌੜੀ ਵੱਖਰੀ ਹੁੰਦੀ ਹੈ। ਪਰੰਤੂ ਇਸ ਜਹਾਜ਼ ਵਿਚ ਸਿਰਫ ਇਕੋ ਹੀ ਪੌੜੀ ਰਾਹੀਂ ਸਾਰੇ ਮੁਸਾਫਿਰ ਉਤਰ ਰਹੇ ਸਨ। ਪਰ ਅਸੀਂ ਬੜੇ ਸਬਰ ਸੰਤੋਖ ਦਾ ਸਬੂਤ ਪੇਸ਼ ਕਰਦੇ ਬਾਬੇ ਨਾਨਕ ਦੇ ਬੀਬੇ ਸਿੱਖ ਬਣ ਕੇ, ਦਿਲ ਵਿਚ ਨਾਨਕ ਨਾਮ ਲੇਵਾ ਦੀ ਸ਼ਰਧਾ ਨੂੰ ਰੱਖ ਕੇ ਜਹਾਜ਼ ਤੋਂ ਉਤਰ ਦੋਹਾ ਕਤਰ ਦੇ ਹਵਾਈ ਅੱਡੇ ਅੰਦਰ ਪਰਵੇਸ਼ ਕਰ ਗਏ।

## ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਰੋਡ ਯੂਬਾ ਸਿਟੀ ਦਾ ਪਾਣੀ ਸਾਫ-ਸੁਥਰਾ ਅਤੇ ਪੀਣ ਯੋਗ

ਯੂਬਾ ਸਿਟੀ- ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਰੋਡ ਯੂਬ0ਾ ਸਿਟੀ ਵਿਖੇ ਜੋ ਲੰਮੇ ਸਮੇਂ ਤੋਂ ਪੀਣ ਵਾਲੇ ਪਾਣੀ ਦੀ ਸਮੱਸਿਆ ਸੀ, ਉਸ ਲਈ ਨਵਾਂ ਟਿਊਬਵੈਲ ਲਗਾਇਆ ਗਿਆ ਹੈ, ਜਿਸ ਦੀ ਸਾਰੀ ਸੇਵਾ ਸ. ਨਾਹਰ ਸਿੰਘ ਹੀਰ ਅਤੇ ਸ. ਹੈਰੀ ਸਿੰਘ ਹੀਰ ਨੇ ਕੀਤੀ ਹੈ। ਜਿਸ ਦਾ ਪਾਣੀ ਸਟੇਟ ਵਾਟਰ ਰੀਸੋਰਸ ਕੰਟਰੋਲ ਬੋਰਡ ਦੇ ਅਧਿਕਾਰੀਆਂ ਵੱਲੋਂ ਆਪ ਗੁਰ-ਦੁਆਰਾ ਸਾਹਿਬ ਵਿਖੇ ਆ ਕੇ ਸੈਂਪਲ ਲਿਆ ਗਿਆ ਅਤੇ ਜਿਸ ਦਾ ਨਤੀਜਾ 100 ਫੀਸਦੀ ਸਾਫ ਪੀਣ ਯੋਗ ਪਾਣੀ ਹੈ ਅਤੇ ਉਹਨਾਂ ਨੇ ਇਸ ਦਾ ਸਰਟੀਫਿਕੇਟ ਵੀ ਜਾਰੀ ਕੀਤਾ ਹੈ, ਜਿਸ ਨੂੰ ਕਿ ਗੁਰਦੁਆਰਾ ਸਾਹਿਬ ਦੇ ਨੋਟਿਸ ਬੋਰਡ 'ਤੇ ਵੀ ਲਗਾਇਆ ਗਿਆ ਹੈ। ਪਰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕਿਸੇ ਖੇਤਾਂ ਵਾਲੇ ਟਿਊਬਵੈਲ ਤੋਂ ਪਾਣੀ ਭਰ ਕੇ ਉਸ ਨੂੰ ਕਿਸੇ ਪ੍ਰਾਈਵੇਟ ਲੈਬ ਤੋਂ ਗੁਰਦੁਆਰਾਸਾਹਿਬ ਦਾ ਪਾਣੀ ਕਹਿ ਕੇ ਟੈਸਟ ਕਰਵਾਇਆ ਗਿਆ ਜੋ ਕਿ ਕਦੀ ਵੀ ਪਾਸ ਨਹੀਂ ਹੋ ਸਕਦਾ ਸੀ। ਉਸ ਦੀ ਰਿਪੋਰਟ ਨੂੰ ਸੰਗਤਾਂ ਨੂੰ ਵਿਖਾ ਕੇ ਗੁੰਮ-ਰਾਹ ਕੀਤਾ ਜਾ ਰਿਹਾ ਹੈ ਕਿ ਗੁਰਦੁਆਰਾ ਸਾਹਿਬ ਦਾ ਪਾਣੀ ਪੀਣ ਯੋਗ ਨਹੀਂ ਹੈ, ਇਸ ਨੂੰ ਸਿਟੀ ਦੇ ਨਾਲ ਜੋੜਨਾ ਚਾਹੀਦਾ ਹੈ। ਗੁਰੂ ਘਰ ਵੱਲੋਂ ਜਾਰੀ ਕੀਤੀ ਪ੍ਰੈਸ ਰਿਲੀਜ਼ ਮੁਤਾਬਕ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦਾ ਪਾਣੀ 100 ਫੀਸਦੀ ਪੀਣਯੋਗ ਹੈ ਪਰ ਫਿਰ ਵੀ ਜੇ ਕੋਈ ਸਿਟੀ ਵਾਟਰ ਦੀ ਲਾਈਨ ਪਵਾਉਣਾ ਚਾਹੁੰਦਾ ਹੈ ਉਸ ਦੀ ਸੇਵਾ ਕਰਨਾ ਚਾਹੁੰਦਾ ਹੈ ਤਾਂ ਕਰ ਸਕਦਾ ਹੈ। ਉਸ ਦਾ ਸਾਰਾ ਖਰਚ ਉਸ ਨੂੰ ਖੁਦ ਕਰਨਾ ਹੋਵੇਗਾ। ਅਸੀਂ ਉਸ ਨੂੰ ਜੀ ਆਇਆਂ ਆਖਾਂਗੇ।

ਲੜਕੇ-ਲੜਕੀਆਂ ਲਈ ਵਰ ਦੀ ਲੋੜ ਹੋਵੇ ਤਾਂ

ਤੁਸੀਂ ਆਪਣੇ ਬੱਚਿਆਂ ਲਈ ਚੰਗੇ ਵਰ ਲੱਭ ਰਹੇ ਹੋ ਤਾਂ ਅਮਰੀਕਾ, ਕੈਨੇਡਾ ਵਿਚ
ਰਾਮਗੜ੍ਹੀਆਂ ਦੇ ਬੱਚਿਆਂ ਵਾਸਤੇ ਰਾਮਗੜ੍ਹੀਆ ਮੈਟਰੀਮੋਨੀਅਲ ਸੇਵਾ ਵਾਲੇ
ਹਰਬੰਸ ਸਿੰਘ ਬਾਂਸਲ ਨੂੰ ਫੋਨ ਕਰੋ:
647-234-4082
harbanssbansal@gmail.com

Low Rate Loans



Real Estate Loans
Construction Loans
Commercial Loans
Business Loans
Apartment Loans
Loans up to $30 Million

Credit or income problems are welcome

ਜੇ ਤੁਹਾਡਾ ਕਰੈਡਿਟ ਨਹੀਂ ਜਾਂ ਇਨਕਮ ਘੱਟ ਹੈ,
ਕੋਈ ਗੱਲ ਨਹੀਂ, ਬੱਸ ਇਕ ਵਾਰ ਫੋਨ ਕਰੋ

For more information Call:-
(408) 307-6331

# ਜਿਮੀਦਾਰਾਂ ਦੀ ਕਲਾਕਾਰੀ



ਰਾਮ ਹਰਸਿਮਰਨ ਸਿੰਘ ਐਮ. ਏ
510-355-2040
rhsingh2018@gmail.com

ਸੰਸਾਰ ਵਿਚ ਅਣਗਿਣਤ ਕਲਾ ਦੇ ਦੀਵੇ ਜਗਦੇ ਨੇ। ਕਈਆਂ ਦੀ ਲਾਟ ਬਹੁਤ ਉਚੀ ਏ, ਸਾਰੀ ਲੋਕਾਈ ਨੂੰ ਉਹਨਾਂ ਦੀ ਰੌਸ਼ਨੀ ਦਿੱਖ ਰਹੀ ਹੈ। ਕਈਆਂ ਦੀ ਆਪਣੇ ਘਰ ਤੱਕ ਸੀਮਤ ਹੈ ਜਾਂ ਬੜੀ ਗੱਲ ਆਂਢ-ਗੁਆਂਢ ਵਿਚ ਪਤਾ ਹੋਵੇਗਾ। ਕਹਿੰਦੇ ਜਿੰਨੇ ਵੀ ਸਾਜ਼ ਹੁਣ ਤੱਕ ਇਜ਼ਾਦ ਹੋਏ ਹਨ, ਉਹ ਧੁਨੀਆਂ ਪਰਮਾਤਮਾ ਨੇ ਆਪਣੇ ਭਗਤਾਂ ਨੂੰ ਸੁਣਾਈਆਂ ਤੇ ਉਹਨਾਂ ਨੇ ਫਿਰ ਕਿਸੇ ਪਦਾਰਥੀ ਚੀਜ਼ਾਂ ਦਾ ਸਹਾਰਾ ਲੈ ਕੇ ਸੰਸਾਰ ਵਿਚ ਸੁਣਾਈਆਂ। ਚਾਹੇ ਨੱਚਣਾ, ਸੰਗੀਤ, ਚਿੱਤਰਕਾਰੀ, ਲਿਖਣਾ, ਗਾਉਣਾ ਆਦਿ ਸਭ ਕਲਾਕਾਰੀਆਂ ਤੋਂ ਲੋਕ ਭਲੀ-ਭਾਂਤ ਜਾਣਕਾਰ ਨੇ। ਪਰ ਇਕ ਐਸੀ ਕਲਾ ਵੀ ਹੈ, ਜੋ ਬੜੇ ਵੱਡੇ ਪੈਮਾਨੇ 'ਤੇ ਬਿਖਰੀ ਹੋਈ ਹੈ। ਪਰ ਸਾਡੀਆਂ ਅੱਖਾਂ ਦੀ ਪਕੜ ਵਿਚ ਹੀ ਨਹੀਂ ਆਉਂਦੀ ਉਹ ਕਲਾ ਇਕ ਕਿਸਾਨ ਦੀ।

ਕਿਸਾਨ ਦੀ ਕਲਾਕਾਰੀ ਨੂੰ ਬਰੀਕੀ ਨਾਲ ਵੇਖੋ ਤਾਂ ਪਤਾ ਲੱਗਦਾ ਏ ਜਿਵੇਂ ਪਰਮਾਤਮਾ ਨੇ ਆਪ ਬਹੁਤ ਵੱਡੇ ਕੈਨਵਸ 'ਤੇ ਵੱਡੇ-ਵੱਡੇ ਬੁਰਸ਼ਾਂ ਨਾਲ ਸਾਰੀ ਧਰਤੀ ਨੂੰ ਸਤਰੰਗੀ ਪੀਂਘ ਵਾਂਗ ਰੰਗ ਦਿੱਤਾ ਹੋਵੇ। ਚਾਰ-ਨੁੱਕਰਾਂ ਦੀਆਂ ਤਿੱਖੀਆਂ ਕੋਨਾਂ ਜਿਵੇਂ ਕੈਂਚੀ ਨਾਲ ਛਾਂਟੀਆਂ ਹੋਣ ਤੇ ਫਿਰ ਸਿੱਧੀਆਂ ਲਕੀਰਾਂ ਜਿਵੇਂ ਫੁੱਟੇ ਨਾਲ ਗੁਣੀਆ ਕੱਢਿਆ ਹੋਵੇ।

ਸਰ੍ਹੋਂ ਦੇ ਪੀਲੇ ਫੁੱਲਾਂਵਿਚ ਹਰਿਆਈ, ਹਲਕੇ ਪੀਲੇ ਰੰਗ ਦੀ, ਅੱਖਾਂ ਨੂੰ ਇਵੇਂ ਚੁੰਧਿਆਉਂਦੀ ਹੈ, ਜਿਵੇਂ ਮਨ ਵਿਚ ਮਨਪਸੰਦ ਦੇ ਰੰਗ ਬਾਹਰ ਧਰਤੀ ਉਪਰ ਬਿਖੇਰ ਦਿੱਤੇ ਗਏ ਹੋਣ। ਕਿੰਨੀ ਵੱਡੀ ਪੱਧਰ 'ਤੇ ਕਲਾਕਾਰੀ ਹੋ ਰਹੀ ਏ। ਜੇਕਰ ਤੁਸੀਂ ਜਹਾਜ਼ ਉਪਰੋਂ ਜਾ ਕੇ ਵੇਖੋ ਜਾਂ ਕਿਸੇ ਉਚੀ ਪਹਾੜੀ 'ਤੇ ਜਾ ਕੇ, ਤਾਂ ਅਤਿਅੰਤਾਂ ਦੀ ਸਾਫ ਸਫਾਈ ਨਾਲ ਕੀਤੀ ਹੋਈ ਚਿੱਤਰਕਾਰੀ ਲੱਗੇਗੀ।

ਕਿਸਾਨ ਦੇ ਪੱਲੇ ਕਿੰਨਾ ਕੁਝ ਆਇਆ ਹੈ। ਬੱਸ ਨਹੀਂ ਆਇਆ ਤੇ ਬਹੁਤ ਸਾਰਾ ਪੈਸਾ। ਖੇਤ ਵਾਹੁਣ ਤੋਂ ਬਾਅਦ ਬੀਜ ਦਾ ਛੱਟਾ, ਸਭ ਤੋਂ ਵੱਧ ਖੁਸ਼ੀ ਦੇਣ ਵਾਲਾ ਵਖਤ ਹੁੰਦਾ ਹੈ। ਲੋਕੀ ਦਸ-ਦਸ ਰੁਪਏ ਦੇ ਕੇ ਪੈਂਤੀ ਵਾਰੀ ਸਪੀਕਰ ਵਿਚ ਨਾਮ ਬੁਲਾਉਂਦੇ ਹਨ। ਪਰ ਜ਼ਿਮੀਦਾਰ ਤਾਂ ਪਹਿਲੋਂ ਸਾਰੇ ਪਸ਼ੂ-ਪੰਛੀਆਂ, ਕੀੜੇ-ਮਕੌੜਿਆਂ ਨੂੰ ਦਾਨ ਦੇ ਚੁੱਕਾ ਹੁੰਦਾ, ਉਹ ਵੀ ਬੜੇ ਵੱਡੇ ਪੈਮਾਨੇ 'ਤੇ। ਇਕ ਖੇਤ ਨੂੰ ਕਣਕ ਦੇ ਪੰਜ-ਸੱਤ ਕਿੱਲੋ ਦਾਣੇ ਤਾਂ ਹੀ ਜ਼ਿਆਦਾ ਪਾਏ ਜਾਂਦੇ ਨੇ ਤਾਂ ਕਿ ਰੱਬ ਦੇ ਬਣਾਏ ਹੋਏ ਜੀਆਂ ਨੂੰ ਉਹਨਾਂ ਦਾ ਰਿਜ਼ਕ ਮਿਲ ਜਾਵੇ। ਪਰ ਸਰਕਾਰ ਜੀ. ਐਸ. ਟੀ. ਦੇ ਨਾਂ ਤੇ ਇਹਨਾਂ ਦੇ ਮੂੰਹੋਂ ਵੀ ਦਾਣੇ ਕੱਢਣ ਨੂੰ ਕਾਹਲੀ ਐ। ਟਰੈਕਟਰ, ਖੇਤੀ ਸੰਦਾਂ, ਖਾਦਾਂ ਸਭ ਤੇ ਟੈਕਸ ਜ਼ਿਆਦਾ ਤੇ ਪੈਟਰੋਲ-ਡੀਜ਼ਲ ਤੇ ਘੱਟ ਪਰ ਫਿਰ ਵੀ ਕਿਸਾਨ ਹਾਰ ਨਹੀਂ ਮੰਨ ਰਿਹਾ, ਕਿਉਂਕਿ ਬੜਾ ਵੱਡਾ ਕਲਾਕਾਰ ਏ ਨਾ ਦਿਲ ਵੱਡਾ ਏ ਇਸਦਾ।

ਇਹ ਕਿੰਨੀ ਵੱਖਰੀ ਜਿਹੀ ਗੱਲ ਹੈ ਸਭ ਕਲਾਕਾਰ ਆਪਣੀ ਕਲਾ ਦਿਖਾਉਣ ਲਈ ਫੀਸ ਵਸੂਲਦੇ ਹਨ। ਜਿਵੇਂ ਕਿਸੇ ਚਿੱਤਰਕਾਰ ਨੇ ਆਪਣੀਆਂ ਚਿੱਤਰਕਾਰੀਆਂ ਵਿਖਾਉਣੀਆਂ ਨੇ ਤਾਂ ਉਹ ਇਕ ਪ੍ਰਦਰਸ਼ਨੀ ਲਗਾਏਗਾ ਤੇ ਉਸਦੀ ਫੀਸ ਰੱਖੇਗਾ। ਇਵੇਂ ਹੀ ਗਾਉਣ ਵਾਲੇ, ਸੰਗੀਤਕਾਰ ਸਭ ਇਵੇਂ ਹੀ ਪਰ ਜ਼ਿਮੀਦਾਰ ਦੀ ਕਲਾਕਾਰੀ ਸਭ ਲਈ ਖੁੱਲ੍ਹੀ ਕਿਤਾਬ ਵਾਂਗ ਹੈ। ਸਭ ਲੋਕ ਆਪਣੀਆਂ ਅੱਖਾਂ ਨੂੰ ਹਰਿਆਲੀ ਵਿਚ ਤਾਜ਼ਾ ਕਰ ਸਕਦੇ ਹਨ। ਸਭ ਪਸ਼ੂ, ਪੰਛੀ, ਤਿਤਲੀਆਂ, ਪੀਲੇ-ਪੀਲੇ ਫੁੱਲਾਂ ਵਿਚ ਖੇਡ ਸਕਦੇ ਹਨ। ਅਕਸਰ ਲੋਕ ਕਹਿ ਦਿੰਦੇ ਹਨ ਕਿ ਤੂੰ ਤਾਂ ਮਿੱਟੀ ਐਂ ਮਤਲਬ ਕੁਝ ਕਰਨ ਦੇ ਕੰਮ ਨਹੀਂ ਆ ਸਕਦਾ ਪਰ ਕਿਸਾਨ ਦੀ ਕਲਾ ਉਸੇ ਮਿੱਟੀ ਵਿਚੋਂ ਸੋਨਾ ਉਗਾ ਦਿੰਦਾ ਹੈ। ਬੰਜਰਾਂ ਨੂੰ ਬਹਾਰ ਬਣਾ ਦਿੰਦਾ ਹੈ। ਇਕ ਦਾਣੇ ਤੋਂ ਸੌ ਦਾਣੇ ਉਪਜਾ ਦਿੰਦਾ ਹੈ। ਜਦੋਂ ਖੇਤਾਂ ਨੂੰ ਸਵੇਰੇ-ਸਵੇਰੇ ਪਾਣੀ ਲੱਗਦਾ ਹੈ ਕਿੰਨੀ ਠੰਡਕ ਮਹਿਸੂਸ ਹੁੰਦੀ ਹੈ। ਕਿੰਨੀ ਮਿੱਠੀ-ਮਿੱਠੀ ਖੁਸ਼ੀ ਮਿਲਦੀ ਹੈ, ਪਾਣੀ ਨੂੰ ਮਿੱਟ. ਦੀਆਂ ਢੇਲੀਆਂ ਨਾਲ ਅਠਖੇਲੀਆਂ ਕਰਦਿਆਂ ਵੇਖ ਕੇ, ਜਦੋਂ ਬੂਟੇ ਪਾਣੀ ਨੂੰ ਛੂੰਹਦੇ ਨੇ ਤਾਂ ਇਕ ਅਲੱਗ ਹੀ ਨਜ਼ਾਰਾ ਪੇਸ਼ ਹੁੰਦਾ ਹੈ। ਜਿਵੇਂ ਖਿੜ-ਖਿੜਾ ਕੇ ਕਿਸਾਨ ਦਾ ਧੰਨਵਾਦ ਕਰ ਰਹੇ ਹੋਣ। ਆਲੂ, ਮੱਕੀ, ਸੂਰਜਮੁਖੀ ਦੀਆਂ ਸਿੱਧੀਆਂ ਵੱਟਾਂ ਜਿਵੇਂ ਵਾਲਾਂ ਵਿਚ ਸਿੱਧੀ ਕੰਘੀ ਫੇਰੀ ਹੋਵੇ। ਉਹ ਮੱਕੀ ਦੇ ਚੌਰਸ ਕਿਆਰੇ, ਕਣਕ ਦੀਆਂ ਸੋਨੇ ਰੰਗੀਆਂ ਬੱਲੀਆਂ ਹੁਸਨ ਦੀ ਇੰਤਹਾ ਕਰਾ ਦਿੰਦੇ ਨੇ। ਮਿੱਟੀ ਦੀ ਖੁਸ਼ਬੂ ਸਿਰਫ ਉਹੀ ਬਿਆਨ ਕਰ ਸਕਦਾ ਹੈ, ਜਿਸਨੇ ਉਸ ਮਿੱਟੀ ਨੂੰ ਆਪਣੇ ਹੱਥਾਂ ਨਾਲ ਟੋਲਿਆ ਹੋਵੇ।

ਕਿੰਨੇ ਤੱਤ ਲੁਕੇ ਹੋਏ ਹਨ ਮਿੱਟੀ ਵਿਚ, ਸ਼ਾਇਦ ਤਾਂ ਹੀ ਕਿਸਾਨ ਬਿਮਾਰੀਆਂ ਤੋਂ ਪਰੇ ਰਿਾ ਹੈ। ਲੋਕੀ ਤਾਂ ਸਾਫ ਗੱਡੀਆਂ ਵੀ ਹੱਥਾਂ ਉਤੇ ਦਸਤਾਨੇ ਪਾ ਕੇ ਚਲਾਉਂਦੇ ਨੇ, ਮਿੱਟੀ ਤੋਂ ਦੂਰੀ ਹੀ ਸ਼ਾਇਦ ਦਵਾਈਆਂ ਦੇ ਨੇੜੇ ਲੈ ਜਾਂਦੀ ਏ। ਪਹਿਲਾਂ ਲੋਕਾਂ ਨੂੰ ਜਦੋਂ ਮਾਨਸਿਕ ਜਾਂ ਸਰੀਰਕ ਬਿਮਾਰੀ ਹੁੰਦੀ ਸੀ ਤਾਂ ਵੈਦ-ਹਕੀਮ ਅਕਸਰ ਖੁੱਲ੍ਹੇ ਪਹਾੜਾਂ ਜਾਂ ਖੇਤਾਂ ਦੀ ਸੈਰ ਕਰਨ ਦੀ ਸਲਾਹ ਦਿੰਦੇ ਸਨ, ਕਿਉਂਕਿ ਕੁਦਰਤ ਦਾ ਖੁੱਲ੍ਹਾਪਣ ਬਹੁਤ ਲਾਭਦਾਇਕ ਹੁੰਦਾ ਹੈ ਸਰੀਰ ਲਈ। ਕਿਸਾਨ ਕੁਦਰਤ ਦੇ ਕੋਲ ਰਹਿੰਦਾ ਹੈ ਤਾਂ ਹੀ ਕਰਕੇ ਪਸ਼ੂ-ਪੰਛੀਆਂ, ਕੀੜੇ-ਮਕੌੜਿਆਂ ਪਸ਼ੂਆਂ ਨਾਲ ਵੰਡ ਵਰਤ ਕੇ ਖਾਣ ਦਾ ਆਦੀ ਹੈ। ਕਿੰਨੀ ਸੋਹਣੀ ਗੱਲ ਹੈ ਨਾ ਵੰਡ ਕੇ ਛਕਣਾ।

ਹਰੀ ਕ੍ਰਾਂਤੀ ਆਉਣ ਤੋਂ ਬਾਅਦ ਇੱਕਦਮ ਕਿਸਾਨਾਂ ਦੇ ਚਿਹਰੇ 'ਤੇ ਖੁਸ਼ੀ ਦਿੱਸੀ ਸੀ। ਜੈ ਜਵਾਨ-ਜੈਕਿਸਾਨ ਦਾ ਨਾਅਰਾ ਵੀ ਬਹੁਤ ਪ੍ਰਚੱਲਿਤ ਹੋਇਆ ਸੀ ਪਰ ਇਸ ਖੁਸ਼. ਦੇ ਮਿੱਡੇ ਬੜੀ ਵੱਡੀ ਕੁਰਬਾਨੀ ਸੀ। ਜਿਵੇਂ ਨਸ਼ੇ ਕਰਨ ਵਾਲਾ ਨੌਜਵਾਨ ਜਦੋਂ ਨਵਾਂ-ਨਵਾਂ ਨਸ਼ਾ ਕਰਦਾ ਹੈ ਤਾਂ ਉਹਦਾਰੰਗ ਲਾਲ-ਸੁਰਖ ਹੋਜਾਂਦਾ ਹੈ, ਉਹ ਇਕ ਅਲੱਗ ਮਸਤੀ ਵਿਚ ਰਹਿੰਦਾ ਹੈ। ਗੱਲਾਂ ਉਤੇ ਲਾਲ ਰੰਗ ਡੁੱਲ-ਡੁੱਲ੍ਹ ਪੈਂਦਾ ਹੈ ਪਰ ਬਾਅਦ ਵਿਚ ਸਰੀਰ ਖੋਖਲਾਹੋ ਜਾਂਦਾ ਹੈ ਅਤੇ ਇਕ ਦਿਨ ਉਹ ਵੀ ਆਉਂਦਾ ਜਦੋਂ ਮੰਜੇ ਤੋਂ ਉਠਣਾ ਤੇ ਤੁਰਨੋਂ ਵੀ ਰਹਿ ਜਾਂਦਾ ਹੈ। ਇਸੇ ਤਰ੍ਹਾਂ ਹਰੀ ਦੇ ਨਾਂ ਤੇ ਇੱਕਦਮ ਖਾਦਾਂ ਦੀ ਵਰਤੋਂ ਵਧੀ।ਸਪਰੇਆਂ, ਡਾਇਆ, ਕੀਟਨਾਸ਼ਕਾਂ ਨੇ ਜ਼ਮੀਨ ਦੇ ਉਪਜਾਊ ਤੱਤ ਮਾਰ ਦਿੱਤੇ। ਝਾੜ ਜ਼ਰੂਰ ਵੱਧ ਮਿਲਿਆ, ਪੈਸੇ ਵੀ ਬਹੁਤ ਕਮਾਏ ਪਰ ਸਿਹਤ ਗੁਆ ਬੈਠੇ। ਹੁਣ ਪੰਜਾਬ ਦੇ ਖੇਤਾਂ ਵਿਚ ਕੀਟਨਾਸ਼ਕ ਖਾਦਾਂ ਤੋਂ ਬਿਨਾਂ ਕਣਕ ਉਗਾਉਣੀ ਸੁਪਨਾ ਹੋ ਗਿਆ ਹੈ। ਆਲੂ ਬੀਜਣ ਤੋਂ ਪਹਿਲਾਂ ਹੀ ਪੰਜ-ਪੰਜ ਬੋਰੇ ਡਾਇਆ ਖਾਦ ਪਾਉਣੀ ਪੈਂਦੀ ਹੈ। ਉਸ ਤੋਂ ਬਾਅਦ ਵੀ ਪਤਾ ਨਹੀਂ ਹੁੰਦਾ ਕਿ ਆਲੂ ਵਿਕਣਗੇ ਜਾਂ ਸੜਕਾਂ 'ਤੇ ਸੁੱਟਣੇ ਪੈਣਗੇ। ਨਸ਼ੇ ਵਾਂਗ ਦਵਾਈਆਂ, ਖਾਦਾਂ ਨੇ ਚੰਗੇ ਬੀਜ ਤੇ ਮਿੱਟ. ਦੀ ਸਿਹਤ ਵੀ ਖਰਾਬ ਕਰ ਦਿੱਤੀ। ਇੰਝ ਲੱਗਦਾ ਹਰੀ ਕ੍ਰਾਂਤੀ ਦਾ ਜ਼ਿਆਦਾ ਫਾਇਦਾ ਇਹਨਾਂ ਖਾਦਾਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਹੋਇਆ ਹੈ। ਉਤੋਂ ਸਰਕਾਰਾਂ ਦੇ ਹੱਥ ਇਹਨਾਂ ਨਾਲ ਸਿੱਧੇ ਤੌਰ ਤੇ ਮਿਲੇ ਹੋਏ ਹਨ।

ਸਰਕਾਰਾਂ ਦੀ ਨਾਕਾਮੀ ਕਿਸੇ ਤੋਂ ਲੁਕੀ ਨਹੀਂ ਹੋਈ। ਹਰ ਇਕ ਨਿੱਕੀ ਚੀਜ਼ ਦੀ ਇਸ਼ੋਰੈਂਸ ਜਾਂ ਗਰੰਟੀ ਮਿਲ ਜਾਂਦੀ ਏ ਪਰ ਕਿਸਾਨ ਦੀ ਫਸਲ ਵਾਸਤੇ ਕੋਈ ਠੋਸ ਕਦਮ ਨਹੀਂ, ਜਿਵੇਂ ਕੋਈ ਵੀ ਆਪਣੇ ਪੁੱਤਰ ਨੂੰ ਸੰਤ ਬਣਾ ਕੇ ਖੁਸ਼ ਨਹੀਂਪਰ ਸੰਤਾਂ ਦੇ ਮੱਥਾ ਟੇਕ ਕੇ ਜ਼ਰੂਰ ਰਾਜ਼ੀ ਏ। ਉਵੇਂ ਹੀ ਹੁਣ ਲੋਕੀ ਆਪਣੇ ਪੁੱਤਰ ਨੂੰ ਕਿਸਾਨ ਬਣਾਉਣ ਤੋਂ ਡਰਦੇ ਨੇ ਪਰ ਅਨਾਜ ਉਹਨਾਂ ਨੂੰ ਕਿਸਾਨ ਦੇ ਖੇਤਾਂ ਵਿਚੋਂ ਹੀ ਚਾਹੀਦਾ ਹੈ। ਉਹ ਡਰਦੇ ਨੇ ਕਿ ਕੀ ਪਤਾ ਕੱਲ੍ਹ ਨੂੰ ਗੜ੍ਹੇਮਾਰੀ ਹੋ ਜਾਵੇ ਤੇ ਸਾਡਾ ਪੁੱਤਰ ਖੁਦਕੁਸ਼ੀ ਕਰ ਲਵੇ। ਕਰਜ਼ਾ ਤਾਂ ਲਾਹ ਨੀ ਹੋਣਾ ਕਿਉਂਕਿ ਸਰਕਾਰ ਦੀ ਇਕ ਵੀ ਪਾਲਸੀ ਕਿਸਾਨਾਂ ਦੇ ਹੱਕ ਵਿਚ ਨਹੀਂ ਹੈ। ਕਾਗਜ਼ ਵਿਚ ਲਿਖਿਆ ਤੇ ਕਿਸਾਨ ਦੀ ਜੇਬ ਵਿਚੋਂ ਨਿਕਲਿਆ ਬਹੁਤ ਵੱਡਾ ਫਰਕ ਹੈ। ਜਦੋਂ ਤੱਕ ਕਿਸਾਨ ਖੁਦ ਆਪਣੇ ਅਨਾਜ ਦੀ ਕੀਮਤ ਤਹਿ ਕਰਨ ਯੋਗ ਸਮਰੱਥ ਨਹੀਂ ਹੋ ਜਾਂਦਾ। ਇਹ ਸਭ ਇਵੇਂ ਹੀ ਚੱਲੀ ਜਾਣਾ ਏ।ਪਤਾ ਨਹੀਂ ਸਰਕਾਰਾਂ ਕਦੋਂ ਮੁੱਲ ਪਾਉਣਗੀਆਂ। ਇਹ ਉਹੀ ਕਿਸਾਨ ਹੈ ਜਿਸ ਦੇ ਉਗਾਏ ਅਨਾਜ ਤੋਂ ਦੁਨੀਆਂ ਦੇ ਹਰ ਘਰ ਵਿਚ ਖੁਸ਼. ਉਪਜਦੀ ਏ।

ਗੁਰੂਆਂ-ਪੀਰਾਂ ਨੇ ਵੀ ਖੇਤੀ ਨੂੰ ਉਤਮ ਕਿਰਤ ਦੱਸਿਆ ਹੈ ਕਿਉਂਕਿ ਇਸ ਦੇ ਵਿਚ ਬਹੁਤੇ ਹੇਰ-ਫੇਰ ਨਹੀਂ ਹੁੰਦੇ, ਜੋ ਵੀ ਹੁੰਦਾ ਹੈ ਸਾਹਮਣੇ ਅੱਖਾਂ ਦੇ, ਨਾ ਕਿ ਬੰਦ ਕਮਰਿਆਂ ਵਿਚ। ਗੁਰੂ ਨਾਨਕ ਸਾਹਿਬ ਨੇ ਖੁਦ ਆਪ ਹਲ ਚਲਾ ਕੇ ਇਸ ਕਿਰਤ ਦੀ ਹਾਮੀ ਭਰੀ ਤੇ ਸਮਝਾਇਆ, ਇਸਦਾਸਿੱਧਾ ਸਬੰਧ ਪਰਮਾਤਮਾ ਦੀ ਕੁਦਰਤ ਨਾਲ ਜੁੜਿਆ ਹੋਇਆ ਹੈ। ਵਾਹਿਗੁਰੂ ਭਲਾ ਕਰੇ ਸਭ ਕਿਸਾਨਾਂ ਦੇ ਵਿਹੜੇ ਹਰੇ-ਭਰੇ ਰਹਿਣ।

# ਸਿੱਖਾਂ ਤੇ ਹਿੰਦੂਆਂ ਦੇ ਕਾਫ਼ਲੇ ਉੱਤੇ ਆਤਮਘਾਤੀ ਹਮਲਾ ਬੇਹੱਦ ਨਿੰਦਣਯੋਗ

ਅਫ਼ਗਾਨਿਸਤਾਨ ਵਿੱਚ ਸਿੱਖਾਂ ਤੇ ਹਿੰਦੂਆਂ ਦੇ ਕਾਫ਼ਲੇ ਉੱਤੇ ਐਤਵਾਰ ਨੂੰ ਹੋਏ ਆਤਮਘਾਤੀ ਹਮਲੇ ਦੀ ਚੁਪਾਸਿਓਂ ਨਿੰਦਾ ਹੋਈ ਹੈ। ਜਲਾਲਾਬਾਦ ਵਿੱਚ ਹੋਏ ਇਸ ਹਮਲੇ ਵਿੱਚ 20 ਦੇ ਕਰੀਬ ਜਾਨਾਂ ਚਲੀਆਂ ਗਈਆਂ ਜਦੋਂਕਿ ਇੰਨੇ ਹੀ ਲੋਕ ਜ਼ਖ਼ਮੀ ਵੀ ਹੋਏ। ਨਿਹੱਥਿਆਂ ਤੇ ਨਿਰਦੋਸ਼ਾਂ ਦੀਆਂ ਬੇਰਹਿਮੀ ਨਾਲ ਜਾਨਾਂ ਲੈਣ ਵਾਲਿਆਂ ਨੂੰ ਨਿੰਦਿਆ ਹੀ ਜਾਣਾ ਚਾਹੀਦਾ ਹੈ। ਇਸ ਹਮਲੇ ਦੀ ਜ਼ਿੰਮੇਵਾਰੀ ਦਹਿਸ਼ਤੀ ਸੰਗਠਨ 'ਇਸਲਾਮਿਕ ਸਟੇਟ' (ਆਈਐੱਸ) ਨੇ ਲਈ ਹੈ। ਉਸ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ''ਬਹੁਅਵਤਾਰਾਂ ਨੂੰ ਮੰਨਣ ਵਾਲਿਆਂ ਨੂੰ ਸਜ਼ਾ ਦੇਣੀ ਜ਼ਰੂਰੀ ਸੀ।'' ਇਹ ਬਿਆਨ ਦਰਸਾਉਂਦਾ ਹੈ ਕਿ ਮਜ਼ਹਬੀ ਨਫ਼ਰਤ, ਇਨਸਾਨਾਂ ਨੂੰ ਕਿਸ ਹੱਦ ਤਕ ਇਨਸਾਨੀ ਸੰਵੇਦਨਾਵਾਂ ਤੋਂ ਵਿਹੂਣਾ ਕਰ ਦਿੰਦੀ ਹੈ। ਉਂਜ, ਆਈਐੱਸ ਦੇ ਦਾਅਵੇ ਦੇ ਬਾਵਜੂਦ ਕੌਮਾਂਤਰੀ ਪੰਡਿਤਾਂ ਦਾ ਮੰਨਣਾ ਹੈ ਕਿ ਨਾਂਗਰਹਾਰ ਸੂਬੇ ਵਿੱਚ ਬੋਲਬਾਲਾ ਤਾਲਿਬਾਨ ਦਾ ਹੈ। ਹਮਲਾ ਅਫ਼ਗਾਨ ਰਾਸ਼ਟਰਪਤੀ ਅਬਦੁਲ ਗ਼ਨੀ ਦੀ ਨਾਂਗਰਹਾਰ ਫੇਰੀ ਨੂੰ ਸਾਬੋਤਾਜ ਕਰਨ ਲਈ ਪਾਕਿਸਤਾਨੀ ਏਜੰਸੀ ਆਈ ਐੱਸ ਆਈ ਨੇ ਤਾਲਿਬਾਨ ਰਾਹੀਂ ਹੀ ਕਰਵਾਇਆ ਪਰ ਇਸ ਉੱਪਰ ਠੱਪਾ ਆਈਐੱਸ ਦਾ ਲਾ ਦਿੱਤਾ ਗਿਆ ਤਾਂ ਜੋ ਅਮਰੀਕਾ ਦੀ ਅੱਖੀਂ ਘੱਟਾ ਪਾਇਆ ਜਾ ਸਕੇ।

ਸਿੱਖ ਤੇ ਹਿੰਦੂ ਅਫ਼ਗਾਨ ਸਮਾਜ ਦਾ ਬਹੁਤ ਪੁਰਾਣਾ ਹਿੱਸਾ ਹਨ। ਉਹ ਤਿੰਨ ਸਦੀਆਂ ਤੋਂ ਵੱਧ ਸਮੇਂ ਤੋਂ ਅਫ਼ਗਾਨ ਭੂਮੀ 'ਤੇ ਰਹਿ ਰਹੇ ਸਨ। ਜਿੱਥੇ ਹਿੰਦੂ ਮਤ ਦੇ ਪੈਰੋਕਾਰਾਂ ਦਾ ਅਫ਼ਗਾਨ ਭੂਮੀ 'ਤੇ ਵਾਸਾ ਸੈਂਕੜੇ ਸਾਲ ਪੁਰਾਣਾ ਹੈ, ਉੱਥੇ ਸਿੱਖਾਂ ਨੂੰ ਗ਼ਜ਼ਨੀ ਤੇ ਕੰਧਾਰ ਵਿੱਚ ਅਹਿਮਦਸ਼ਾਹ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਾਨ ਨੇ ਵਸਣ ਲਈ ਸੱਦਿਆ ਸੀ। ਸਿੱਖ ਰਾਜ ਦੇ ਪਤਨ ਤੋਂ ਬਾਅਦ ਵੀ ਸਿੱਖ ਕਾਰੋਬਾਰੀ ਅਫ਼ਗਾਨਿਸਤਾਨ ਜਾ ਕੇ ਵਸਦੇ ਰਹੇ। ਇਸੇ ਤਰ੍ਹਾਂ 1947 ਵਿੱਚ ਭਾਰਤ ਦਾ ਬਟਵਾਰਾ ਹੋ ਕੇ ਵੱਖਰਾ ਪਾਕਿਸਤਾਨ ਬਣਨ ਅਤੇ ਦੰਗੇ ਭੜਕਣ ਕਾਰਨ ਪਾਕਿਸਤਾਨ ਦੇ ਸੂਬਾ ਸਰਹੱਦ ਤੋਂ ਸੈਂਕੜੇ ਹਿੰਦੂ-ਸਿੱਖ ਪਰਿਵਾਰ ਹਿਜਰਤ ਕਰਕੇ ਅਫ਼ਗਾਨਿਸਤਾਨ ਚਲੇ ਗਏ ਸਨ। 1970ਵਿਆਂ ਵਿੱਚ ਉਸ ਮੁਲਕ 'ਚ ਹਿੰਦੂਆਂ-ਸਿੱਖਾਂ ਦੀ ਵਸੋਂ ਦੋ ਲੱਖ ਦੇ ਕਰੀਬ ਸੀ ਅਤੇ ਉਹ ਧਨਾਢ ਭਾਈਚਾਰਾ ਮੰਨੇ ਜਾਂਦੇ ਸਨ। ਲਗਾਤਾਰ ਹਿੰਸਾ ਕਾਰਨ ਇਨ੍ਹਾਂ ਵਿੱਚੋਂ ਬਹੁਤੇ ਪੱਛਮੀ ਮੁਲਕਾਂ ਵੱਲ ਹਿਜਰਤ ਕਰ ਗਏ। ਇਸ ਸਮੇਂ ਪੂਰੇ ਅਫ਼ਗਾਨਿਸਤਾਨ ਵਿੱਚ ਸਿੱਖਾਂ ਦੇ 1200 ਪਰਿਵਾਰ ਹਨ। ਉਨ੍ਹਾਂ ਦੀ ਵਸੋਂ ਅੱਠ ਹਜ਼ਾਰ ਦੇ ਕਰੀਬ ਦੱਸੀ ਜਾਂਦੀ ਹੈ। ਹਿੰਦੂਆਂ ਦੀ ਸੰਖਿਆ ਮੁਕਾਬਲਤਨ ਕਾਫ਼ੀ ਘੱਟ ਭਾਵ ਇੱਕ ਹਜ਼ਾਰ ਦੇ ਕਰੀਬ ਹੈ। ਏਨੀ ਛੋਟੀ ਵਸੋਂ ਤੋਂ ਕਿਸੇ ਵੀ ਅਫ਼ਗਾਨ ਨਸਲੀ ਗਰੁੱਪ ਨੂੰ ਕੋਈ ਖ਼ਤਰਾ ਨਹੀਂ ਹੋ ਸਕਦਾ, ਪਰ ਦਹਿਸ਼ਤੀ ਅਨਸਰਾਂ ਨੂੰ ਤਾਂ ਵੱਧ ਤੋਂ ਵੱਧ ਜਾਨਾਂ ਦੀ ਬਲੀ ਲੈਣੀ ਚੰਗੀ ਲੱਗਦੀ ਹੈ। ਵੱਧ ਮੌਤਾਂ ਨਾਲ ਉਨ੍ਹਾਂ ਦਾ ਖ਼ੌਫ਼ ਵਧਦਾ ਹੈ ਅਤੇ ਨਾਲ ਹੀ ਵੱਧ ਪ੍ਰਚਾਰ ਮਿਲਦਾ ਹੈ। ਅਜਿਹਾ ਹੀ ਮਕਸਦ ਐਤਵਾਰ ਵਾਲੇ ਹਮਲੇ ਦਾ ਜਾਪਦਾ ਹੈ।

ਰਾਸ਼ਟਰਪਤੀ ਅਬਦੁਲ ਗ਼ਨੀ ਨੇ ਇਸ ਹਮਲੇ ਦਾ ਬਦਲਾ ਲੈਣ ਦਾ ਵਾਅਦਾ ਕੀਤਾ ਹੈ, ਪਰ ਉਹ ਬਦਲਾ ਕਿਸ ਤੋਂ ਲੈਣਗੇ? ਉਨ੍ਹਾਂ ਦੀ ਸਰਕਾਰ ਤਾਂ ਕੌਮੀ ਰਾਜਧਾਨੀ ਕਾਬੁਲ ਨੂੰ ਵੀ ਮਹਿਫ਼ੂਜ਼ ਨਹੀਂ ਬਣਾ ਸਕੀ। ਜਲਾਲਾਬਾਦ ਸ਼ਹਿਰ, ਨਾਂਗਰਹਾਰ ਸੂਬੇ ਦੀ ਰਾਜਧਾਨੀ ਹੈ। ਇਸ ਸੂਬੇ ਵਿੱਚ ਪੁਲੀਸ ਤੇ ਸਰਕਾਰੀ ਸੁਰੱਖਿਆ ਏਜੰਸੀਆਂ ਦੀ ਥਾਂ ਤਾਲਿਬਾਨ ਦੀ ਚੌਧਰ ਵੱਧ ਚੱਲਦੀ ਹੈ। ਇਸ ਸੂਰਤ ਵਿੱਚ 'ਬਦਲਾ' ਕਿਵੇਂ ਲਿਆ ਜਾਵੇਗਾ?


ਬਹਰਹਾਲ, ਇਸ ਹਮਲੇ ਨੇ ਦਰਸਾ ਦਿੱਤਾ ਹੈ ਕਿ ਅਫ਼ਗਾਨ ਧਰਤੀ 'ਤੇ ਕੋਈ ਵੀ ਧਿਰ ਸੁਰੱਖਿਅਤ ਨਹੀਂ। ਅਜਿਹੀ ਸੂਰਤੇਹਾਲ ਲਈ ਜ਼ਿੰਮੇਵਾਰ ਭਾਵੇਂ ਅਫ਼ਗਾਨ ਗੁੱਟ ਵੀ ਹਨ, ਪਰ ਬਹੁਤਾ ਕਸੂਰ ਅਮਰੀਕਾ ਤੇ ਉਸ ਦੇ ਇਤਿਹਾਦੀ ਮੁਲਕਾਂ ਦਾ ਹੈ ਜਿਨ੍ਹਾਂ ਨੇ ਆਪਣੇ ਰਾਜਸੀ-ਆਰਥਿਕ ਲੋਭ-ਲਾਲਚਾਂ ਦੀ ਖਾਤਰ ਇੱਕ ਪੂਰੇ ਮੁਲਕ ਨੂੰ ਮੌਤ ਦੇ ਖੂਹ ਵਿੱਚ ਬਦਲ ਦਿੱਤਾ ਹੈ।

# ਹੁਣ ਪਾਣੀ ਦੀ ਘਾਟ ਬਣੇਗੀ ਖ਼ੁਦਕੁਸ਼ੀ ਵੱਲ ਪੇਸ਼ਕਦਮੀ?

ਪੀ ਪੀ ਐੱਸ ਗਿੱਲ

ਪੰਜਾਬ ਵਿੱਚ ਜ਼ਮੀਨਦੋਜ਼ ਜਲ ਦੀ 'ਸੰਭਾਲ ਤੇ ਮੁੜ ਭਰਾਈ' ਲਈ ਕਾਰਜ ਯੋਜਨਾ ਘੜਨ ਵਾਸਤੇ ਪੰਜਾਬ ਸਰਕਾਰ ਨੇ ਮੰਤਰੀਆਂ 'ਤੇ ਆਧਾਰਿਤ ਪੰਜ ਮੈਂਬਰੀ ਪੈਨਲ ਬਣਾਇਆ ਹੈ ਤਾਂ ਜੋ ਜਲ ਨੀਤੀ ਤਿਆਰ ਕੀਤੀ ਜਾ ਸਕੇ। ਜਲ ਨੀਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਾਰੀਆਂ ਧਿਰਾਂ ਨਾਲ ਸਲਾਹ ਮਸ਼ਵਰਾ ਕਰਨਾ ਜ਼ਰੂਰੀ ਹੈ: ਕੇਂਦਰ ਸਰਕਾਰ ਨਾਲ 'ਫ਼ਸਲੀ ਵੰਨ-ਸੁਵੰਨਤਾ' ਬਾਰੇ ਅਤੇ ਇਜ਼ਰਾਈਲ ਦੀ ਯਾਤਰਾ ਬਾਰੇ। ਇਜ਼ਰਾਈਲ ਹੀ ਕਿਉਂ? ਸੂਬਾ ਦੇ ਮੁੱਖ ਮੰਤਰੀ, ਅਫ਼ਸਰ ਅਤੇ ਮਾਹਿਰ ਪਿਛਲੇ ਸਮੇਂ ਦੌਰਾਨ ਇਜ਼ਰਾਈਲ ਵਿੱਚ ਖੇਤੀਬਾੜੀ ਤੇ ਇਸ ਨਾਲ ਜੁੜੇ ਵਿਸ਼ਿਆਂ ਦੇ ਅਧਿਐਨ ਲਈ ਉੱਥੇ ਜਾ ਚੁੱਕੇ ਹਨ। ਕੀ ਉਨ੍ਹਾਂ ਦੇ ਇਨ੍ਹਾਂ ਦੌਰਿਆਂ ਦੀਆਂ ਰਿਪੋਰਟਾਂ ਜਾਂ ਸਬੰਧਤ ਦਸਤਾਵੇਜ਼ ਸਰਕਾਰ ਕੋਲ ਨਹੀਂ ਹਨ? ਸਵਾਲ ਤਾਂ ਇਹ ਵੀ ਹੈ ਕਿ ਚੰਡੀਗੜ੍ਹ ਵਿੱਚ ਹੋਏ ਸੀਆਈਆਈ 'ਐਗਰੋ ਟੈੱਕ' ਮੇਲੇ ਤੋਂ ਸਿੱਖੇ ਸਬਕਾਂ ਦਾ ਕੀ ਬਣਿਆ? ਇਜ਼ਰਾਈਲ ਇਸ ਮੇਲੇ ਦਾ ਭਾਈਵਾਲ ਸੀ। ਖ਼ੈਰ, ਇਸ ਕਾਰਜ ਵਾਸਤੇ ਪੈਨਲ ਨੂੰ 45 ਦਿਨ ਦਿੱਤੇ ਗਏ ਹਨ।

ਮੁੱਖ ਮੰਤਰੀ ਦੀ ਪੰਜਾਬ ਵਿੱਚ ਜ਼ਮੀਨਦੋਜ਼ ਜਲ ਪੱਧਰ ਤੇਜ਼ੀ ਨਾਲ ਘਟਣ ਉਪਰ ਪ੍ਰਗਟਾਏ ਫ਼ਿਕਰ ਦੀ ਜਿੱਥੇ ਤਾਰੀਫ਼ ਕਰਨੀ ਬਣਦੀ ਹੈ, ਉੱਥੇ ਇਹ ਤੱਥ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਮਨੁੱਖ ਇਹ ਸਮੱਸਿਆ ਲੰਮੇ ਸਮੇਂ ਤੋਂ ਪੈਦਾ ਕਰਦਾ ਆ ਰਿਹਾ ਹੈ ਅਤੇ ਸਮੇਂ ਦੀਆਂ ਸਰਕਾਰਾਂ ਇਸ ਗ਼ਲਤੀ ਨੂੰ ਸੁਧਾਰਨ ਲਈ ਸੁਝਾਅ ਪੇਸ਼ ਕਰਦੀਆਂ ਰਿ-ਪੋਰਟਾਂ ਉਪਰ ਅਮਲ ਕਰਨ ਵਿੱਚ ਨਾਕਾਮ ਰਹੀਆਂ ਹਨ। ਪੈਨਲ ਕੀ ਸਿਫ਼ਾਰਸ਼ਾਂ ਕਰਦਾ ਹੈ, ਹੁਣ ਤਾਂ ਅਜੇ ਉਡੀਕਣਾ ਪਵੇਗਾ; ਫਿਰ ਵੀ, ਪੈਨਲ ਦੇ ਮੈਂਬਰ ਪੰਜਾਬ ਤੇ ਇਸ ਦੇ ਖ਼ਜ਼ਾਨੇ ਦੀ ਮਹਾਨ ਸੇਵਾ ਹੀ ਕਰ ਰਹੇ ਹੋਣਗੇ, ਜੇ ਉਹ ਵਿਦੇਸ਼ ਦੌਰੇ 'ਤੇ ਜਾਣ ਤੋਂ ਪਹਿਲਾਂ ਇਸ ਸੰਕਟ ਬਾਰੇ ਹੁਣ ਤੱਕ ਪ੍ਰਾਪਤ ਬਹੁਮੁੱਲਾ ਸਾਹਿਤ ਪੜ੍ਹ ਲੈਣ। ਸਰਕਾਰ ਨੇ ਵਿਹਾਰਕ ਤੇ ਕਾਰਗਰ 'ਜਲ ਨੀਤੀ' ਕਿਵੇਂ ਤਿਆਰ ਕਰਨੀ ਹੈ ਅਤੇ ਕਿਵੇਂ ਇਹ ਅਮਲ ਵਿੱਚ ਲਿਆਉਣੀ ਹੈ, ਪਹਿਲਾਂ ਪ੍ਰਾਪਤ ਰਿਪੋਰਟਾਂ ਵਿੱਚ ਸਭ ਕੁੱਝ ਦਰਜ ਹੈ। ਸਰਕਾਰ ਕੋਲ ਪਈਆਂ ਕਈ ਰਿਪੋਰਟਾਂ ਵਿੱਚੋਂ ਇਕ ਰਿਪੋਰਟ 'ਪੰਜਾਬ ਵਿੱਚ ਪਾਣੀ ਦਾ ਉਤਰਾਅ-ਚੜ੍ਹਾਅ' (ਪੰਜਾਬ: ਡਾਂਸ ਆਫ ਵਾਟਰ ਟੇਬਲ, ਅਕਤੂਬਰ 2007) ਹੈ। ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਦੀ 70 ਸਫ਼ਿਆਂ ਦੀ ਇਹ ਰਿਪੋਰਟ ਸਮੁੱਚੇ ਪੰਜਾਬ ਨੂੰ ਹਲੂਣ ਗਈ ਪਰ ਸਰਕਾਰ ਉਪਰ ਕੋਈ ਅਸਰ ਨਹੀਂ ਹੋਇਆ। ਇਸ ਰਿਪੋਰਟ ਦੇ ਲੇਖਕ ਕਰਮ ਸਿੰਘ (ਖੇਤੀ ਅਰਥਚਾਰੇ ਦਾ ਸਲਾਹਕਾਰ) ਨੇ ਇਹ ਰਿਪੋਰਟ ਇਸ ਤੱਥ ਦੁਆਲੇ ਗੁੰਦੀ ਕਿ 'ਭੋਜਨ ਸੁਰੱਖਿਆ ਦੀ ਜੰਗ ਜਿੱਤਣ ਲਈ ਜਲ ਹੀ ਹਥਿਆਰ ਹੈ'। ਇਹ ਰਿਪੋਰਟ 1973 ਤੋਂ 2006 ਤੱਕ ਦੇ ਸਮੇਂ ਨੂੰ ਆਪਣੇ ਘੇਰੇ ਵਿੱਚ ਲੈਂਦੀ ਹੈ। ਇਸ ਵਿੱਚ ਮਾਝੇ, ਦੁਆਬੇ ਤੇ ਮਾਲਵੇ ਦੇ ਸੰਕਟ ਵਾਲੇ ਖ਼ਿੱਤੇ, ਦਰਿਆਈ ਦਹਾਨੇ (ਡੈਲਟੇ), ਬਲਾਕ ਅਨੁਸਾਰ ਅੰਕੜੇ ਅਤੇ ਖਾਕੇ, ਸਭ ਕੁਝ ਬਾਰੇ ਭਰਪੂਰ ਜਾਣਕਾਰੀ ਹੈ। ਇਸੇ ਹਿਸਾਬ ਨਾਲ ਵਾਜਬ ਸਿਫ਼ਾਰਿਸ਼ਾਂ ਵੀ ਕੀਤੀਆਂ ਗਈਆਂ ਹਨ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਦੱਖਣ-ਪੱਛਮੀ ਪੰਜਾਬ ਵਿੱਚ ਜਲ ਪੱਧਰ ਵਧ ਰਿਹਾ ਅਤੇ ਦੂਜੇ ਦੋ ਖ਼ਿੱਤਿਆਂ ਵਿੱਚ ਤੇਜ਼ੀ ਨਾਲ ਘਟ ਰਿਹਾ ਹੈ। ਇਹ ਬਹੁਤ ਦਿਲਚਸਪ ਅਧਿਐਨ ਹੈ ਅਤੇ ਨਾਲ ਹੀ ਖ਼ਤਰੇ ਦੀ ਘੰਟੀ ਵੀ। ਇਹ ਅਧਿਐਨ ਸਰਕਾਰ ਉੱਪਰ ਜਲ ਨੀਤੀ ਤਿਆਰ ਕਰਨ ਲਈ ਜ਼ੋਰ ਪਾਉਂਦਾ ਹੈ ਅਤੇ ਇਹ ਵੀ ਕਹਿੰਦਾ ਹੈ ਕਿ ਇਸ ਵਾਸਤੇ 'ਸਖ਼ਤ ਫੈਸਲੇ ਕਰਨ ਅਤੇ ਦਲੇਰਾਨਾ ਕਦਮ ਉਠਾਉਣ' ਦੀ ਲੋੜ ਹੋਵੇਗੀ। ਇਸ ਰਿਪੋਰਟ ਦੀਆਂ ਵੱਡੀਆਂ ਸਿਫ਼ਾਰਿਸ਼ਾਂ ਇਹ ਹਨ: 'ਵੰਨ-ਸੁਵੰਨਤਾ' ਅਪਣਾਉਂਦਿਆਂ ਘੱਟੋ-ਘੱਟ ਪੰਜ ਲੱਖ ਹੈਕਟੇਅਰ ਜ਼ਮੀਨ ਨੂੰ ਝੋਨੇ ਹੇਠੋਂ ਕੱਢ ਕੇ ਬਦਲਵੀਆਂ ਫਸਲਾਂ ਲਿਆਉਣਾ, ਜ਼ਮੀਨਦੋਜ਼ ਜਲ ਦੀ ਸੰਭਾਲ, ਸਬਮਰਸੀਬਲ ਪੰਪਾਂ ਦੀ ਲਾਗਤ ਤੇ ਬਿਜਲੀ ਖਪਤ ਵਿੱਚ ਬੱਚਤ ਅਤੇ ਕਿਸਾਨਾਂ ਦੀ ਆਮਦਨ ਵਧਾਉਣਾ ਹੈ। ਜੇ ਅਗਲੇ ਦੋ ਦਹਾਕਿਆਂ ਵਿੱਚ ਪੰਜਾਬ ਬੰਜਰ ਹੋਣ ਕੰਢੇ ਪੁੱਜ ਜਾਂਦਾ ਹੈ ਤਾਂ ਅਜਿਹਾ ਐੱਸਐੱਸ ਜੌਹਲ ਕਮੇਟੀ ਦੀ 'ਖੇਤੀਬਾੜੀ ਦੀ ਵੰਨ-ਸੁਵੰਨਤਾ' ਬਾਰੇ ਰਿਪੋਰਟ ਲਾਗੂ ਕਰਨ ਵਿੱਚ ਨਾਕਾਮੀ ਕਰਕੇ ਹੋਵੇਗਾ। ਜ਼ਮੀਨਦੋਜ਼ ਜਲ ਬਚਾਉਣ ਹਿਤ ਇਹ ਰਿਪੋਰਟ ਸਰਕਾਰ ਕੋਲ 32 ਵਰ੍ਹੇ ਪਹਿਲਾਂ ਪੇਸ਼ ਕੀਤੀ ਗਈ ਸੀ। ਇਸ ਵਿੱਚ ਝੋਨੇ ਦੀ ਕਾਸ਼ਤ ਛੱਡਣ ਬਾਰੇ ਕਿਹਾ ਗਿਆ ਸੀ ਕਿਉਂਕਿ ਪੰਜਾਬ ਜਲ ਹੜੱਪਣ ਵਾਲੀ ਇਸ ਫ਼ਸਲ ਲਈ ਢੁੱਕਵੀਂ ਥਾਂ ਨਹੀਂ ਸੀ। ਜ਼ਮੀਨਦੋਜ਼ ਜਲ ਵਿੱਚ ਨਿਘਾਰ ਲਈ ਝੋਨੇ ਦੀ ਫ਼ਸਲ ਨੂੰ ਖਲਨਾਇਕ ਵਜੋਂ ਪੇਸ਼ ਕੀਤਾ ਗਿਆ ਹੈ। ਦਰਅਸਲ, ਮੌਨਸੂਨ ਅਤੇ ਝੋਨੇ ਦਾ ਕੋਈ ਮੇਲ ਨਹੀਂ। ਜੇ ਮੌਨਸੂਨ ਨਾਲ ਜਲ ਭੰਡਾਰ ਭਰਦਾ ਹੈ ਤਾਂ ਝੋਨੇ ਦੀ ਫ਼ਸਲ ਉਸ ਤੋਂ ਕਿਤੇ ਵੱਧ ਇਸ ਦੀ ਖਪਤ ਕਰ ਲੈਂਦੀ ਹੈ। ਪਾਣੀ ਦੀ ਵਧੇਰੇ ਮੰਗ ਅਤੇ ਜਲ ਸਰੋਤਾਂ ਦਾ ਕੁਪ੍ਰਬੰਧਨ, ਵਿਗੜਿਆ ਹੋਇਆ ਮੌਸਮੀ ਪੈਟਰਨ ਅਤੇ ਵਾਤਾਵਰਨਕ ਤਬਦੀਲੀਆਂ ਨੇ ਅਜਿਹੀ ਹਾਲਤ ਬਣਨ ਵਿੱਚ ਹਿੱਸਾ ਪਾਇਆ ਹੈ। ਪੰਜਾਬ ਸਟੇਟ ਫਾਰਮਰਜ਼ ਐਂਡ ਵਰਕਰਜ਼ ਕਮਿਸ਼ਨ ਦੇ ਖਰੜੇ 'ਪੰਜਾਬ ਸਟੇਟ ਫਾਰਮਰ'ਜ਼ ਪਾਲਿਸੀ' (ਜੂਨ 2018) ਵਿੱਚ ਵੀ ਜ਼ਮੀਨਦੋਜ਼ ਜਲ ਦੀ ਢੁੱਕਵੀਂ ਵਰਤੋਂ ਨੂੰ ਉਤਸ਼ਾਹਿਤ ਅਤੇ ਨਿਯਮਿਤ ਕਰਨ ਲਈ 'ਜਲ ਨੀਤੀ' ਤਿਆਰ ਕਰਨ ਉਪਰ ਜ਼ੋਰ ਦਿੱਤਾ ਗਿਆ ਹੈ। ਇਸ ਵਿੱਚ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਜਲ ਦੀ ਵੱਡੇ ਪੱਧਰ 'ਤੇ ਨਿਕਾਸੀ ਵਾਤਾਵਰਨਕ ਅਤੇ ਆਰਥਿਕ ਪੱਖ ਤੋਂ ਵਾਰਾ ਨਹੀਂ ਖਾਂਦੀ। ਇਸ ਦੇ ਨਤੀਜੇ ਵਜੋਂ ਦੱਖਣ-ਪੱਛਮੀ ਪੰਜਾਬ ਵਿੱਚ ਸੇਮ ਅਤੇ ਖਾਰੇਪਣ ਵਰਗੀ ਗੰਭੀਰ ਸਮੱਸਿਆ ਪੈਦਾ ਹੋ ਗਈ ਹੈ। ਇਸੇ ਤਰ੍ਹਾਂ ਕਮਿਸ਼ਨ ਦੇ ਖਰੜੇ 'ਪੰਜਾਬ ਲਈ ਖੇਤੀ ਨੀਤੀ' (ਮਾਰਚ 2013) ਵਿੱਚ ਵੀ ਜ਼ਮੀਨਦੋਜ਼ ਜਲ ਸੰਤੁਲਨ ਕਾਇਮ ਰੱਖਣ ਅਤੇ ਝੋਨੇ ਹੇਠ ਰਕਬਾ 16 ਲੱਖ ਹੈਕਟੇਅਰ ਤੱਕ ਸੀਮਤ ਰੱਖਣ ਉਪਰ ਜ਼ੋਰ ਦਿੱਤਾ ਗਿਆ ਹੈ। ਇਹ ਖਰੜਾ ਜਲ ਸਰੋਤਾਂ ਦੀ ਤਰਕਸੰਗਤ ਵਰਤੋਂ ਕਰਨ ਅਤੇ ਇਨ੍ਹਾਂ ਦੀ ਸਾਂਭ-ਸੰਭਾਲ, ਨਹਿਰੀ ਰੈਗੂ-ਲੇਟਰ ਸਿਸਟਮ ਦੇ ਆਧੁਨਿਕੀਕਰਨ, ਕੁਦਰਤੀ ਜਲ ਭੰਡਾਰਾਂ ਦੀ ਮੁੜ ਸੰਭਾਲ ਕੀਤੇ ਜਾਣ ਅਤੇ ਜ਼ਮੀਨ ਉਤਲੇ ਤੇ ਜ਼ਮੀਨ-ਦੋਜ਼ ਜਲ ਦੀ ਸੁਚੱਜੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ 'ਜਲ ਸਰੋਤ ਰੈਗੂਲੇਟਰੀ ਅਥਾਰਿਟੀ' ਕਾਇਮ ਕੀਤੇ ਜਾਣ ਉਪਰ ਜ਼ੋਰ ਦਿੰਦਾ ਹੈ।



# ਸਿਰ ਧਰ ਤਲੀ ਗਲੀ ਮੇਰੀ ਆਓ



ਡਾਕਟਰ ਅਜੀਤ ਸਿੰਘ ਕੋਟਕਪੂਰਾ
drsinghajit@gmail.com
585-305-0443

ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜਿਨ੍ਹਾ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਨੇ ਆਦੇਸ਼ ਦਿਤਾ ਸੀ ਕੇ ਸਿਖਾਂ ਨੂੰ ਸੰਤ ਸਿਪਾਹੀ ਦਾ ਜੀਵਨ ਬਤੀਤ ਕਰਨਾ ਚਾਹੀਦਾ ਹੈ ਸੰਤ ਤੋਂ ਭਾਵ ਪ੍ਰਮਾਤਮਾ ਦਾ ਸਿਮਰਨ ਕਰਨ ਵਾਲੇ ਅਤੇ ਸਿਪਾਹੀ ਤੋਂ ਭਾਵ ਯੁਧ ਲਈ ਤਤਪਰ ਰੇਹਨ ਵਾਲੇ ਅਤੇ ਬਾਬਾ ਦੀਪ ਸਿੰਘ ਜੀ ਇਸ ਦੀ ਮਸਾਲ ਹਨ। ਉਨ੍ਹਾ ਨੇ ਸਾਰੀ ਜ਼ਿੰਦਗੀ ਸਿਖੀ ਜੀਵਨ ਵਿਚ ਬਿਤਾਈ ਅਤੇ ਅੰਤਲੇ ਸਮੇਂ ੧੩ ਨਵੰਬਰ ੧੭੫੭ ਨੂੰ ਲੜਦੇ ਲੜਦੇ ਸ਼ਹੀਦ ਹੋ ਗਏ।

ਪਹੂਵਿੰਡ (ਅੰਮ੍ਰਿਤਸਰ) ਵਿਚ ਪਿਤਾ ਭਾਈ ਭਗਤਾ ਜੀ ਦੇ ਘਰ ਮਾਤਾ ਜੇਓਨੀ ਦੀ ਕੁਖ ਨੂੰ ੨੬ ਜਨਵਰੀ ੧੬੮੨ ਨੂੰ ਸੁਲਖਨੀ ਕੀਤਾ ਅਤੇ ਬਚਪਨ ਦਾ ਨਾਮ ਦੀਪਾ (ਪ੍ਰਕਾਸ਼/ ਚਾਨਣ) ਰਖਿਆ ਗਿਆ। ਕਈ ਇਤਿਹਾਸਕਾਰਾਂ ਨੇ ਜਨਮ ਮਿਤੀ ੨੦ ਜਨਵਰੀ ੧੬੮੨ ਦਰਜ ਕੀਤੀ ਹੈ। ੧੨ ਸਾਲ ਦੀ ਉਮਰ ਵਿਚ ਆਪਣੇ ਮਾਤਾ ਪਿਤਾ ਨਾਲ ਦਸਮੇਂ ਪਾਤਸ਼ਾਹ ਦੇ ਦਰਸ਼ਨ ਕਰਨ ਲਈ ਸ੍ਰੀ ਆਨੰਦਪੁਰ ਸਾਹਿਬ ਗਏ ਅਤੇ ਸੇਵਾ ਵਿਚ ਲਗ ਗਏ ਉਥੇ ਹੀ ਓਨਹਾ ਨੇ ਭਾਈ ਮਨੀ ਸਿੰਘ ਜੀ ਅਤੇ ਹੋਰ ਵਿਦਵਾਨਾਂ ਤੋਂ ਗੁਰਮੁਖੀ ਸਿਖੀ ਅਤੇ ਤਲਵਾਰਬਾਜ਼ੀ, ਘੋੜਸਵਾਰੀ ਅਤੇ ਸ਼ਸਤ੍ਰਕਲਾ ਵਿਚ ਨਿਪੁੰਨਤਾ ਹਾਸਲ ਕੀਤੀ। ਗੁਰਮੁਖੀ ਸਿਖਾਂ ਤੋਂ ਪਿਛੋਂ ਓਹ ਸਿਖ ਸਿਧਾਂਤ ਤੋਂ ਜਾਣੂ ਹੋਏ ਅਤੇ ਉਹਨਾ ਨੇ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਹੋਰ ਸਿਖ ਫਲਸਫੇ ਦੀ ਜਾਣਕਾਰੀ ਲਈ ਅਤੇ ਨਿਪੁਨਤਾ ਹਾਸਲ ਕੀਤੀ।

ਪੀਓ ਪਾਹੁਲ ਖੰਡੇ ਧਰ ਹੋਵੋ ਜਨਮ ਸੁਹੇਲਾ

18 ਸਾਲ ਦੀ ਉਮਰ ਵਿਚ ਆਨੰਦਪੁਰ ਸਾਹਿਬ ਵਿਖੇ ਹੀ ਪੰਜ ਪਿਆਰਿਆਂ ਤੋਂ ਖੰਡੇ ਬਾਟੇ ਦਾ ਪਾਹੁਲ ਛਕਿਆ ਅਤੇ ਜਨਮ ਸੁਹੇਲਾ ਕਰ ਲਿਆ ਅਤੇ ਗੁਰੂ ਵਾਲੇ ਦੀਪ ਸਿੰਘ ਬਣ ਗਏ।

ਖਾਲਸਾ ਅਕਾਲ ਪੁਰਖ ਕਿ ਫੌਜ ,
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ ,

ਅਕਾਲ ਪੁਰਖ ਦੀ ਫੌਜ ਵਿਚ ਸ਼ਾਮਲ ਹੋ ਗਏ ਅਤੇ ਹਮੇਸ਼ਾਂ ਹੀ ਜਰੂਰਤ ਮੰਦਾ ਅਤੇ ਕਮਜ਼ੋਰਾਂ ਦੇ ਮਦਦਗਾਰ ਰਹੇ ,ਸਚ ਅਤੇ ਨਿਆਂ ਦੀ ਪ੍ਰਾਪਤੀ ਲਈ ਝੁਜਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ੧੭੦੨ ਵਿਚ ਦੀਪ ਸਿੰਘ ਜੀ ਨੂੰ ਪਿੰਡ ਜਾ ਕੇ ਮਾਤਾ ਪਿਤਾ ਦੀ ਸੇਵਾ ਕਰਨ ਦਾ ਹੁਕਮ ਦਿਤਾ ਅਤੇ ਹੁਕਮ ਦੇ ਬਝੇ ਪਿੰਡ ਪ?ਜ ਕੇ ਖੇਤੀ ਵਿਚ ਲਗ ਗਏ ਅਤੇ ਬਜ਼ੁਰਗਾਂ ਦੀ ਸੇਵਾ ਵਿਚ ਜੁਟ ਪਏ ਪਹੂਵਿੰਡ ਵਿਚ ੧੭੦੪ ਵਿਚ ਜਾਣਕਾਰੀ ਮਿਲੀ ਕੇ ਚੋਜੀ ਗੁਰੂ ਦਸਮੇਂ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਛਡ ਦਿਤਾ ਹੈ ਅਤੇ ਵਡੇ ਸਾਹਿਬਜ਼ਾਦੇ ਸ੍ਰੀ ਅਜੀਤ ਸਿੰਘ ਅਤੇ ਸ੍ਰੀ ਜੁਝਾਰ ਸਿੰਘ ਜੀ ਚਮਕੌਰ ਸਾਹਿਬ ਵਿਚ ਸ਼ਹੀਦੀ ਪਾ ਗਏ ਹਨ ਅਤੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਓਹਨਾਂ ਤੋਂ ਵਿਛੜ ਚੁਕੇ ਹਨ। ਇਹ ਖਬਰ ਸੁਣ ਕੇ ਪਿੰਡ ਛਡ ਕੇ ਕਲਗੀਆਂ ਵਾਲੇ ਦੇ ਦਰਸ਼ਨ ਕਰਨ ਲਈ ਨਿਕਲ ਪਏ। ਦੀਪ ਸਿੰਘ ਜੀ ਦਾ ਮੇਲ ਗੁਰੂ ਜੀ ਨਾਲ ਪੰਜਵੇ ਤਖਤ ਤਲਵੰਡੀ ਸਾਬੋ (ਬਠਿੰਡਾ) ਵਿਖੇ ਹੋਇਆ ਓਥੇ ਹੀ ਪਤਾ ਲਗਾ ਕੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਸ੍ਰੀ ਜੋਰਾਵਰ ਸਿੰਘ ਅਤੇ ਫ਼ਤੇਹ ਸਿੰਘ ਨੂੰ ਨੀਹਾਂ ਵਿਚ ਚਿਣਵਾ ਦਿਤਾ ਗਿਆ ਸੀ ਕਿਓਂ ਜੋ ਓਨਾ ਨੇ ਵਜ਼ੀਰ ਖਾਨ ਦੇ ਹੁਕਮ ਅਨੁਸਾਰ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿਤਾ ਸੀ ਅਤੇ ਮਾਤਾ ਗੁਜਰੀ ਜੀ ਨੇ ਇਸ ਖਬਰ ਨੂੰ ਸੁਣ ਕੇ ਠੰਡੇ ਬੁਰਜ ਵਿਚ ਹੀ ਪ੍ਰਮਾਤਮਾ ਦੀ ਗੋਦ ਵਿਚ ਜਾ ਬਿਰਾਜੇ ਸਨ। ਕਿਸੇ ਕਵੀ ਨੇ ਇਸ ਤਰਾਂ ਲਿਖਿਆ ਹੈ -

ਗੁਜਰੀ ਲੋਕ ਮੈਨੂੰ ਤਾਹੀਓਂ ਆਖਦੇ ਨੇ, ਮਾਤਾ ਗੁਜਰੀ ਅੱਗੋਂ ਜਵਾਬ ਦਿੱਤਾ;
ਮੇਰਾ ਨਾਂ ਗੁਜਰੀ ਮੇਰੀ ਅੱਲ ਗੁਜਰੀ।
ਇਹੋ ਜਿਹੀ ਕਹਾਰੀ ਤਾਂ ਮੇਰੇ ਉੱਤੇ,
ਘੜੀ-ਘੜੀ ਗੁਜਰੀ ਪਲ-ਪਲ ਗੁਜਰੀ।
ਪਹਿਲਾਂ ਪਤੀ ਦਿੱਤਾ ਫਿਰ ਮੈਂ ਪੋਤੇ ਦਿੱਤੇ,
ਆ ਹੁਣ ਮੌਤ ਮੈਨੂੰ ਕਹਿੰਦੀ ਚਲ ਗੁਜਰੀ।
ਜਿਹੜੀ ਆਈ ਸਿਰ ।'ਤੇ ਉਹ ਮੈਂ ਝੱਲ ਗੁਜਰੀ।

੧੭੦੫ ਤੋਂ ੧੭੨੯ ਤਕ ਓਨਹਾ ਨੇ ਭਾਈ ਮਨੀ ਸਿੰਘ ਦੇ ਸਾਥ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਹਥ ਲਿਖਤ ਬੀੜਾਂ ਬਣਾਈਆਂ ਅਤੇ ਸਾਰੇ ਤਖਤਾਂ ਤੇ ਭੇਜੀਆਂ। ਬਹੁਤ ਸਾਰੇ ਗੁਟਕੇ ਵੀ ਹਥ ਲਿਖਤ ਤਿਆਰ ਕੀਤੇ ਗਏ ਆਪ ਜੀ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਮੁਖ ਗ੍ਰੰਥੀ ਵੀ ਰਹੇ।

ਬਾਬਾ ਜੀ ਨੇ ੧੭੦੯ ਵਿਚ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਅਤੇ ਸਢੌਰਾ ਦੇ ਹਾਕਮ ਤੋਂ ਪੀਰ ਬੁਧੂ ਸ਼ਾਹ ਦੀ ਮੌਤ ਦਾ ਇੰਤਕਾਮ ਲਿਆ। ੧੭੫੫ ਵਿਚ ਛੋਟੇ ਘਲੂਘਾਰੇ ਵਿਚੋਂ ,ਜਿਥੇ ਲਗਭਗ ੧੦,੦੦੦ ਸਿਖਾਂ ਨੇ ਕੁਰਬਾਨੀਆਂ ਦਿਤੀਆਂ, ਵਿਚ ਸ਼ਾਮਲ ਸਨ ਅਤੇ ਸਿਖ ਕੌਮ ਦੀ ਹੋਰ ਸੇਵਾ ਲਈ ਅਗੇ ਵਾਧੇ। ੧੭੫੩ ਵਿਚ ਮੁਗਲ ਗਵਰਨਰ ਨੇ ਸਿਖਾਂ ਨਾਲ ਸੰਧੀ ਕਰ ਲਈ ਅਤੇ ਬਾਬਾ ਦੀਪ ਸਿੰਘ ਜੀ ਨੇ ਨਵਾਬ ਕਪੂਰ ਸਿੰਘ ਨਾਲ ਮਿਲ ਕੇ ਦਲ ਖਾਲਸਾ ਬਣਾਇਆ ਜੋ ਦੋ ਹਿਸਿਆਂ ਬੁਢਾ ਦਲ ਅਤੇ ਤਰੁਨਾ ਦਲ ਵਿਚ ਵੰਡਿਆ ਗਿਆ ਜੋ ਫਿਰ ਪੰਜ ਜਥਿਆਂ ਵਿਚ ਹੋ ਗਿਆ ਅਤੇ ਇਕ ਜਥਾ ਬਾਬਾ ਦੀਪ ਸਿੰਘ ਜੀ ਦਾ ਹੋ ਗਿਆ ਜੋ ੧੭੪੮ ਵਿਚ ਮਿਸਲ ਬਣਿਆ ਅਤੇ ਇਸ ਮਿਸਲ ਦਾ ਨਾ ਸ਼ਹੀਦੀ ਮਿਸਲ ਸੀ। ਤਲਵੰਡੀ ਸਾਬੋ ਵਿਚ ਤਖਤ ਦੇ ਨਾਲ ਬੁਰਜ ਬਾਬਾ ਦੀਪ ਸਿੰਘ ਜੀ ਸ਼ਹੀਦ ਹੈ ਜਿਥੇ ਬਾਬਾ ਜੀ ਨੇ ਰਹ ਕੇ ਭਗਤੀ ਕੀਤੀ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਤੇ ਕਈ ਹਮਲੇ ਕੀਤੇ ਅਤੇ ਬਹੁਤ ਸਾਰਾ ਮਾਲ ਲੁਟ ਕੇ ਲੈ ਗਿਆ। ਚੋਥੇ ਹਮਲੇ ਸਮੇਂ ਸਿਖਾਂ ਨੂੰ ਖਤਮ ਕਰਨ ਲਈ ਅਤੇ ਗੁਰਦੁਵਾਰੇ ਦਾ ਨੁਕਸਾਨ ਕਰਨ ਲਈ ਤੇਮੂਰ ਸ਼ਾਹ ਨੂੰ ਹੁਕਮ ਕਰ ਕੇ ਚਲਾ ਗਿਆ। ਉਸ ਨੇ ਦਿਵਾਲੀ ਨਾ ਮਨੋਣ ਦਾ ਹੁਕਮ ਚਾੜ ਦਿਤਾ ।ਅੰਮ੍ਰਿਤਸਰ ਵਿਚ ਮੁਗਲ ਫੌਜਾਂ ਦਾ ਟਾਕਰਾ ਕਰਨ ਲਈ ਸਿਖਾਂ ਦਾ ਜਥਾ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿਚ ਤਲਵੰਡੀ ਸਾਬੋ ਤੋਂ ਨਿਕਲਿਆ ਰਸਤੇ ਵਿਚ ਹੋਰ ਸਿਖ ਸੰਗਤਾਂ ਸ਼ਾਮਲ ਹੁੰਦੀਆਂ ਗਈਆਂ ਅਤੇ ਗਿਣਤੀ ੫੦੦੦ ਹੋ ਗਈ ਉਸ ਸਮੇਂ ਬਾਬਾ ਜੀ ਨੇ ਖੰਡੇ ਨਾਲ ਲਕੀਰ ਖਿਚ ਕੇ ਆਖਿਆ ਕੇ ਜੋ ਮੌਤ ਤੋਂ ਨਹੀਂ ਡਰਦੇ ਅਤੇ ਆਰ ਪਾਰ ਦੀ ਲੜਾਈ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ ਲਕੀਰ ਲੰਘ ਆਓ ਤਾਂ ਹਾਜ਼ਰ ਸਾਰੇ ਸਿਖ ਲਕੀਰ ਲੰਘ ਗਏ ਤਾਂ ਓਹਨਾਂ ਨੇ ਇਹ ਸ਼ਬਦ ਉਚਾਰਿਆ :

ਜਉ ਤਉ ਪ੍ਰੇਮ ਖੇਲਣ ਕਾ ਚਾਓ,
ਸਿਰ ਧਰ ਤਲੀ ਗਲੀ ਮੇਰੀ ਆਓ
ਇਤ ਮਾਰਗ ਪਰ ਧਰੀਜੇ,
ਸਿਰ ਦੀਜੇ ਕਾਣ ਨਾ ਕੀਜੇ (ਸ ਗ ਗ ਸ ਪਨਾ ੧੪੧੨)

ਸਿਖ ਫੋਜ ਦਾ ਟਾਕਰਾ ਮੁਗਲ ਫੌਜ ਨਾਲ ੧੧ ਨਵੰਬਰ ੧੭੫੭ ਨੂੰ ਗੋਹਲਵੜ (ਅੰਮ੍ਰਿਤਸਰ) ਵਿਖੇ ਹੋਇਆ। ਸਿਖਾਂ ਨੇ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿਚ ਮੁਗਲ ਫੌਜ ਨਾਲ ਡਟ ਕੇ ਲੜਾਈ ਕੀਤੀ ਬਾਬਾ ਜੀ ਕੋਲ ੧੫ ਕਿਲੋ ਜਾਂ ੩੨ ਪੌਂਡ ਦਾ ਖੰਡਾ ਸੀ ਜੋ ਓਹ ਸਜੇ ਹਥ ਨਾਲ ਵਾਹ ਰਹੇ ਸੀ ਕੇ ਅਚਾਨਕ ਇਕ ਪਾਸੇ ਤੋਂ ਓਨਾਹ ਦੇ ਸਿਰ ਤੇ ਵਾਰ ਹੋਇਆ ਅਤੇ ਸਿਰ ਧੜ ਨਾਲੋਂ ਵਖ ਹੋ ਗਿਆ ਉਨਾਹ ਨੇ ਸਿਰ ਨੂੰ ਇਕ ਹਥ ਤੇ ਰਖ ਕੇ ਲੜਾਈ ਲੜਦੇ ਅਗੇ ਵਧਦੇ ਗਏ ਮੁਗਲ ਫੌਜ ਉਨਾਹ ਨੂੰ ਇਸ ਤਰਾਂ ਲੜਦਿਆਂ ਵੇਖ ਡਰ ਕੇ ਭਜਣ ਲਗ ਪਈ ਇਸ ਤਰਾਂ ਵਧਦੇ ਹੋਈ ਹੋਈ ਬਾਬਾ ਜੀ ਨੇ ਆਪਨਾ ਸਿਰ ਹਰਮੰਦਰ ਸਾਹਿਬ ਵਲ ਵਗਾਹ ਮਾਰਿਆ ਜੋ ਕੇ ਪਰਕਰਮਾ ਵਿਚ ਜਾ ਡਿਗਾ ਅਤੇ ਓਨਾਹ ਆਪਨਾ ਪ੍ਰਣ ਨਿਭਾਇਆ। ਓਹ ਲੜਾਈ ਸਿਖ ਜਿਤ ਗਏ ਅਤੇ ੧੭੫੭ ਦੀ ਦਿਵਾਲੀ /ਬੰਦੀ ਛੋੜ ਦਿਵਸ ਹਰਮੰਦਰ ਸਾਹਿਬ ਵਿਚ ਮਨਾਈ/ਮਨਾਇਆ ਗਈ/ਗਿਆ।

ਇਸ ਲਈ ਸੰਗਤ ਨੂੰ ਸਨਿਮਰ ਬੇਨਤੀ ਹੈ ਕੇ ਜਦੋਂ ਵੀ ਅੰਮ੍ਰਿਤਸਰ ਜਾਣ ਦਾ ਮੌਕਾ ਮਿਲੇ ਪਰਕਰਮਾ ਵਿਚ ਜਾਪੁ ਕਰਦੇ ਰੇਹਨ ਕਿਓਂ ਜੋ ਉਸ ਪ੍ਰਕਰਮਾ ਨੂੰ ਪ੍ਰਾਪਤ ਕਰਨ ਲਈ ਬਹੁਤ ਕੁਰਬਾਨੀਆ ਦਿਤੀਆਂ ਗਈਆਂ ਹਨ।

**ਸਿਖ ਫੌਜ ਦਾ ਟਾਕਰਾ ਮੁਗਲ ਫੌਜ ਨਾਲ ੧੧ ਨਵੰਬਰ ੧੭੫੭ ਨੂੰ ਗੋਹਲਵੜ (ਅੰਮ੍ਰਿਤਸਰ) ਵਿਖੇ ਹੋਇਆ। ਸਿਖਾਂ ਨੇ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿਚ ਮੁਗਲ ਫੌਜ ਨਾਲ ਡਟ ਕੇ ਲੜਾਈ ਕੀਤੀ ਬਾਬਾ ਜੀ ਕੋਲ ੧੫ ਕਿਲੋ ਜਾਂ ੩੨ ਪੌਂਡ ਦਾ ਖੰਡਾ ਸੀ ਜੋ ਓਹ ਸਜੇ ਹਥ ਨਾਲ ਵਾਹ ਰਹੇ ਸੀ ਕੇ ਅਚਾਨਕ ਇਕ ਪਾਸੇ ਤੋਂ ਓਨਾਹ ਦੇ ਸਿਰ ਤੇ ਵਾਰ ਹੋਇਆ ਅਤੇ ਸਿਰ ਧੜ ਨਾਲੋਂ ਵਖ ਹੋ ਗਿਆ ਉਨਾਹ ਨੇ ਸਿਰ ਨੂੰ ਇਕ ਹਥ ਤੇ ਰਖ ਕੇ ਲੜਾਈ ਲੜਦੇ ਅਗੇ ਵਧਦੇ ਗਏ ਮੁਗਲ ਫੌਜ ਉਨਾਹ ਨੂੰ ਇਸ ਤਰਾਂ ਲੜਦਿਆਂ ਵੇਖ ਡਰ ਕੇ ਭਜਣ ਲਗ ਪਈ ਇਸ ਤਰਾਂ ਵਧਦੇ ਹੋਈ ਬਾਬਾ ਜੀ ਨੇ ਆਪਨਾ ਸਿਰ ਹਰਮੰਦਰ ਸਾਹਿਬ ਵਲ ਵਗਾਹ ਮਾਰਿਆ ਜੋ ਕੇ ਪਰਕਰਮਾ ਵਿਚ ਜਾ ਡਿਗਾ ਅਤੇ ਓਨਾਹ ਆਪਨਾ ਪ੍ਰਣ ਨਿਭਇਆ।**

# ਕਿਸਾਨੀ ਸੰਕਟ ਦਾ ਰੁਦਨ



ਬਲੇਦਵ ਸਿੰਘ ਸੜਕਨਾਮਾ

ਇੱਕ ਸ਼ਹਿਰ ਦਾ ਰੇਲਵੇ ਸਟੇਸ਼ਨ।

ਬੈਂਚ ਉਪਰ ਸੱਠ ਕੁ ਸਾਲਾਂ ਦਾ ਇੱਕ ਵਿਅਕਤੀ ਆਪਣੇ ਗੋਡਿਆਂ ਵਿੱਚ ਸਿਰ ਦੇਈ ਬੈਠਾ ਹੈ। ਦਿੱਲੀ ਤੋਂ ਆਉਣ ਵਾਲੀ ਰੇਲ ਗੱਡੀ ਵਿੱਚ ਲਗਭਗ ਦੋ ਘੰਟੇ ਹਨ, ਜੇ ਸਹੀ ਵਕਤ 'ਤੇ ਆ ਜਾਵੇ। ਨਹੀਂ ਤਾਂ, ਪਤਾ ਨਹੀਂ, ਕਦੋਂ ਸੂਚਨਾ ਮਿਲਣ ਲੱਗ ਜਾਵੇ ਕਿ 'ਲਖਨਊ ਸੇ ਦਿੱਲੀ ਹੋਕੇ ਆਨੇ ਵਾਲੀ ਗਾੜੀ ਚਾਰ ਘੰਟੇ ਲੇਟ ਹੈ। ਇਸ ਅਸੁਵਿਧਾ ਕੇ ਲੀਏ ਹਮੇਂ ਖੇਦ ਹੈ।'

ਮੈਂ ਕਾਫ਼ੀ ਦੇਰ ਤੋਂ ਉਸ ਵਿਅਕਤੀ ਵੱਲ ਦੇਖ ਰਿਹਾ ਹਾਂ। ਕਦੇ ਕਦੇ ਉਹ ਸਿਰ ਚੁੱਕ ਕੇ ਆਲੇ-ਦੁਆਲੇ ਦੇਖਣ ਲੱਗਦਾ ਹੈ। ਦਾੜ੍ਹੀ ਲਗਭਗ ਸਫ਼ੈਦ ਹੈ। ਪਗੜੀ ਮੈਲੀ ਤਾਂ ਨਹੀਂ, ਪਰ ਸਾਫ਼ ਵੀ ਨਹੀਂ, ਢਿੱਲੀ ਜਿਹੀ ਸਿਰ ਉੱਪਰ ਬੰਨ੍ਹੀ ਹੋਈ ਹੈ। ਕੁੜਤਾ ਪਜਾਮਾ ਮਿੱਟੀ ਰੰਗਾ ਹੈ। ਪਤਾ ਨਹੀਂ ਲੱਗ ਰਿਹਾ, ਇਹ ਕੁਦਰਤੀ ਰੰਗ ਹੈ ਜਾਂ ਮੌਸਮ ਦੀ ਮਾਰ ਨਾਲ ਅਜਿਹਾ ਹੋ ਗਿਆ ਹੈ। ਮੈਂ ਲੁਧਿਆਣੇ ਜਾਣਾ ਸੀ। ਗੱਡੀ ਆਉਣ ਵਿੱਚ ਅਜੇ ਵਕਤ ਸੀ। ਉਂਜ ਸਟੇਸ਼ਨ ਉਪਰ ਸਵਾਰੀਆਂ ਦੀ ਭੀੜ ਤਾਂ ਨਹੀਂ ਆਖੀ ਜਾ ਸਕਦੀ, ਪਰ ਸਟੇਸ਼ਨ ਖਾਲੀ ਵੀ ਨਹੀਂ ਕਿਹਾ ਜਾ ਸਕਦਾ। ਜੂਨ ਮਹੀਨੇ ਦਾ ਆਖ਼ਰੀ ਹਫ਼ਤਾ ਸੀ। ਉਸ ਦੇ ਕੋਲ ਬੈਂਚ 'ਤੇ ਬੈਠਦਿਆਂ ਮੈਂ ਪੁੱਛਿਆ, "ਬਜ਼ੁਰਗੋ, ਕਿੱਥੇ ਜਾਣੈ?" ਉਹ ਹੈਰਾਨ ਹੋਇਆ ਜਿਵੇਂ ਉਸ ਨੂੰ ਅਜਿਹੇ ਸਵਾਲ ਦੀ ਉਮੀਦ ਨਹੀਂ ਸੀ। ਸਿਰ ਚੁੱਕਿਆ, ਮੇਰੇ ਵੱਲ ਗਹੁ ਨਾਲ ਦੇਖਿਆ, ਫਿਰ ਹੌਲੀ ਹੌਲੀ ਬੋਲਿਆ, ''ਜਾਣਾ ਕਿੱਥੇ ਐ? ਮੈਂ ਤਾਂ ਆਇਆਂ ਏਥੇ।''

ਮੈਂ ਹੈਰਾਨ ਸੀ। ਰੇਲਵੇ ਸਟੇਸ਼ਨ ਉੱਪਰ ਤਾਂ ਕਿਤੇ ਨਾ ਕਿਤੇ ਜਾਣ ਲਈ ਹੀ ਬੰਦਾ ਆਉਂਦਾ ਹੈ। ਇਹ ਕਹਿੰਦਾ ਹੈ, ਮੈਂ ਆਇਆਂ, ਜੇ ਆਇਆ ਹੈ ਤਾਂ ਇੱਥੇ ਕਿਉਂ ਬੈਠਾ ਹੈ। ਆਪਣੇ ਘਰ ਕਿਉਂ ਨਹੀਂ ਜਾਂਦਾ? ਜੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਆਇਆ ਹੈ, ਉੱਥੇ ਕਿਉਂ ਨਹੀਂ ਜਾਂਦਾ? ਮੇਰੇ ਮਨ ਵਿੱਚ ਇਕਦਮ ਭਿਆਨਕ ਵਿਚਾਰ ਨੇ ਸਿਰ ਚੁੱਕਿਆ, 'ਕਿਤੇ ਖ਼ੁਦਕੁਸ਼ੀ ਤਾਂ ਨਹੀਂ ਕਰਨ ਆਇਆ?' ਮੈਂ ਪੁੱਛਿਆ, ''ਕਦੋਂ ਕੁ ਦੇ ਬੈਠੇ ਓ ਏਥੇ?''

''ਮੈਂ ਤਾਂ ਸਵੇਰੇ ਹੀ ਆ ਗਿਆ ਸੀ।'' ਉਹ ਢਿੱਲਾ ਜਿਹਾ ਬੋਲਿਆ।

ਮੇਰਾ ਉਹ ਵਿਚਾਰ ਦਮ ਤੋੜ ਗਿਆ। ਸੋਚਿਆ, ਰੇਲ ਗੱਡੀ ਹੇਠਾਂ ਹੀ ਆਉਣਾ ਹੁੰਦਾ ਤਾਂ ਹੁਣ ਤਕ ਕਈ ਗੱਡੀਆਂ ਨਿਕਲ ਚੁੱਕੀਆਂ ਨੇ। ਹੋ ਸਕਦੈ ਘਰੋਂ ਲੜ ਕੇ ਆਇਆ ਹੋਵੇ ਤੇ ਏਥੇ ਬੈਠ ਕੇ ਵਕਤ ਲੰਘ ਰਿਹਾ ਹੋਵੇ। ਮੈਥੋਂ ਫਿਰ ਰਿਹਾ ਨਾ ਗਿਆ, ਪੁੱਛਿਆ, ''ਕਿਤੇ ਤਾਂ ਜਾਣਾ ਈ ਹੋਊਗਾ ਬਾਬਾ!''

''ਨਹੀਂ, ਕਿਤੇ ਨਹੀਂ ਜਾਣਾ...।''

''ਫਿਰ ਏਥੇ ਰੇਲਵੇ ਸਟੇਸ਼ਨ...!''

ਉਹ ਮੈਨੂੰ ਟੋਕ ਕੇ ਬੋਲਿਆ, "ਮੈਂ ਏਥੇ ਭਈਆਂ ਨੂੰ ਉਡੀਕਦਾਂ। ਮੈਂ ਤਾਂ ਉਨ੍ਹਾਂ ਨੂੰ ਐਡਵਾਂਸ ਪੈਸੇ ਵੀ ਭੇਜੇ ਹੋਏ ਨੇ। ਪਨੀਰੀ ਤਿਆਰ ਐ, ਦਸ ਏਕੜ ਖੇਤ ਵੀ ਤਿਆਰ ਕੀਤਾ ਪਿਐ, ਹੁਣ ਭਈਆਂ ਦਾ ਕੀ ਕਰੀਏ, ਫੋਨ ਈ ਨ੍ਹੀਂ ਚੁੱਕਦੇ...। ਫੋਨਾਂ 'ਤੇ ਈ ਸ਼ਰਤਾਂ ਰੱਖੀ ਜਾਂਦੇ ਐ, ਕਦੇ ਕਹਿੰਦੇ ਐ, ਮੋਬਾਈਲ 'ਚ ਪੈਸੇ ਪੁਆ ਦਿਓ, ਕਦੇ ਕਹਿੰਦੇ ਐ ਸ਼ਾਮ ਨੂੰ ਬੋਤਲ ਤੇ ਮੁਰਗਾ ਵੀ ਚਾਹੀਦੈ। ਸਾਰਾ ਕੁਝ ਮੰਨੀ ਜਾਂਦੇ ਆਂ, ਫੇਰ ਵੀ ਅੱਜ ਭਲਕ ਕਰੀ ਜਾਂਦੇ ਐ। ਜੇ ਪਨੀਰੀ ਪੱਕਗੀ ਤਾਂ ਹੋਰ ਪੰਗਾ ਖੜ੍ਹਾ ਹੋ ਜਾਣੈ। ਸਰਕਾਰ ਨੇ ਤਾਂ ਪਹਿਲਾਂ ਹੀ ਦਸ ਦਿਨ ਪਛੇਤੇ ਕਰਤੇ।''

ਮੈਂ ਉਸ ਦੇ ਮੂੰਹ ਵੱਲ ਵੇਖਿਆ। ਮੈਂ ਉਸ ਦੀ ਪੀੜਾ ਸਮਝਦਾ ਸੀ। ਕਿਹਾ, "ਹੁਣ ਇਨ੍ਹਾਂ ਮਜ਼ਦੂਰਾਂ ਦੇ ਭਰੋਸੇ ਕਿੰਨਾ ਕੁ ਚਿਰ ਬੈਠੇ ਰਹੋਗੇ? ਮੈਂ ਸੁਣਿਐ- ਬਠਿੰਡੇ ਵੱਲ ਤਾਂ ਮਜ਼ਦੂਰ ਲੱਖ-ਲੱਖ, ਪੰਜਾਹ-ਪੰਜਾਹ ਹਜ਼ਾਰ ਐਡਵਾਂਸ ਲੈ ਕੇ ਈ ਭੱਜਗੇ।'' "ਆਹੀ ਤਾਂ ਚਿੰਤਾ ਲੱਗੀ ਹੋਈ ਐ, ਐਡਵਾਂਸ ਤਾਂ ਅਸੀਂ ਵੀ ਦੇਈ ਬੈਠੇ ਆਂ। ਕੀ ਕਰੀਏ, ਇਨ੍ਹਾਂ ਬਿਨਾਂ ਸਰਦਾ ਵੀ ਹੈ ਨ੍ਹੀਂ।'' ਉਸ ਨੇ ਬੇਵੱਸੀ ਜਿਹੀ ਵਿੱਚ ਲੰਮਾ ਸਾਹ ਲਿਆ।

"ਮੁੰਡੇ ਹੈਗੇ ਐ?'' ਮੈਂ ਸੁਭਾਵਿਕ ਹੀ ਪੁੱਛ ਲਿਆ।

"ਸੁੱਖ ਨਾਲ ਮੁੰਡੇ ਤਾਂ ਚਾਰ ਐ।'' ਉਹ ਬੋਲਿਆ।

"ਉਹ ਲਾ ਲੈਂਦੇ ਝੋਨਾ ਵੇਲੇ ਸਿਰ।''

"ਮੈਂ ਤਾਂ ਕਿਹਾ ਸੀ, ਪਰ ਉਨ੍ਹਾਂ ਕੋਲ ਤਾਂ ਵਿਹਲ ਈ ਹੈ ਨ੍ਹੀਂ।''

"ਕੀ ਕੰਮ ਕਰਦੇ ਐ?'' ਮੈਂ ਪੁੱਛਿਆ।

''ਇੱਕ ਤਾਂ ਸ਼ਹਿਰ 'ਚ ਐ ਏਥੇ, ਕੀ ਕਹਿੰਦੇ ਐ- ਐ'ਲਟ-ਉ'ਲਟ ਕਰਦੈ, ਕਹਿੰਦਾ ਮੈਂ ਤਾਂ ਕਨੇਡੇ ਵੱਲ ਨਿਕਲਣੈ। ਦੂਜਾ, ਪਿੰਡ 'ਚ ਕਿਸੇ ਦਾ ਅਧਾਰ ਕਾਰਡ ਬਣਾਤਾ, ਕਿਸੇ ਦਾ ਜਨਮ ਸਾਟੀਫਿਕੇਟ ਬਣਾਤਾ, ਕਹਿੰਦਾ ਮੈਂ ਤਾਂ ਸਮਾਜ ਸੇਵਾ ਕਰਨੀ ਐ। ਕਦੇ ਖ਼ੂਨ ਦਾਨ ਕੈਂਪ ਵਾਲਿਆਂ ਨਾਲ ਤੁਰ ਜਾਂਦੈ, ਕਦੇ ਕੋਈ ਐੱਮ. ਐੱਲ. ਏ. ਜਾਂ ਮੰਤਰੀ ਆ ਜੇ ਤਾਂ ਸਟੇਜ-ਸਟੂਜ ਦਾ ਪ੍ਰਬੰਧ ਕਰਦਾ ਹੁੰਦੈ।...ਬਥੇਰਾ ਕਹੀਦਾ ਐ, ਕੋਈ ਕੰਮ-ਧੰਦਾ ਕਰ ਲੈ, ਪਰ ਸੁਣਦਾ ਨ੍ਹੀਂ ਕੋਈ...'' ਮੈਨੂੰ ਉਸ ਦੇ ਚਿਹਰੇ ਉੱਪਰ ਲਾਚਾਰੀ ਦਿਸੀ।

"ਦੂਜੇ ਦੋ ਮੁੰਡੇ?'' ਮੈਂ ਪੁੱਛਿਆ। ''ਵੱਡਾ ਮੁੰਡਾ ਤਾਂ ਕਿਸਾਨ ਯੂਨੀਅਨ ਦਾ ਮੈਂਬਰ ਐ। ਉਹਨੂੰ ਥਾਂ ਥਾਂ ਧਰਨੇ ਲਾਉਣੇ ਪੈਂਦੇ ਐ। ਲੀਡਰਾਂ ਦੇ ਪੁਤਲੇ ਫੂਕਣੇ ਹੁੰਦੇ ਐ। ਉਹਦੇ ਕੋਲ ਤਾਂ ਵਿਹਲ ਈ ਹੈ ਨ੍ਹੀਂ। ਤੇ ਉਸ ਤੋਂ ਛੋਟਾ ਸਵੇਰੇ ਮੋਟਰ ਸੈਕਲ ਲੈ ਕੇ ਸ਼ਹਿਰ ਨੂੰ ਤੁਰ ਜਾਂਦੈ ਤੇ ਨ੍ਹੇਰੇ ਹੋਏ ਘਰੇ ਵੜਦੈ। ਉਹੋ ਜਿਹੇ ਉਹਦੇ ਯਾਰ ਬੇਲੀ ਐ।'' ਉਹ ਚੁੱਪ ਕਰ ਗਿਆ। ਫਿਰ ਅੱਖਾਂ ਉੱਪਰ ਹੱਥ ਦਾ ਛੱਪਰ ਬਣਾ ਕੇ ਦੂਰ ਦੇਖਣ ਲੱਗਿਆ। ਮੈਨੂੰ ਪੁੱਛਿਆ, "ਵੇਖ ਖਾਂ ਸ਼ੇਰਾ... ਆਉਂਦੀ ਲੱਗਦੀ ਐ ਗੱਡੀ...!'' ਪਤਾ ਨਹੀਂ ਕਦੋਂ ਤਕ ਇਹ ਬਜ਼ੁਰਗ ਗੱਡੀ ਨੂੰ ਉਡੀਕਦਾ ਇਸੇ ਤਰ੍ਹਾਂ ਬੈਠਾ ਰਹੇਗਾ। ਮੈਂ ਸੋਚਣ ਲੱਗਾ, ਸ਼ਾਇਦ ਸਚਮੁੱਚ ਹੀ ਪੰਜਾਬ ਵਿੱਚੋਂ ਕਿਰਤ ਸਭਿਆਚਾਰ ਖ਼ਤਮ ਹੋ ਗਿਆ। ਇਸ ਬਜ਼ੁਰਗ ਦੇ ਚਾਰ ਪੁੱਤਰ ਹਨ, ਪੰਜਵਾਂ ਉਹ ਆਪ ਹੈ। ਜੇ ਹੱਥੀ ਮਿਹਨਤ ਕਰਨ ਤਾਂ ਆਥਣ ਨੂੰ ਹੇਠਲੀ ਉੱਤੇ ਕਰ ਦੇਣ, ਫਿਰ ਨਾ ਪਰਵਾਸੀ ਮਜ਼ਦੂਰਾਂ ਦੀ ਝਾਕ ਰਹੇ, ਨਾ ਕਿਸੇ ਦੇ ਐਡਵਾਂਸ ਲੈ ਕੇ ਭੱਜਣ ਦਾ ਡਰ ਰਹੇ। ...ਕੀ ਕਿਸਾਨੀ ਸੰਕਟ ਦੇ ਕੁਝ ਨਾ ਕੁਝ ਅਸੀਂ ਖ਼ੁਦ ਜ਼ਿੰਮੇਵਾਰ ਤਾਂ ਨਹੀਂ?



# ਨਿੱਕਾ ਸਿੰਘ 'ਦਰਦੀ'- ਜੀਹਦਾ ਨਵਿਆਂ ਚੰਦਾਂ ਦੇ ਵਿਚ ਡੇਰਾ




ਜਗਤਾਰ ਸਿੰਘ ਗਿੱਲ, ਫਰੀਮਾਂਟ
(ਪਿੰਡ ਪੁਰਾਣੇ ਵਾਲਾ, ਮੋਗਾ)
408-857-4455


ਜਦੋਂ ਮੈਂ ਬਹੁਤ ਛੋਟਾਸੀ ਤਾਂ ਪਿੰਡਾਂ ਵਿਚ ਵਿਆਹਾਂ-ਸ਼ਾਦੀਆਂ ਤੇ ਸਪੀਕਰ ਲੱਗਦੇ ਸਨ। ਅਸੀਂ ਬਚਪਨ ਵਿਚ ਇੰਨਾ ਆਨੰਦ ਮਾਣਦੇ। ਇਹੀ ਗੀਤ ਸੰਗੀਤ ਮੇਰੇ ਲਈ ਚਾਰ ਅੱਖਰ ਲਿਖਣ ਦਾ ਸਬੱਬ ਬਣ ਗਿਆ।ਇਹ ਗੀਤ ਮੈਂ ਲਿਖ ਲੈਣੇ ਫਿਰ ਯਾਦ ਕਰਕੇ ਜ਼ੁਬਾਨੀ ਉਚੀ-ਉਚੀ ਗਾਉਣੇ। ਮੇਰੇ ਤਿੰਨ ਚਾਰ ਗੀਤ ਬਹੁਤ ਪਸੰਦ ਸਨ- ਪਾਲੀ ਪਾਣੀ ਖੂਹ ਤੋਂ ਭਰੇ, ਨੈਣ ਪਰੀਤੋ ਦੇ ਬਹਿਜਾ-ਬਹਿਜਾ ਕਰਦੇ, ਜਿਹੜੇ ਤੱਕ ਲੈਂਦੇ, ਨਾ ਜਿਉਂਦੇ ਨਾ ਮਰਦੇ, ਛਣਕਾਟਾ ਪੈਂਦਾ ਗਲੀ ਗਲੀ ਨੀ ਮੇਰੀ ਐਸੀ ਝਾਂਜਰ ਛਣਕੇ। ਪਹਿਲਾ ਗੀਤ ਗੁਰਪਾਲ ਸਿੰਘ ਪਾਲ ਦਾ ਦੂਜਾ ਰਮੇਸ਼ ਰੰਗੀਲੇ ਤੇ ਤੀਜਾ ਸਦੀਕ ਦਾ ਗਾਇਆ ਤੇ ਦੀਦਾਰ ਸੰਧੂ ਦਾ ਲਿਖਿਆ। ਇਹਨਾਂ ਤੋਂ ਇਲਾਵਾ ਦੋ ਹੋਰ ਗੀਤ ਸਨ ਜੋ ਮੈਨੂੰ ਬਹੁਤ ਪਸੰਦ ਸਨ-

ਟੁੱਟ ਪੈਣੇ ਦੋਧੀ ਨੇ ਮੈਨੂੰ ਅੱਧੀ ਰਾਤੀਂ ਆਣਕੇ ਜਗਾਇਆ
ਨਾ ਵੱਸ ਤੇਰੇ ਕੁੜੀਏ ਨਾ ਵੱਸ ਮੇਰੇ ਕੁੜੀਏ
ਨੀ ਹੁਣ ਪਾ ਲਿਆ ਇਸ਼ਕ ਨੇ ਘੇਰਾ
ਸੰਭਲ ਕੇ ਪੱਟੀ ਕਦਮਾਂ
ਨੀ ਕਿਤੇ ਲੱਥ ਨਾ ਮਰੋੜਾ ਖਾ ਜੇ ਤੇਰਾ

ਇਹ ਦੋਵੇਂ ਗੀਤ ਨਿੱਕਾ ਸਿੰਘ 'ਦਰਦੀ' ਦੇ ਹਨ, ਜਿਸ ਬਾਰੇ ਅੱਜ ਮੈਂ ਗੱਲ ਕਰਨ ਜਾ ਰਿਹਾ ਹਾਂ। ਇਹਨਾਂ ਨੂੰ ਮਿਲ ਕੇ ਇਹਨਾਂ ਦੀ ਸੰਘਰਸ਼ ਭਰੀ ਜ਼ਿੰਦਗੀ ਬਾਰੇ ਪਤਾ ਲੱਗਾ। ਕਿਸਮਤ ਕੀ ਹੁੰਦੀ ਹੈ, ਇਸਨੂੰ ਮੈਂ ਬਹੁਤ ਨੇੜੇ ਹੋ ਕੇ ਵੇਖਿਆ। ਮਾੜੇ ਦਿਨ ਕੀ ਹੁੰਦੇ ਹਨ ਉਹ ਅਨੁਭਵ ਲਿਆ। ਨਿੱਕਾ ਸਿੰਘ ਦਰਦੀ ਮੇਰੇ ਨਾਨਕਿਆਂ ਤੋਂ ਹੈ, ਭਾਵ ਨਵੇਂ ਚੰਦਾ ਤੋਂ। ਨਵੇਂ ਤੇ ਪੁਰਾਣੇ ਚੰਦ ਦਾ ਫਰਕ ਇੰਨਾ ਹੀ ਹੈ, ਇਕ ਨਹਿਰ ਦੇ ਆਸ-ਪਾਸ ਹੈ, ਦੂਜਾ ਦੂਜੇ ਦੇ।ਇਹ ਸਿੱਧੂ ਬਰਾੜਾਂ ਦਾ ਬੜਾ ਹੀ ਖੁਸ਼ਹਲ ਪਿੰਡ ਹੈ, ਮੋਗੇ ਸ਼ਹਿਰ ਦੀ ਕੁੱਖ ਵਿਚ ਪੈਂਦਾ ਹੋਣ ਕਰਕੇ ਲੋਕ ਅਮੀਰ ਹੋ ਗਏ ਹਨ। ਇਸੇ ਹੀ ਪਿੰਡ ਦਾ ਇਕ ਮਹਾਨ ਕਲਾਕਾਰ ਹੋਇਆ ਹੈ 'ਨਿੱਕਾ ਸਿੰਘ ਦਰਦੀ', ਜਿਸਨੇ ਚੰਦ ਦਾ ਨਾਂ ਦੁਨੀਆਂ ਭਰ ਵਿਚ ਮਸ਼ਹੂਰ ਕਰ ਦਿੱਤਾ ਹੈ।

ਦਰਦੀ ਗਾਇਕ ਦੇ ਨਾਲ-ਨਾਲ ਗੀਤਕਾਰ ਵੀ ਬਹੁਤ ਵਧੀਆ ਸੀ। ਗੀਤਾਂ ਵਿਚ ਪਿੰਡ ਦਾ ਤੇ ਆਪਣਾ ਨਾਂ ਇਉਂ ਫਿੱਟ ਕਰਦਾ ਸੀ ਕਿ ਨਜ਼ਾਰਾ ਆ ਜਾਵੇ ਸੁਣਕੇ।

ਤੂੰ ਵੀ ਕੁਝ ਸੋਚ ਦਰਦੀ
ਹਿੱਸਾ ਘਰਦਿਆਂ ਤੋਂ ਆਪਣਾ ਵੰਡਾ ਲੈ
ਜਿੱਥੇ ਤੇਰੀ ਪੱਤੀ ਲੱਗਦੀ
ਨਵੇਂ ਚੰਦਾਂ ਤੋਂ ਚੁਬਾਰਾ ਬਾਹਰ ਪਾ ਲੈ।

ਵਰਮੇ ਨੂੰ ਵੇਖ ਹੱਸਦੀ
ਨੀ ਨਾਲੇ ਹੱਟਦੀ ਪਰਾਂ ਨੂੰ ਜਾਵੇ
ਛੋਟਾ ਘੜਾ ਚੁੱਕ ਪਤਲੋ ਨੀ
ਤੇਰੇ ਲੱਕ ਨੂੰ ਜ਼ਰਬ ਨਾ ਜਾਵੇ
ਲੜ ਲੱਗ ਦਰਦੀ ਦੇ
ਨੀ ਜੀਹਦਾ ਨਵਿਆਂ ਚੰਦਾਂ ਵਿਚ ਡੇਰਾ
ਨਾ ਵੱਸ ਤੇਰੇ ਕੁੜੀਏ, ਨਾ ਵੱਸ ਮੇਰੇ ਕੁੜੀਏ
ਨੀ ਹੁਣ ਪਾ ਲਿਆ ਇਸ਼ਕ ਨੇ ਘੇਰਾ
ਸੰਭਲ ਕੇ ਪੱਟੀ ਕਦਮਾਂ
ਨੀ ਕਿਤੇ ਲੱਕ ਨਾ ਮਰੋੜਾ ਖਾ ਜੇ ਤੇਰਾ।

ਇਹ ਗੀਤ ਪੱਥਰ ਦੇ ਤਵੇ 'ਚ ਇਕ ਇੱਧਰ ਤੇ ਦੂਜਾ ਉਧਰ ਹੁੰਦਾ ਸੀ। ਇਹਨਾਂ ਗੀਤਾਂ ਨੂੰ ਰਿਕਾਰਡ ਕੀਤਾ ਸੀ ਮੋਗੇ ਸ਼ਹਿਰ ਦੀ ਵਰਮਾ ਗਰਾਮੋਫੋਨ ਕੰਪਨੀ ਨੇ। ਉਹਨਾਂ ਦਿਨਾਂ ਵਿਚ ਸਿਰਫ ਐਚ. ਐਮ. ਵੀ. ਕੰਪਨੀ ਰਿਕਾਰਡਿੰਗ ਕਰਦੀ ਸੀ ਤੇ ਉਸਦੀ ਸਰਦਾਰੀ ਸੀ। ਕਿਸੇ ਨੂੰ ਚਾਹੇ ਰਿਕਾਰਡ ਕਰੇ, ਚਾਹੇ ਨਾ। ਉਸਦੇ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਜ਼ਹੀਰ ਅਹਿਮਦ ਵਰਗੇ ਸਖਤ ਤੇ ਕਰੱਖਤ ਬੰਦੇ ਹੁੰਦੇ ਸਨ। ਇਹ ਕੰਪਨੀ ਕਿਸੇਹੋਰ ਕੰਪਨੀ ਦੇ ਪੈਰ ਨਾ ਲੱਗਣ ਦਿੰਦੀ। ਨਿੱਕਾ ਸਿੰਘ 'ਦਰਦੀ' ਤੇ ਕੁਲਦੀਪ ਮਾਣਕ ਸਮਕਾਲੀ ਸਨ। ਦੋਵੇਂ ਪੰਦਰਾਂ ਰੁਪਏ ਮਹੀਨੇ ਤੇ ਕਮਰਾ ਲੈ ਕੇ ਕੱਠੇ ਲੁਧਿਆਣੇ ਰਹਿੰਦੇ ਸਨ। ਜਿਹਨਾਂ ਕਲਾਕਾਰਾਂ ਦੀ ਚੜ੍ਹਤ ਸੀ, ਜਿਹਨਾਂ ਵਿਚ ਹਰਚਰਨ ਗਰੇਵਾਲ ਤੇ ਸੀਮਾ, ਰਮੇਸ਼ ਸਿੰਗਲਾ ਹੋਰੀ ਸਨ, ਉਹਨਾਂ ਨਾਲ ਦਸ ਰੁਪਏ ਪ੍ਰਤੀ ਖਾੜਾ ਲੈਂਦੇ ਸਨ। ਇਕ ਦੋ ਗੀਤ ਸੁਣਾ ਦਿੰਦੇ ਸਨ।

ਕਈ ਵਾਰ ਕਈ ਕਲਾਕਾਰ ਸਿਰਫ ਪਊਆ ਪਲੇਟ 'ਤੇ ਹੀ ਲੈ ਜਾਂਦੇ। ਦਰਦੀ ਆਪ ਗੀਤ ਲਿਖ ਲੈਂਦਾ ਤੇ ਛੋਟੇ-ਮੋਟੇ ਪ੍ਰੋਗਰਾਮਾਂ ਤੇ ਸਸਤੇ ਭਾਅ ਚਲਿਆ ਜਾਂਦਾ। ਇਕ ਦਿਨ ਕਿਸੇ ਵਿਆਹ ਵਿਚ ਦਰਦੀ ਨੇ ਕਿਸੇ ਹੋਰ ਕਲਾਕਾਰ ਨਾਲ ਦੋ ਗੀਤ ਸਾਹ ਦਿਵਾਉਣ ਲਈ ਗਾਏ। ਮੋਗਾ ਵਾਲਾ ਵਰਮਾ ਜਿਸਨੇ ਹੁਣੇ ਹੀ ਵਰਮਾ ਗਰਾਮੋਫੋਨ ਕੰਪਨੀ ਖੋਲ੍ਹੀ ਸੀ, ਉਸ ਪ੍ਰੋਗਰਾਮ ਵਿਚ ਹਾਜ਼ਰ ਸੀ। ਉਸਨੇ ਦਰਦੀ ਨੂੰ ਅਗਲੇ ਦਿਨ ਮੋਗੇ ਆਉਣ ਨੂੰ ਕਿਹਾ ਤੇ ਕੰਟਰੈਕਟ ਸਾਈਨ ਕਰ ਲਿਆ, ਦਸ ਸਾਲਾਂ ਲਈ। ਇਹ ਸਾਈਨਾਂ ਨੇ ਦਰਦੀ ਦੀ ਚੜ੍ਹਾਈ ਵੀ ਕਰਵਾ ਦਿੱਤੀ ਤੇ ਬਾਅਦ ਵਿਚ ਜੜ੍ਹੀਂ ਤੇਲ ਵੀ ਪਾ ਦਿੱਤਾ। ਚੜ੍ਹਾਈ ਇਸ ਤਰ੍ਹਾਂ ਹੋਈ ਕਿ ਮਾਲਵੇ ਇਲਾਕੇ



'ਚ ਦਰਦੀ ਤੇ ਸਕੁੰਤਲਾ ਦੇ ਖਾੜ੍ਹੇ ਲੱਗਣ ਲੱਗ ਪਏ। ਪੂਰੀ ਚੜ੍ਹਾਈ ਹੋ ਗਈ। ਦਰਦੀ ਨੇ ਮਾਣਕ ਨੂੰ ਬਹੁਤ ਕਿਹਾ ਕਿ ਤੂੰ ਵੀ ਸਾਈਨ ਕਰ ਲੈ ਪਰ ਆਪਣੀ ਮਰਜ਼ੀ ਪੁਗਾਉਣ ਵਾਲਾ ਮਾਣਕ ਐਚ. ਐਮ. ਵੀ. ਜਾਣਾ ਚਾਹੁੰਦਾਸੀ। ਦਰਦੀ ਦੀ ਚੜ੍ਹਾਈ ਮਾਣਕ ਤੋਂਪਹਿਲਾਂ ਹੋ ਗਈ ਤੇ ਗੀਤ ਵੀ ਪਹਿਲਾਂ ਰਿਕਾਰਡ ਹੋਣੇ ਸ਼ੁਰੂ ਹੋ ਗਏ। ਜਿਵੇਂ ਮਰਜ਼ੀ ਸੀ ਪਰ ਇਹਨਾਂ ਦੀ ਦੋਸਤੀ ਅਖੀਰਲੇ ਦਮ ਤੱਕ ਰਹੀ। ਜਦਦਰਦੀ ਦੀ ਚੜ੍ਹਾਈ ਸੀ ਉਸਨੇ ਦੋਸਤੀ ਬਰਕਰਾਰ ਰੱਖੀ। ਫਿਰ ਦਰਦੀ ਡਾਊਨ ਹੋ ਗਿਆ, ਮਾਣਕ ਨੇ ਦੋਸਤੀ ਨਿਭਾਈ। ਇਕ-ਦੂਜੇ ਦੇ ਦੁੱਖ-ਸੁੱਖ ਵਿਚ ਹਾਜ਼ਰ ਹੁੰਦੇ ਰਹੇ। ਬੱਚਿਆਂ ਦੇ ਵਿਆਹਾਂ 'ਚ ਮੂਹਰੇ ਹੋ ਕੇ ਕੰਮ ਕੀਤਾ।

ਦਰਦੀ ਦੇ ਗੀਤਾਂ ਵਿਚ ਵਰਮੇ ਦਾ ਨਾਂਵੀ ਜ਼ਰੂਰ ਹੁੰਦਾ। ਕਿਉਂਕਿ ਲੁਧਿਆਣਾ ਉਦੋਂ ਗਾਇਕਾਂ ਦਾ ਗੜ੍ਹ ਸੀ ਤੇ ਮੋਗੇ ਆਉਣਾ ਕੋਈ ਪਸੰਦ ਨਾ ਕਰਦਾ। ਨਵੇਂ ਉਭਰਦੇ ਗਾਇਕ ਗੀਤ ਕਰਾਉਂਦੇ, ਉਹ ਚੰਗੀ ਤਰ੍ਹਾਂ ਚਲਦੇ ਨਾ ਤੇ ਕੰਪਨੀ ਨੂੰ ਕਮਾਈ ਨਾ ਹੁੰਦੀ। ਅਖੀਰ ਕੰਪਨੀ ਫੇਲ੍ਹ ਹੋ ਗਈ।

ਕੰਪਨੀ ਤਾਂ ਫੇਲ੍ਹ ਹੋ ਗਈ ਪਰ ਵਰਮੇ ਦੀ ਵੱਡੀ ਗਲਤੀ ਸੀ, ਉਸਨੇ ਕੰਪਨੀ ਦਾ ਨਾਂ ਉਵੇਂ ਹੀ ਰਜਿਸਟਰਡ ਰਹਿਣ ਦਿੱਤਾ। ਇਸ ਨਾਲ ਕੀਤੇ ਕੰਟਰੈਕਟ ਮੁਤਾਬਕ ਦਰਦੀ ਹੋਰੀਂ ਤੇ ਬਾਕੀ ਦੇ ਕਲਾਕਾਰ ਕਿਸੇ ਹੋਰ ਕੰਪਨੀ ਨਾਲ ਰਿਕਾਰਡ ਨਾ ਕਰਵਾ ਸਕੇ ਮਿੱਥੇ ਸਮੇਂ ਤੱਕ। ਜਦ ਨੂੰ ਦਰਦੀ ਹੋਰਾਂ ਦੇ ਦਸ ਸਾਲ ਪੂਰੇ ਹੋਏ 'ਸੰਗੀਤ ਜਗਤ' ਬਹੁਤ ਅੱਗੇ ਲੰਘ ਚੁੱਕਾ ਸੀ। ਇਹੀ ਤ੍ਰਾਸਦੀ ਸੀ ਨਿੱਕਾ ਸਿੰਘ ਦਰਦੀ ਦੀ, ਜੋ ਚੰਗਾ ਗਾਇਕ ਤੇ ਗੀਤਕਾਰ ਹੋ ਕੇ ਵੀ ਫੇਲ੍ਹ ਹੋ ਗਿਆ। ਇਸੇ ਨੂੰ ਤਕਦੀਰਾਂ ਦੇ ਸੌਦੇ ਕਹਿੰਦੇ ਹਨ।

ਦੂਜੇ ਪਾਸੇ ਮਾਣਕ ਦੇਵ ਦੇ ਸੰਪਰਕ ਵਿਚ ਆ ਗਿਆ। ਪਹਿਲਾਂ ਵਾਲਾ ਸੰਘਰਸ਼, ਦੇਵ ਦੀ ਕਲੀਆਂ ਨਾਲ 'ਤਕਦੀਰ' ਬਦਲ ਗਿਆ। ਕਲੀਆਂ ਕੁਲਦੀਪ ਮਾਣਕ ਦਾ ਤਖੱਲਸ ਬਣ ਗਈਆਂ। ਮਾਣਕ ਦਰਦੀ ਨੂੰ ਰਿਕਾਰਡ ਕਰਵਾਉਣਾ ਚਾਹੁੰਦਾ ਸੀ ਪਰ ਐਚ. ਐਮ. ਵੀ. ਵਰਮਾ ਕੰਪਨੀ ਵਾਲੀ ਖੁੰਦਕ ਨੂੰ ਮੂਹਰੇ ਰੱਖਦੀ। ਅਖੀਰ ਮਾਣਕ ਨੇ ਬਿਨਾਂ ਕਿਸੇ ਕੰਟਰੈਕਟ ਦੀ ਪਰਵਾਹ ਕੀਤੇ ਐਚ. ਐਮ. ਵੀ. ਨੂੰ ਲੱਤ ਮਾਰ ਦਿੱਤੀ ਤੇ ਇਨਰੇਕੀ ਕੰਪਨੀ 'ਚ ਗੀਤ ਕਰਾਉਣੇ ਸ਼ੁਰੂ ਕਰ ਦਿੱਤੇ।

ਸਮੇਂ ਨਾਲ ਮਾਰਕੀਟ ਵਿਚ ਹੋਰ ਜੋੜੀਆਂ ਆ ਗਈਆਂ ਜਾਂ ਕਹਿ ਲਓ ਮੰਡੀ ਜੋੜੀਆਂ ਨਾਲ ਭਰ ਗਈ ਤੇ ਗਾਇਕਾਂ ਦੀ ਪੁੱਛਗਿੱਛ ਘੱਟ ਗਈ। ਪਹਿਲਾਂ ਆਰਕੈਸਟਰਾ ਤੇ ਫਿਰ ਸੱਭਿਆਚਾਰਕ ਪ੍ਰੋਗਰਾਮਾਂ ਵਾਲਿਆਂ ਨੇ ਗਾਇਕਾਂ ਦਾ ਭੱਠਾ ਬਿਠਾ ਦਿੱਤਾ। ਰਹਿੰਦਾ-ਖੂੰਹਦਾ ਗਾਇਕਾਂ ਦੇ ਮਹਿੰਗੇ ਰੇਟ ਤੇ ਬਿਨਾਂ ਵਜ੍ਹਾ ਵਾਲੀਆਂ ਆਕੜਾਂ ਨੇ ਵੀ ਜੜ੍ਹੀਂ ਤੇਲ ਚੋਇਆ, ਜਿਸਦਾ ਖਮਿਆਜ਼ਾ ਗਾਇਕ ਅੱਜ ਤੱਕ ਭੋਗ ਰਹੇ ਹਨ, ਜਿਹਨਾਂ ਵਿਚੋਂ 'ਦਰਦੀ' ਵੀ ਇਕ ਹੈ।

ਦਰਦੀ ਦੀ ਕਮਾਈ ਘਟ ਗਈ ਤੇ ਕਬੀਲਦਾਰੀ ਵੱਡੀ ਹੋ ਗਈ। ਖਾੜ੍ਹੇ ਲੱਗਣੋਂ ਹਟ ਗਏ। ਰਹਿੰਦੀ-ਖੂੰਹਦੀ ਕਸਰ ਅਧਰੰਗ ਦੀ ਬਿਮਾਰੀ ਨੇ ਪੂਰੀ ਕਰ ਦਿੱਤੀ। ਅੱਜ ਦਰਦੀ ਉਦਾਸ ਹੈ ਤੇ ਦਰਦ ਵੰਡਾਉਣ ਵਾਲਾ ਕੋਈ ਨਹੀਂ ਹੈ। ਕੋਕਰੀ ਵਾਲੇ ਗਿੱਲ ਹਰਦੀਪ ਨੂੰ ਉਹ ਬੁਤ ਸਲਾਹੁੰਦਾ ਹੈ ਤੇ ਉਹ ਉਸਦੀ ਮਦਦ ਵੀ ਕਰਦਾ ਹੈ। ਦਰਦੀ ਦਾ ਘਰ ਇਨਾਮਾਂ ਤੇ ਸ਼ੀਲਡਾਂ ਨਾਲ ਭਰਿਆ ਪਿਆ ਹੈ ਪਰ ਪੇਟ ਦੀ ਅੱਗ ਬੁਝਾਉਣ ਲਈ ਇਹ ਸਾਜ਼ਗਾਰ ਨਹੀਂ ਹਨ ਤੇ ਨਾ ਹੀ ਦਰਦੀ ਦੀ ਨਵੇਂ ਚੰਦਾਂ ਤੋਂ ਬਾਹਰ ਆਪਣੀ ਪੱਤੀ 'ਚ ਦੁਬਾਰਾ ਪਾਉਣ ਦੀ ਰੀਝ ਪੂਰੀ ਹੋਈ। ਅੱਜ ਵੀ ਦਰਦੀ ਇਕ ਬਹੁਤ ਹੀ ਪੁਰਾਣੇ ਜਿਹੇ ਮਕਾਨ ਵਿਚ ਰਹਿ ਰਿਹਾ ਹੈ। ਇਕ ਗੱਲ ਦੀ ਦਾਦ ਦੇਣੀ ਬਣਦੀ ਹੈ ਕਿ ਸਕੁੰਤਲਾ ਅੱਜ ਵੀ ਦਰਦੀ ਦਾ ਉਨਾ ਹੀ ਖਿਆਲ ਰੱਖ ਰਹੀ ਹੈ ਜੋ ਇਕ ਚੰਗੀ ਔਰਤ ਦੀ ਨਿਸ਼ਾਨੀ ਹੈ। ਹਾਲਾਤ ਜਿਹੋ ਜਿਹੇ ਵੀ ਹਨ ਪਰ ਪਰਿਵਾਰ ਉਸਦੀ ਰਜ਼ਾ ਵਿਚ ਖੁਸ਼ ਹੈ।

ਆਪਣੇ ਪਿੰਡ ਵਿਚ ਬਹੁਤੇ ਕਲਾਕਾਰਾਂ ਦੀ ਚੰਗੀ ਥਾਂ ਨਹੀਂ ਹੁੰਦੀ ਪਰ ਦਰਦੀ ਤੇ ਸਕੁੰਤਲਾ ਨੇ ਪਿੰਡ ਵਿਚ ਅੱਜ ਤੱਕ 56 ਖਾੜੇ ਲਾਏ ਹਨ ਤੇ ਪਿੰਡ ਵਿਚ ਬਹੁਤ ਹੀ ਸਤਿਕਾਰ ਹੈ। ਇਕ ਵਾਰੀ ਸੁਰਿੰਦਰ ਛਿੰਦੇ ਦਾ ਚੰਦੀਂ ਖਾੜਾ ਲੱਗਿਆ। ਦਰਦੀ ਸਤਿਕਾਰ ਨਾਲ ਛਿੰਦੇ ਨੂੰ ਪੈਸੇ ਦੇਣ ਗਿਆ। ਛਿੰਦੇ ਨੇ ਸਟੇਜ ਉਪਰ ਚੜ੍ਹਾ ਲਿਆ ਤੇ ਬਹੁਤ ਹੀ ਸਤਿਕਾਰ ਭਰੇ ਲਫਜ਼ ਬੋਲੇ ਤੇ ਦਰਦੀ ਨੂੰ ਗਾਉਣ ਦਾ ਸਮਾਂ ਵੀ ਦਿੱਤਾ। ਇਸੇ ਤਰ੍ਹਾਂ ਹਾਕਮ ਬਖਤੜੀ ਨੇ ਆਪਣੀ ਸਟੇਜ ਤੇ ਦਰਦੀ ਦੀ ਬੇਟੀ ਪਰਵੀਨ ਦਰਦੀ ਨੂੰ ਗਾਉਣ ਦਾ ਸਮਾਂ ਦਿੱਤਾ। ਮੈਂ ਉਹ ਖਾੜਾ ਦਰਦੀ ਦੇ ਨਾਲ ਬੈਠ ਕੇ ਵੇਖਿਆ ਹੈ। ਮੇਰੇ ਨਾਨਕੇ ਚੰਦੀਂ ਕਰਕੇ ਉਹ ਮੈਨੂੰ 'ਭੂਆ ਦਾ ਪੁੱਤ' ਕਹਿੰਦਾ ਹੈ। ਇਹ ਉਹ ਹੀਰੇ ਕਲਾਕਾਰ ਹਨ, ਜਿਹਨਾਂ ਨੇ ਗੀਤ-ਸੰਗੀਤ ਨੂੰ ਪੂਰੀ ਮਿਹਨਤ ਨਾਲ ਸਿੱਖਿਆ। ਘੱਟ ਪੈਸੇ ਲੈਂਦੇ ਖਾੜੇ ਲਾਏ।

ਇਹ ਕਲਾਕਾਰ ਸਧਾਰਨ ਪਰਿਵਾਰਾਂ ਦੀ ਪਹੁੰਚ 'ਚ ਰਹੇ, ਹੁਣ ਵਾਲੇ ਕਲਾਕਾਰਾਂ ਵਾਂਗ ਭੁੱਖ ਤੇ ਆਕੜ ਨਹੀਂ ਵਿਖਾਈ। ਵਕਤ ਹੈ ਇਹਨਾਂ ਨੂੰ ਸੰਭਾਲਣ ਦਾ, ਨਹੀਂ ਤਾਂ ਸਾਡੇ ਸਿਰ ਇਹਨਾਂ ਦਾ ਭਾਰ ਰਹੇਗਾ।

ਹੁਣ ਗੱਲ ਕਰਦੇ ਹਾਂ ਦਰਦੀ ਦੇ ਗੀਤਾਂ ਦੀ- ਇਹਨਾਂ ਨੇ ਆਪਣੇ ਸਮਿਆਂ ਦੇ ਹਾਣ ਦੇ ਗੀਤ ਗਾਏ, ਜਿਹਨਾਂ ਵਿਚ ਜੇਠ-ਭਰਜਾਈ, ਸਾਲੀ-ਜੀਜਾ, ਦਿਓਰ-ਭਰਜਾਈ, ਪਤੀ-ਪਤਨੀ ਤੇ ਛੜਿਆਂ ਦੇ ਗੀਤ ਹਨ-

ਸਾਲੀਏ ਹਾਂ ਕਰਦੇ ਜੀਜਾ ਕਰਾਉਂਦੈ ਸਾਕ

ਅੱਜ ਮੰਗਣਾ ਸਵੇਰੇ ਜੰਨ ਚੜ੍ਹਨੀ
ਹੋਊ ਮੁਕਲਾਵਾ ਪਰਸੋਂ।

ਮੁੰਡਾ ਸਾਲੀ ਨੇ ਵਿਆਹ ਦੇ ਭਾਲਦਾ ਫਿਰੇ
ਆਪਣੇ ਨਾਂ ਨੱਚਣੇ ਨੂੰ।

ਮਹੀਨੇ ਵਿਚੋਂ ਦਿਨ ਪੰਦਰਾਂ
ਤੂੰ ਤਾਂ ਕੱਟਦੈ ਵੈਲੀਆ ਠਾਣੇ।
ਨਾਨਕਿਆਂ ਦੇ ਘਰ ਵਰਗਾ
ਮੈਨੂੰ ਲੱਗਦੈ ਹਾਣਦੇ ਠਾਣਾ।

ਦੱਸ ਖੜ੍ਹਾ ਕੀ ਕਰਦਾ ਸੀ
ਸੁੱਖਾ ਸਰਪੰਚਾਂ ਦਾ
ਤਵੀਆਂ ਪੁੱਛਣ ਆਇਆ ਸੀ
ਸੁੱਖਾ ਸਰਪੰਚਾਂ ਦਾ।

ਬਹੁਤੀ ਆਕੜ ਵਾਲਾ
ਪਾਣੀ ਭਰੀ ਨਾ ਨਲਕੇ ਤੋਂ
ਮੈਨੂੰ ਕਿਹੜਾ ਭੜੂਆ ਰੋਕੂਗਾ
ਸਰਕਾਰੀ ਨਨਕੇ ਤੋਂ।

ਇਸ ਤੋਂ ਇਲਾਵਾ ਸੋਲੋ ਗੀਤ ਬਹੁਤ ਕਰਵਾਏ ਚੜ੍ਹਾਈ 'ਟੁੱਟ ਪੈਣੇ ਦੋਧੀ ਨੇ ਮੈਨੂੰ ਅੱਧੀ ਰਾਤੀਂ ਆਣ ਕੇ ਜਗਾਇਆ' ਅਤੇ 'ਨਾ ਵੱਸ ਤੇਰੇ ਕੁੜੀਏ ਨਾਵੱਸ ਮੇਰੇ ਕੁੜੀਏ, ਨੀ ਹੁਣ ਪਾ ਲਿਆ ਇਸ਼ਕ ਨੇ ਘੇਰਾ' ਵਰਗੇ ਗੀਤਾਂ ਕਰਕੇ ਹੋਈ।

ਲੜ ਲੱਗ ਦਰਦੀ ਦੇ ਜਿਹਦਾ ਨਵਿਆਂ ਚੰਦਾਂ ਦੇ ਵਿਚ ਡੇਰਾ
ਜਿੱਥੇ ਤੇਰੀ ਪੱਤੀ ਲੱਗਦੀ ਨਵੇਂ ਚੰਦਾਂ ਤੋਂ ਚੁਬਾਰਾ ਬਾਹਰ ਪਾ ਲੈ

ਇਹਨਾਂ ਬੋਲਾਂ ਨੇ ਦਰਦੀ ਅਤੇ ਨਵੇਂ ਚੰਦਾਂ ਨੂੰ ਦੁਨੀਆਂ ਵਿਚ ਚੰਦ ਵਾਂਗ ਚਮਕਾ ਦਿੱਤਾ। ਮਾਣਕ ਨਾਲ ਪਿਆਰ ਕਰਦੇ ਉਸਦੇ ਗੀਤ ਬੰਦ ਸਿੰਘ ਦੀ ਵਾਰ ਨਾਲ ਖਾੜ੍ਹਾ ਸ਼ੁਰੂ ਕਰਦਾ ਤੇ ਹੀਰ ਦੀਆਂ ਕਲੀਆਂ ਵੀ ਗਾਉਂਦਾ। ਮਾਣਕ ਨੂੰ ਯਾਦ ਕਰਕੇ ਦਰਦੀ ਨੇ ਕਈ ਵਾਰ ਅੱਖਾਂ ਭਰੀਆਂ। ਕਹਿੰਦਾ ਅਸੀਂ ਇਕ ਦਿਨ ਪਹੁੰਚ ਹੀ ਜਾਣੈ ਉਸਦੇ ਕੋਲ। ਇੰਨਾ ਕਹਿ ਕੇ ਦਰਦੀ ਫਿਰ ਮਨ ਭਰ ਆਇਆ।

# ਪੰਜਾਬ ਵਿੱਚ ਨਸ਼ਿਆਂ ਦਾ ਕਹਿਰ ਲਗਾਤਾਰ ਬਰਕਰਾਰ

ਪੰਜਾਬ ਵਿੱਚ ਨਸ਼ਿਆਂ ਦਾ ਕਹਿਰ ਰੁਕਣ ਦਾ ਨਾਮ ਨਹੀਂ ਲੈ ਰਿਹਾ। ਮੀਡੀਆ ਰਿਪੋਰਟਾਂ ਅਨੁਸਾਰ ਸੋਮਵਾਰ ਨੂੰ ਰਾਜ ਵਿੱਚ ਤਿੰਨ ਨੌਜਵਾਨਾਂ ਦੀ ਨਸ਼ਿਆਂ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਇਨ੍ਹਾਂ ਵਿੱਚੋਂ ਦੋ ਜਾਨਾਂ ਤਰਨ ਤਾਰਨ ਜ਼ਿਲ੍ਹੇ ਵਿੱਚ ਗਈਆਂ ਅਤੇ ਇੱਕ ਲੁਧਿਆਣਾ ਜ਼ਿਲ੍ਹੇ ਵਿੱਚ। ਪਿਛਲੇ ਇੱਕ ਮਹੀਨੇ ਦੌਰਾਨ ਸਿਰਫ ਮਾਝੇ ਦੇ ਦੋ ਜ਼ਿਲ੍ਹਿਆਂ- ਅੰਮ੍ਰਿਤਸਰ ਤੇ ਤਰਨ ਤਾਰਨ 'ਚ ਨਸ਼ਿਆਂ ਦੀ ਓਵਰਡੋਜ਼ ਕਾਰਨ 10 ਮੌਤਾਂ ਹੋ ਚੁੱਕੀਆਂ ਹਨ। ਹਾਲਾਂਕਿ ਪੁਲੀਸ ਨੇ ਹਾਲੀਆ ਤਿੰਨੋਂ ਮੌਤਾਂ ਨਸ਼ਿਆਂ ਕਾਰਨ ਹੋਣ ਸਬੰਧੀ ਰਿਪੋਰਟ ਦਰਜ ਨਹੀਂ ਕੀਤੀ, ਪਰ ਉਸ ਦੀ ਅਜਿਹੀ ਕਾਰਗੁਜ਼ਾਰੀ, ਹਕੀਕਤ ਉੱਤੇ ਪਰਦਾ ਨਹੀਂ ਪਾ ਸਕਦੀ। ਦਰਅਸਲ, ਕਿਸਾਨੀ ਖ਼ੁਦਕੁਸ਼ੀਆਂ ਵਾਂਗ ਨਸ਼ਿਆਂ ਕਾਰਨ ਮੌਤਾਂ ਦੀ ਰਿਪੋਰਟ ਦਰਜ ਕਰਨ ਸਮੇਂ ਪੁਲਿਸ ਵੱਲੋਂ ਝਿਜਕ ਦਿਖਾਉਣੀ ਜਾਂ ਢਿੱਲ-ਮੱਠ ਵਰਤਣੀ ਹੁਣ ਆਮ ਰੁਝਾਨ ਹੈ। ਜਿੱਥੇ ਕਿਸਾਨੀ ਖ਼ੁਦਕੁਸ਼ੀਆਂ ਹੁਕਮਰਾਨ ਰਾਜਸੀ ਧਿਰ ਤੇ ਪ੍ਰਸ਼ਾਸਨਿਕ ਤੰਤਰ ਦੀ ਨਾਅਹਿਲੀਅਤ ਦਾ ਸੂਚਕ ਮੰਨੀਆਂ ਜਾਂਦੀਆਂ ਹਨ, ਉੱਥੇ ਨਸ਼ਿਆਂ ਕਾਰਨ ਮੌਤਾਂ ਜਾਂ ਸੰਗੀਨ ਅਪਰਾਧਾਂ ਸਬੰਧੀ ਅੰਕੜਿਆਂ ਦਾ ਵਾਧਾ ਪੁਲੀਸ ਪ੍ਰਬੰਧ ਦੀ ਨਾਲਾਇਕੀ ਦਾ ਸਬੂਤ ਸਮਝਿਆ ਜਾਂਦਾ ਹੈ। ਅਜਿਹੀ ਝਿਜਕ ਜਾਂ ਤਕਨੀਕੀ ਆਧਾਰ 'ਤੇ ਨਾਂਹ-ਨੁੱਕਰ ਵਾਲੀ ਨੀਤੀ ਅਪਣਾ ਕੇ ਅੰਕੜੇ ਤਾਂ ਨੀਵੇਂ ਰੱਖੇ ਜਾ ਸਕਦੇ ਹਨ, ਅਸਲੀਅਤ ਬਹੁਤੀ ਦੇਰ ਤਕ ਨਹੀਂ ਦਬਾਈ ਜਾ ਸਕਦੀ।

ਅਸਲੀਅਤ ਇਹ ਹੈ ਕਿ ਹੈਰੋਇਨ ਤੇ ਸਿੰਥੈਟਿਕ ਨਸ਼ਿਆਂ ਦਾ ਪ੍ਰਚਲਣ ਸਰਕਾਰੀ ਦਾਅਵਿਆਂ ਦੇ ਬਾਵਜੂਦ ਘਟਣ ਦਾ ਨਾਮ ਨਹੀਂ ਲੈ ਰਿਹਾ। ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿੱਚ ਆਉਣ ਦੀ ਸੂਰਤ ਵਿੱਚ 'ਉਡਦੇ ਪੰਜਾਬ' ਨੂੰ ਚਾਰ ਹਫ਼ਤਿਆਂ ਅੰਦਰ ਧਰਤੀ 'ਤੇ ਲਿਆਉਣ ਅਤੇ ਨੌਜਵਾਨੀ ਨੂੰ ਪੈਦਾਵਾਰੀ ਕੰਮਾਂ ਵਿੱਚ ਲਾਉਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਦੀ ਸਰਕਾਰ ਨੇ ਨਸ਼ਾਫਰੋਸ਼ਾਂ ਖ਼ਿਲਾਫ਼ ਮੁਹਿੰਮ ਵੀ ਜ਼ੋਰ-ਸ਼ੋਰ ਨਾਲ ਚਲਾਈ, ਪਰ ਇਸ ਮੁਹਿੰਮ ਦਾ ਅਸਰ ਸਿਰਫ਼ ਇਹੋ ਹੋਇਆ ਕਿ ਨਸ਼ਿਆਂ ਦੇ ਭਾਅ ਚੜ੍ਹ ਗਏ, ਇਨ੍ਹਾਂ ਦੇ ਸੇਵਨ ਵਿੱਚ ਕਮੀ ਨਾਂ-ਮਾਤਰ ਆਈ। ਨਸ਼ਿਆਂ ਦੇ ਭਾਅ ਚੜ੍ਹਨ ਨਾਲ ਫ਼ਾਇਦਾ ਜਾਂ ਨਸ਼ਾਫਰੋਸ਼ਾਂ ਨੂੰ ਹੋਇਆ ਅਤੇ ਜਾਂ ਉਨ੍ਹਾਂ ਦੀ ਸਰਪ੍ਰਸਤੀ ਤੇ ਪੁਸ਼ਤਪਨਾਹੀ ਕਰਨ ਵਾਲੇ ਸਿਆਸਤਦਾਨਾਂ ਤੇ ਪੁਲੀਸ ਅਫ਼ਸਰਾਂ ਨੂੰ। ਕੌਮੀ ਅਪਰਾਧ ਰਿਕਾਰਡ ਬਿਓਰੋ (ਐਨਸੀਆਰਬੀ) ਦੇ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਵਿੱਚ ਹਰ ਤਰ੍ਹਾਂ ਦੇ ਫ਼ੌਜਦਾਰੀ ਅਪਰਾਧਾਂ ਦੀ ਕੁੱਲ ਗਿਣਤੀ ਵਿੱਚ ਨਸ਼ਿਆਂ ਤੋਂ ਉਪਜੇ ਅਪਰਾਧਾਂ ਦੀ ਦਰ ਅਜੇ ਵੀ ਬਹੁਤ ਉੱਚੀ ਹੈ ਅਤੇ ਅਜਿਹੀ ਔਸਤ, ਸਾਲਾਨਾ ਕੌਮੀ ਦਰ ਤੋਂ ਕਈ ਗੁਣਾ ਵੱਧ ਹੈ। ਇਹ ਸਹੀ ਹੈ ਕਿ ਸਰਕਾਰੀ ਏਜੰਸੀਆਂ ਨਸ਼ਾ-ਵਿਰੋਧੀ ਕਾਨੂੰਨਾਂ ਦੇ ਤਹਿਤ ਦੋਸ਼ੀਆਂ ਨੂੰ ਅਦਾਲਤਾਂ ਪਾਸੋਂ ਸਜ਼ਾਵਾਂ ਦਿਵਾਉਣ ਪੱਖੋਂ ਪਹਿਲਾਂ ਨਾਲੋਂ ਬਿਹਤਰ ਕਾਰਗੁਜ਼ਾਰੀ ਦਿਖਾ ਰਹੀਆਂ ਹਨ, ਫਿਰ ਵੀ ਸਹੀ ਮਾਅਨਿਆਂ ਵਿੱਚ ਸੁਧਾਰ ਅਜੇ ਦੂਰ ਦੀ ਕੌਡੀ ਜਾਪਦਾ ਹੈ। ਨਸ਼ਿਆਂ ਦਾ ਪ੍ਰਚਲਣ ਘਟਾਉਣ ਲਈ ਸਿਹਤਮੰਦ ਸਮਾਜਿਕ ਮਾਹੌਲ ਸਿਰਜਣਾ ਅਤੇ ਨੌਜਵਾਨੀ ਦੀ ਉਪਜਾਊ ਤੇ ਸਾਰਥਿਕ ਮਸਰੂਫ਼ੀਅਤ ਯਕੀਨੀ ਬਣਾਉਣਾ ਦੋ ਅਹਿਮ ਪਹਿਲੂ ਹਨ।

ਇਨ੍ਹਾਂ ਦੋਵਾਂ ਤੱਤਾਂ ਦੀ ਪੰਜਾਬ ਵਿੱਚ ਘਾਟ ਹੈ। ਨੌਜਵਾਨੀ ਨੂੰ ਨਾ ਤਾਂ ਢੁੱਕਵਾਂ ਵਿੱਦਿਅਕ ਮਾਹੌਲ ਮਿਲ ਰਿਹਾ ਹੈ ਅਤੇ ਨਾ ਹੀ ਦਿਨ ਭਰ ਪੈਦਾਇਸ਼ੀ ਰੁਝੇਵਿਆਂ ਵਿੱਚ ਲਾਈ ਰੱਖਣ ਵਾਲਾ ਰੁਜ਼ਗਾਰ। ਖੇਡਾਂ ਦੇ ਖੇਤਰ ਵਿੱਚ ਵੀ ਸਹੂਲਤਾਂ ਵਧਣ ਦੀ ਥਾਂ ਸੁੰਗੜ ਰਹੀਆਂ ਹਨ; ਖੇਡ ਮੈਦਾਨ ਤੇਜ਼ੀ ਨਾਲ ਗਾਇਬ ਹੁੰਦੇ ਜਾ ਰਹੇ ਹਨ। ਅਜਿਹੀ ਸੂਰਤੇਹਾਲ ਵਿੱਚ ਜ਼ਰੂਰੀ ਹੈ ਕਿ ਸਿਰਫ਼ ਪੁਲਿਸ ਦੇ ਦਾਬੇ ਉੱਤੇ ਨਿਰਭਰ ਰਹਿਣ ਦੀ ਥਾਂ ਧਾਰਮਿਕ, ਸਮਾਜਿਕ, ਸਮਾਜ ਸੁਧਾਰਕ ਤੇ ਸੱਭਿਆਚਾਰਕ ਸੰਸਥਾਵਾਂ ਨੂੰ ਵੀ ਨੌਜਵਾਨੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਯਤਨਾਂ ਵਿੱਚ ਸਹਿਯੋਗ ਦੇਣ ਲਈ ਹਲੂਣਿਆ ਜਾਵੇ।


# ਟਰੰਪ ਨੇ ਹਿਲਾਇਆ ਸਮੁੱਚਾ ਕੌਮਾਂਤਰੀ ਪ੍ਰਬੰਧ



ਜੀ ਪਾਰਥਾਸਾਰਥੀ

ਕੌਮਾਂਤਰੀ ਪੱਧਰ ਦੀਆਂ ਸੱਤ ਆਰਥਿਕ ਮਹਾਂ ਸ਼ਕਤੀਆਂ- ਅਮਰੀਕਾ, ਕੈਨੇਡਾ, ਜਾਪਾਨ, ਬਰਤਾਨੀਆ, ਫਰਾਂਸ, ਜਰਮਨੀ ਤੇ ਇਟਲੀ ਆਧਾਰਿਤ ਸਮੂਹ 'ਜੀ-7' ਜਿਹੜਾ ਸੰਸਾਰ ਦੇ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਦਾ 46 ਫ਼ੀਸਦ ਹਿੱਸਾ ਪੈਦਾ ਕਰਦਾ ਹੈ, ਦੇ ਮੁਖੀਆਂ ਦਾ ਹੁਣ ਤੱਕ ਹੁੰਦਾ ਆਇਆ ਸਾਲਾਨਾ ਸਿਖਰ ਸੰਮੇਲਨ ਹਮੇਸ਼ਾ ਭਰੱਪਣ ਵਜੋਂ ਯਾਦ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਆਗੂਆਂ ਨੇ ਆਲਮੀ ਪ੍ਰਬੰਧਾਂ ਨਾਲ ਜੁੜੇ ਮੁੱਦਿਆਂ, ਵਾਤਾਵਰਨ ਤੋਂ ਲੈ ਕੇ ਵਪਾਰ ਤੇ ਨਿਵੇਸ਼, ਅਮਨ, ਸਥਿਰਤਾ ਅਤੇ ਸੁਰੱਖਿਆ ਤੱਕ ਨੂੰ ਵਿਚਾਰਿਆ ਤੇ ਆਪੋ-ਆਪਣਾ ਯੋਗਦਾਨ ਪਾਇਆ ਹੈ ਪਰ ਇਸ ਮਹੀਨੇ ਦੇ ਸ਼ੁਰੂ ਵਿਚ ਵੈਨਕੂਵਰ (ਕੈਨੇਡਾ) ਵਿਚ ਹੋਏ ਇਨ੍ਹਾਂ ਮੁਲਕਾਂ ਦੇ ਮੁਖੀਆਂ ਦੇ ਸੰਮੇਲਨ ਵਿਚ ਇਸ ਰੀਤ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਮੇਲਨ ਦੌਰਾਨ ਅਤੇ ਇਸ ਦੀ ਸਮਾਪਤੀ ਦੇ ਤੁਰੰਤ ਬਾਅਦ ਆਪਣੇ ਵਿਹਾਰ ਨਾਲ ਹਲੂਣ ਕੇ ਰੱਖ ਦਿੱਤਾ। ਇਹ ਸੰਮੇਲਨ ਵਪਾਰ ਸਬੰਧਾਂ ਉਪਰ ਵਧਦੇ ਤਣਾਅ ਵਜੋਂ ਜਾਣਿਆ ਜਾਵੇਗਾ ਕਿਉਂਕਿ ਅਮਰੀਕਾ, ਜੀ-7 ਭਾਈਵਾਲ ਮੁਲਕਾਂ ਤੋਂ ਦਰਾਮਦ ਸਟੀਲ ਅਤੇ ਅਲਮੀਨੀਅਮ ਉਪਰ ਇਕਤਰਫ਼ਾ ਹੋਰ ਟੈਕਸ ਲਾ ਰਿਹਾ ਹੈ। ਇਸ ਮੁੱਦੇ ਉਪਰ ਮਤਭੇਦਾਂ ਕਾਰਨ ਟਰੰਪ ਭੜਕ ਪਏ ਅਤੇ ਉਨ੍ਹਾਂ 'ਸੰਮੇਲਨ ਐਲਾਨਨਾਮਾ' ਰੱਦ ਕਰ ਦਿੱਤਾ ਜਿਸ ਉਪਰ ਕੁਝ ਪਲ ਪਹਿਲਾਂ ਉਨ੍ਹਾਂ ਦਸਤਖ਼ਤ ਕੀਤੇ ਸਨ; ਉਨ੍ਹਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ 'ਬੇਈਮਾਨ ਤੇ ਕਮਜ਼ੋਰ' ਤੱਕ ਕਹਿ ਦਿੱਤਾ। ਇਸ ਕਾਰਨ ਗੁੱਸੇ ਵਿਚ ਆਏ ਯੂਰੋਪੀਅਨ ਆਗੂ ਇਕੱਠੇ ਹੋ ਗਏ ਅਤੇ ਉਨ੍ਹਾਂ ਟਰੰਪ ਦੀਆਂ ਟਿੱਪਣੀਆਂ ਉਪਰ ਇਤਰਾਜ਼ ਪ੍ਰਗਟਾਇਆ। ਚੀਨ ਅਤੇ ਉਤਰੀ ਕੋਰੀਆ ਬਾਰੇ ਸਟੈਂਡ ਤੋਂ ਟਰੰਪ ਦੇ ਯੂ-ਟਰਨ ਕਾਰਨ ਪਹਿਲਾਂ ਹੀ ਹਲੂਣੇ ਹੋਏ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਏਬ ਨੇ ਸੂਝ ਭਰੀ ਚੁੱਪ ਧਾਰੀ ਰੱਖੀ। ਟਰੰਪ ਦੇ ਲਗਾਤਾਰ ਬੇਮੁਹਾਰੇ ਅਤੇ ਰੁੱਖੇ ਵਿਹਾਰ ਨੇ ਸੰਸਾਰ ਭਰ ਵਿਚ ਆਪਣੇ ਭਾਈਵਾਲਾਂ ਨੂੰ ਹੀ ਨਹੀਂ ਝੰਜੋੜਿਆ, ਸਗੋਂ ਸਮੁੱਚੇ ਆਲਮੀ ਪ੍ਰਬੰਧ ਨੂੰ ਹੀ ਖੇਡ ਤਮਾਸ਼ੇ ਵਿਚ ਬਦਲ ਕੇ ਰੱਖ ਦਿੱਤਾ ਹੈ। ਉਸ ਨੇ 'ਟਰਾਂਸ ਪੈਸੇਫਿਕ ਪਾਰਟਨਰਸ਼ਿਪ' ਵਿਚ ਆਪਣੀ ਸ਼ਮੂਲੀਅਤ ਰੱਦ ਕਰ ਦਿੱਤੀ ਜੋ ਏਸ਼ੀਆ-ਪ੍ਰਸ਼ਾਂਤ ਮੁਲਕਾਂ, ਕੈਨੇਡਾ ਅਤੇ ਅਮਰੀਕਾ ਤੋਂ ਲੈ ਕੇ ਜਾਪਾਨ, ਦੱਖਣੀ ਕੋਰੀਆ, ਆਸੀਆਨ ਮੰਡੀਆਂ, ਚੀਨ ਤੱਕ ਦੇ ਆਰਥਚਾਰਿਆਂ ਨੂੰ ਇਕ ਧਾਗੇ ਵਿਚ ਪਰੋਣ ਦੀ ਮੰਗ ਕਰਦੀ ਸੀ। ਇਸ ਦੇ ਬਦਲ ਵਜੋਂ ਆਸੀਆਨ ਮੁਲਕਾਂ ਅਤੇ ਆਪਣੇ ਗੱਲਬਾਤ ਭਾਈਵਾਲਾਂ ਜਿਵੇਂ ਭਾਰਤ, ਜਾਪਾਨ ਤੇ ਆਸਟਰੇਲੀਆ ਨਾਲ 'ਵਿਆਪਕ ਆਰਥਿਕ ਸਹਿਯੋਗ' ਸਮਝੌਤੇ ਨੂੰ ਅੱਗੇ ਲੈ ਆਂਦਾ ਜੋ ਟਰੰਪ ਦੀਆਂ ਅਜਿਹੀਆਂ ਅਮਰੀਕਨ ਸਟਾਈਲ ਕਾਰਵਾਈਆਂ ਕਰਕੇ ਸਿਰਫ ਇਸ ਦੀ ਹਿੰਦ-ਪ੍ਰਸ਼ਾਂਤ ਖੇਤਰ ਵਿਚ ਆਰਥਿਕ ਸਰਦਾਰੀ ਨੂੰ ਹੀ ਵਧਾਏਗਾ। ਟਰੰਪ ਦੀਆਂ ਅਸਥਿਰਤਾ ਪੈਦਾ ਕਰਨ ਵਾਲੀਆਂ ਹੋਰ ਨੀਤੀਆਂ ਵਿਚ ਉੱਤਰ ਅਮਰੀਕੀ ਮੁਕਤ ਵਪਾਰ ਸਮੱਝਤੇ ਨੂੰ ਰੱਦ ਕਰਨਾ, ਛੇ ਮੁਸਲਿਮ ਮੁਲਕਾਂ ਦੇ ਲੋਕਾਂ ਉਪਰ ਅਮਰੀਕਾ ਦੀ ਯਾਤਰਾ 'ਤੇ ਪਾਬੰਦੀ ਲਾਉਣਾ, ਇਰਾਨ ਉਪਰ ਇਕਤਰਫ਼ਾ ਪਰਮਾਣੂ ਰੋਕਾਂ ਠੋਸਣਾ ਅਤੇ ਹੈਤੀ ਤੇ ਅਫ਼ਰੀਕਨ ਮੁਲਕਾਂ ਨੂੰ 'ਬੇਹੱਦ ਗੰਦੇ ਮੁਲਕ' ਕਹਿ ਕੇ ਉਨ੍ਹਾਂ ਦਾ ਅਪਮਾਨ ਕਰਨਾ ਹੈ, ਜਿਸ ਦਾ ਛੇ ਅਫ਼ਰੀਕਨ ਮੁਲਕਾਂ ਨੇ ਵਿਰੋਧ ਵੀ ਕੀਤਾ।

ਟਰੰਪ ਨੇ ਸੰਸਾਰ ਵਿਚ ਬਣੀ ਇਸ ਸਹਿਮਤੀ ਕਿ ਜੇ ਪੱਛਮੀ ਏਸ਼ੀਆ ਵਿਵਾਦ ਦੇ ਹੱਲ ਲਈ ਕੋਈ ਸਮਝੌਤਾ ਹੋਇਆ ਤਾਂ ਪੂਰਬੀ ਯੋਰੋਸ਼ਲਮ ਦਾ ਸਮੁੱਚਾ ਕੰਟਰੋਲ ਫ਼ਲਸਤੀਨੀਆਂ ਕੋਲ ਹੋਵੇਗਾ, ਨੂੰ ਨਜ਼ਰਅੰਦਾਜ਼ ਕਰਦਿਆਂ ਸਮੁੱਚੇ ਯੋਰੋਸ਼ਲਮ ਨੂੰ ਇਜ਼ਰਾਈਲ ਦਾ ਹਿੱਸੇ ਵਜੋਂ ਮਾਨਤਾ ਦੇ ਕੇ ਨਵੇਂ ਤਣਾਅ ਅਤੇ ਗ਼ੈਰਯਕੀਨੀਆਂ ਪੈਦਾ ਕਰ ਦਿੱਤੀਆਂ ਹਨ। ਟਰੰਪ ਦੀ ਜਲਦਬਾਜ਼ੀ ਉਸ ਸਮੇਂ ਸਿਖਰ 'ਤੇ ਪਹੁੰਚ ਗਈ ਜਦੋਂ ਇਸ ਨੇ ਆਪਣੇ ਅਹਿਮ ਭਾਈਵਾਲਾਂ- ਦੱਖਣੀ ਕੋਰੀਆ ਤੇ ਜਾਪਾਨ ਦੇ ਸੁਰੱਖਿਆ ਫ਼ਿਕਰਾਂ ਨੂੰ ਨਜ਼ਰਅੰਦਾਜ਼ ਕਰਦਿਆਂ ਉਤਰੀ ਕੋਰੀਆ ਦੇ ਆਗੂ ਕਿਮ ਜੋਂਗ-ਉਨ ਨਾਲ ਸਿੰਗਾਪੁਰ ਵਿਚ ਸੰਮੇਲਨ ਰੱਖ ਲਿਆ ਜਿਸ ਨੂੰ ਉਹ ਪਹਿਲਾਂ ਬਹੁਤ ਭੈੜੇ ਸ਼ਬਦਾਂ ਨਾਲ ਸੰਬੋਧਨ ਕਰਦਾ ਸੀ। ਸੰਮੇਲਨ ਤੋਂ ਬਾਅਦ ਟਰੰਪ ਅਤੇ ਕਿਮ ਜੋਂਗ-ਉਨ ਨੇ ਦੁਪਾਸੀ



ਗੱਲਬਾਤ ਨੂੰ 'ਵਿਆਪਕ, ਗਹਿਰੇ ਤੇ ਸੰਜੀਦਾ ਵਿਚਾਰਾਂ ਦਾ ਤਬਾਦਲਾ' ਕਰਾਰ ਦਿੱਤਾ ਅਤੇ ਟਰੰਪ ਨੇ ਦਾਅਵਾ ਕੀਤਾ ਕਿ ਕਿਮ ਉਸ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਹੈ। ਉਸ ਨੇ ਦੱਖਣੀ ਕੋਰੀਆ ਨਾਲ ਲੰਬੇ ਸਮੇਂ ਤੋਂ ਜਾਰੀ ਫੌਜੀ ਮਸ਼ਕਾਂ ਰੱਦ ਕਰ ਦਿੱਤੀਆਂ ਅਤੇ ਉਤਰੀ ਕੋਰੀਆ ਦੇ ਇਸ ਭਰੋਸੇ ਨੂੰ ਪ੍ਰਵਾਨ ਕਰ ਲਿਆ ਕਿ ਉਹ ਆਪਣਾ ਪਰਮਾਣੂ ਹਥਿਆਰ ਪ੍ਰੋਗਰਾਮ ਖ਼ਤਮ ਕਰ ਦੇਵੇਗਾ। ਟਰੰਪ ਦੀਆਂ ਇਹ ਕਾਰਵਾਈਆਂ ਵਿਵੇਕਹੀਣ, ਸਿੱਧੜ ਅਤੇ ਦੱਖਣੀ ਕੋਰੀਆ ਤੇ ਜਾਪਾਨ ਦੇ ਉਸ ਵਿਸ਼ਵਾਸ ਨੂੰ ਸੱਟ ਮਾਰਨ ਵਾਲੇ ਸਨ ਜੋ ਉਨ੍ਹਾਂ ਨੇ ਅਮਰੀਕਾ ਉਪਰ ਕੀਤਾ ਹੋਇਆ ਸੀ। ਇਹ ਸੰਭਾਵਨਾ ਬਹੁਤ ਘੱਟ ਹੈ ਕਿ ਉਤਰੀ ਕੋਰੀਆ ਆਪਣੇ ਪਰਮਾਣੂ ਹਥਿਆਰ ਪ੍ਰੋਗਰਾਮ ਨੂੰ ਛੇਤੀ ਕੀਤਿਆਂ ਖ਼ਤਮ ਕਰ ਦੇਵੇਗਾ। ਹੋਰ ਤਾਂ ਹੋਰ, ਹੈਰਾਨੀ ਵਾਲੀ ਗੱਲ ਹੀ ਹੋਵੇਗੀ, ਜੇ ਜਾਪਾਨ ਦਾ ਪ੍ਰਧਾਨ ਮੰਤਰੀ ਸ਼ਿੰਜ਼ੋ ਏਬ ਆਪਣੇ ਅ-ਮਿੱਤਰ ਮੁਲਕਾਂ- ਉਤਰੀ ਕੋਰੀਆ ਤੇ ਚੀਨ ਕੋਲ ਤਾਕਤਵਰ ਮਿਜ਼ਾਇਲਾਂ ਅਤੇ ਪਰਮਾਣੂ ਅਸਲਾ ਹੋਣ ਕਾਰਨ ਮਹਿਜ਼ ਖ਼ਾਮੋਸ਼ ਬੈਠਾ ਰਹੇਗਾ।

ਭਾਰਤ ਵੀ ਟਰੰਪ ਦੀਆਂ 'ਪਹਿਲਾਂ ਅਮਰੀਕਾ' ਨੀਤੀਆਂ ਕਾਰਨ ਸਬੰਧਾਂ ਦੀ ਖੜੋਤ ਦੇ ਕਿਨਾਰੇ ਪਹੁੰਚ ਗਿਆ ਹੈ। ਟਰੰਪ ਵੱਲੋਂ ਅਲਮੀਨੀਅਮ ਤੇ ਸਟੀਲ ਉਪਰ ਹੋਰ ਦਰਾਮਦ ਟੈਰਿਫ ਲਾਉਣ ਨੇ ਭਾਰਤ ਨੂੰ ਸੰਸਾਰ ਵਪਾਰ ਸੰਗਠਨ ਵਿਚ ਸ਼ਿਕਾਇਤ ਦਰਜ ਕਰਾਉਣ ਅਤੇ ਬਦਲੇ ਵਿਚ ਅਮਰੀਕੀ ਬਰਾਮਦ ਉਪਰ ਵਪਾਰ ਰੋਕਾਂ ਲਾਉਣ ਲਈ ਮਜਬੂਰ ਕਰ ਦਿੱਤਾ ਹੈ। ਭਾਰਤ ਦਾ ਅਮਰੀਕਾ ਨਾਲ 2017-18 ਵਿਚ ਵਾਧੂ ਬਰਾਮਦ ਵਪਾਰ ਕਰੀਬ 21 ਅਰਬ ਅਮਰੀਕੀ ਡਾਲਰ ਬਣਦਾ ਹੈ ਜੋ ਚੀਨ ਦੇ ਵਾਧੂ ਬਰਾਮਦ ਵਪਾਰ ਦਾ ਮਹਿਜ਼ 5 ਫ਼ੀਸਦੀ ਹੈ ਪਰ ਅਮਰੀਕੀ ਪ੍ਰਸ਼ਾਸਨ ਭਾਰਤ ਨਾਲ 1974 ਵਿਚ ਹੋਏ ਜੀਐੱਸਪੀ ਵਪਾਰ ਤਰਜੀਹਾਂ ਸਮਝੌਤੇ ਨੂੰ ਇਹ ਮੰਗ ਕਰਦਿਆਂ ਰੱਦ ਕਰਨ ਨੂੰ ਤਰਜੀਹ ਦੇਵੇਗਾ ਕਿ ਭਾਰਤ ਪਹਿਲਾਂ ਅਮਰੀਕੀ ਡੇਅਰੀ ਉਤਪਾਦਾਂ ਉਪਰ ਲੱਗੀਆਂ ਦਰਾਮਦ ਰੋਕਾਂ ਖ਼ਤਮ ਕਰੇ। ਉਸ ਸਮੇਂ, ਜਦੋਂ ਟਰੰਪ ਚੀਨੀ ਬਰਾਮਦ ਉਪਰ ਕਰੀਬ 50 ਅਰਬ ਡਾਲਰ ਦੀਆਂ ਟੈਕਸ ਦਰਾਂ ਵਧਾਉਣ ਦੀ ਤਜਵੀਜ਼ ਪੇਸ਼ ਕਰ ਰਿਹਾ ਹੈ, ਨਾਲ ਹੀ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਤਾਰੀਫ਼ ਵੀ ਕਰ ਰਿਹਾ ਤੇ ਨਿੱਜੀ ਤੌਰ 'ਤੇ ਦਖ਼ਲ ਦੇ ਕੇ ਚੀਨ ਦੀ ਉੱਘੀ ਐਨ-ਰੋਇਡ ਫੋਨ ਕੰਪਨੀ 'ਜ਼ੈਡਟੀਈ' ਉਪਰ ਅਮਰੀਕੀ ਕਾਂਗਰਸ ਵਲੋਂ ਲਾਈ ਪਾਬੰਦੀ ਹਟਾਉਣ ਦੀ ਗੱਲ ਵੀ ਕਰ ਰਿਹਾ ਹੈ। ਚੀਨ ਦੀ ਇਸ ਕੰਪਨੀ ਨੇ ਮੰਨਿਆ ਸੀ ਕਿ ਉਸ ਨੇ ਰੋਕਾਂ ਦੀ ਉਲੰਘਣਾ ਕਰਕੇ ਇਰਾਨ ਅਤੇ ਉਤਰੀ ਕੋਰੀਆ ਨੂੰ ਫੋਨ ਬਰਾਮਦ ਕੀਤੇ ਸਨ। ਅਮਰੀਕੀ ਵਪਾਰ ਵਿਭਾਗ ਵੱਲੋਂ ਇਸ ਕੰਪਨੀ ਨੂੰ ਪੁਰਜ਼ਿਆਂ ਦੀ ਬਰਾਮਦ ਰੋਕਣ ਕਾਰਨ ਇਹ ਆਪਣੇ ਬਚਾਅ ਲਈ ਗੋਡਿਆਂ ਭਾਰ ਹੋਣ ਲਈ ਮਜਬੂਰ ਹੋ ਗਈ ਸੀ। ਟਰੰਪ ਨੇ ਰੋਕ ਦੇ ਫ਼ੈਸਲੇ ਨੂੰ ਪਲਟਾਉਣ ਦਾ ਵਾਅਦਾ ਕਰਦਿਆਂ ਚੀਨ ਦੇ ਰਾਸ਼ਟਰਪਤੀ ਨਾਲ ਮਿਲ ਕੇ ਚੱਲਣ ਦੇ ਅਹਿਦ ਬਾਰੇ ਕਈ ਟਵੀਟ ਕੀਤੇ।

ਉਸ ਸਮੇਂ ਜਦੋਂ ਕਿ ਉਚ-ਪੱਧਰੀ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ, ਭਾਰਤ ਨੂੰ ਟਰੰਪ ਦੀਆਂ ਨੀਤੀਆਂ ਦੀ ਹਮਾਇਤ ਜਾਰੀ ਰੱਖਣ ਸਮੇਂ ਵਸਤਾਂ ਤੇ ਸੇਵਾਵਾਂ ਦੇ ਕਾਰੋਬਾਰ, ਇਕ ਦੂਜੇ ਦੇ ਹਿੱਤ ਵਿਚ ਅਮਰੀਕੀ ਐਕਸ਼ਨਾਂ ਦੀ ਮੰਗ ਕਰਦਿਆਂ ਨਿਆਂਪੂਰਬਕ ਜੁਆਬ ਦੇਣਾ ਚਾਹੀਦਾ ਹੈ। ਕੋਈ ਵੀ ਰੱਖਿਆ ਸਾਜ਼ੋ-ਸਮਾਨ ਜਾਂ ਸਿਵਲੀਅਨ ਟਰਾਂਸਪੋਰਟ ਹਵਾਈ ਜਹਾਜ਼ਾਂ ਦੀ ਅਹਿਮ ਖ਼ਰੀਦ, ਅਮਰੀਕਾ ਦੇ ਵਿਸ਼ੇਸ਼ ਸਿਆਸੀ, ਆਰਥਿਕ ਤੇ ਸੁਰੱਖਿਆ ਖ਼ਾਸ ਇਸ਼ਾਰੇ ਨਾਲ ਜੁੜੀ ਹੋਣੀ ਚਾਹੀਦੀ ਹੈ ਅਤੇ ਇਸ ਸਮੇਂ ਯਕੀਨੀ ਬਣਾਇਆ ਜਾਵੇ ਕਿ ਅਮਰੀਕਾ ਦੇ ਐਕਸ਼ਨ ਭਾਰਤ-ਰੂਸ ਰੱਖਿਆ ਸਬੰਧਾਂ ਨੂੰ ਨਜ਼ਰਅੰਦਾਜ਼ ਕਰਦੇ ਨਹੀਂ ਹੋਣੇ ਚਾਹੀਦੇ।

ਸਾਨੂੰ ਰੂਸ ਤੇ ਚੀਨ ਨਾਲ ਤ੍ਰਿਪੱਖੀ, ਬਰਿਕਸ ਤੇ ਐੱਸਸੀਓ ਵਰਗੇ ਫੋਰਮਾਂ ਉਪਰ ਕੰਮ ਕਰਨ ਦੀ ਲੋੜ ਹੈ ਤਾਂ ਜੋ ਅਮਰੀਕਾ ਸਾਨੂੰ ਐਵੇਂ ਨਾ ਸਮਝੇ। ਅਮਰੀਕਾ ਦੇ ਰੱਖਿਆ ਮੰਤਰੀ ਮੈਟਿਸ ਅਤੇ ਵਿਦੇਸ਼ ਮੰਤਰੀ ਪੌਂਪੀਓ ਨੂੰ ਭਾਰਤੀ ਨੀਤੀਆਂ ਦੀ ਹਕੀਕੀ ਸਮਝ ਹੋਣੀ ਚਾਹੀਦੀ ਹੈ। ਭਾਰਤ ਬਾਰੇ ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ ਵਿਚ ਚੰਗੀ ਤਰ੍ਹਾਂ ਸਮਝ ਬਣੀ ਹੋਈ ਹੈ ਅਤੇ ਭਾਰਤੀ ਕਾਰੋਬਾਰ ਅਤੇ ਲੋਕ ਸੰਪਰਕਾਂ ਨੂੰ ਅਮਰੀਕੀ ਕਾਂਗਰਸ ਤੇ ਪ੍ਰਸ਼ਾਸਨ ਦੀ ਹਮਾਇਤ ਹਾਸਲ ਕਰਨ ਲਈ ਵਰਤਣਾ ਚਾਹੀਦਾ ਹੈ। ਸਾਨੂੰ ਅਮਰੀਕਾ ਦੀਆਂ ਅਫ਼ਗਾਨਿਸਤਾਨ ਬਾਰੇ ਨੀਤੀਆਂ ਉਪਰ ਵੀ ਅੱਖ ਰੱਖਣ ਦੀ ਲੋੜ ਹੈ, ਜਿੱਥੇ ਤਾਲਿਬਾਨ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਯਤਨ ਹੋ ਰਹੇ ਹਨ। ਇਹ ਯਤਨ ਤਾਲਿਬਾਨ ਤੇ ਕਾਨੂੰਨੀ ਤੌਰ 'ਤੇ ਜਾਇਜ਼ ਅਫ਼ਗਾਨ ਸਰਕਾਰ ਵਿਚ ਸਿਆਸੀ ਤੌਰ 'ਤੇ ਬਰਾਬਰੀ ਵੱਲ ਵਧਦੇ ਨਹੀਂ ਹੋਣੇ ਚਾਹੀਦੇ। ਅਮਰੀਕੀ ਦੇ ਪੱਛਮੀ ਤੱਟ ਜਿੱਥੇ ਲੋਕਾਂ ਨੇ ਵੱਡੇ ਪੱਧਰ 'ਤੇ ਟਰੰਪ ਖ਼ਿਲਾਫ਼ ਵੋਟਾਂ ਪਾਈਆਂ ਸਨ, 'ਤੇ ਹਰ ਨੁਕਤੇ ਤੋਂ ਵਾਕਿਫ਼ ਪੱਤਰਕਾਰਾਂ ਤੇ ਸਮੀਖਿਆਕਾਰਾਂ ਨਾਲ ਗੱਲਬਾਤ ਦੌਰਾਨ ਹਰ ਕੋਈ ਮਹਿਸੂਸ ਕਰ ਸਕਦਾ ਕਿ ਲੋਕਾਂ ਦਾ ਵੱਡਾ ਹਿੱਸਾ ਹੁਣ ਧਾਰਮਿਕ ਕੱਟੜਵਾਦ ਤੇ ਨਸਲਵਾਦ ਵੱਲ ਵਧ ਰਿਹਾ ਹੈ।

ਇਨ੍ਹਾਂ ਤੱਥਾਂ ਨੂੰ ਗੌਲਣਾ ਬਣਦਾ ਹੈ ਕਿ ਟਰੰਪ ਨੇ ਰਾਸ਼ਟਰਪਤੀ ਚੋਣਾਂ ਵਿਚ ਕਰੀਬ ਛੇ ਕਰੋੜ ਤੀਹ ਲੱਖ ਵੋਟਾਂ ਹੀ ਹਾਸਲ ਨਹੀਂ ਕੀਤੀਆਂ ਸਗੋਂ ਇਸ ਦੀਆਂ ਆਰਥਿਕ ਨੀਤੀਆਂ, ਖ਼ਾਸ ਕਰਕੇ ਟੈਕਸਾਂ ਵਿਚ ਦਿੱਤੀ ਵੱਡੀ ਰਾਹਤ ਅਤੇ ਬੇਰੁਜ਼ਗਾਰੀ ਵਿਚ ਆਈ ਕਮੀ ਨੇ ਸ਼ੇਅਰ ਬਾਜ਼ਾਰ ਵਿਚ ਵੀ ਉਛਾਲ ਲਿਆਂਦਾ ਹੈ।

ਟਰੰਪ ਦੀ ਪਰਵਾਸ ਨੀਤੀ ਦੀ ਪ੍ਰਵਾਨਗੀ ਤੇ ਹਮਾਇਤ, ਖ਼ਾਸ ਕਰ ਛੋਟੇ ਕਸਬਿਆਂ ਦੇ ਗੋਰਿਆਂ ਵੱਲੋਂ, ਸਬੂਤ ਹਨ। ਵੱਡੀ ਗਿਣਤੀ ਅਮਰੀਕੀ, ਖ਼ਾਸ ਕਰਕੇ ਮਿਡ-ਵੈਸਟ ਤੇ ਦੱਖਣ ਦੇ, ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਬਹੁਤ ਜ਼ਿਆਦਾ ਕੁਦਰਤੀ ਸ੍ਰੋਤ, ਮੁਲਕ ਦੀ ਸਰਹੱਦ ਦੇ ਬਾਹਰ ਵਰਤੇ ਜਾ ਰਹੇ ਹਨ, ਇਸ ਲਈ ਟਰੰਪ ਦੇ ਨਾਅਰੇ 'ਅਮਰੀਕਾ ਪਹਿਲਾਂ' ਵਿਚ ਤਰਕ ਹੈ। 'ਗਰੀਨ ਕਾਰਡਾਂ' ਦੇ ਚਾਹਵਾਨਾਂ ਅਤੇ ਉਹ ਜਿਹੜੇ ਅਮਰੀਕੀ 'ਉਦਾਰਵਾਦ' ਜਾਰੀ ਰਹਿਣ ਦੀ ਗ਼ੈਰ-ਹਕੀਕੀ ਆਸ ਲਾਈ ਬੈਠੇ ਹਨ, ਨੂੰ ਇਹ ਗੱਲਾਂ ਧਿਆਨ ਵਿਚ ਰੱਖਣ ਦੀ ਹੀ ਸਲਾਹ ਦਿੱਤੀ ਜਾਵੇਗੀ।

# ਭਾਰਤੀਆਂ ਦੀ ਨਜ਼ਰਬੰਦੀ ਨੇ ਹੋਰ ਉਲਝਾਈ ਹਿੰਦ-ਅਮਰੀਕੀ ਤਾਣੀ



ਕੇ.ਸੀ. ਸਿੰਘ

ਅਮਰੀਕਾ ਵਿੱਚ ਬਹੁਤ ਸਾਰੇ ਭਾਰਤੀਆਂ, ਖ਼ਾਸ ਕਰਕੇ 52 ਪੰਜਾਬੀਆਂ ਦੀ ਔਰੇਗਨ ਅਤੇ 45 ਹੋਰ ਦੀ ਨਿਊ ਮੈਕਸਿਕੋ ਵਿੱਚ ਨਜ਼ਰਬੰਦੀ ਅੱਜਕੱਲ੍ਹ ਚਰਚਾ ਦਾ ਵਿਸ਼ਾ ਹੈ। ਇਸੇ ਚਰਚਾ ਦੌਰਾਨ ਇੱਕ ਵੱਧ ਹਿਰਦੇਵੇਧਕ ਖ਼ਬਰ ਸਾਹਮਣੇ ਆਈ ਹੈ। ਇਹ ਖ਼ਬਰ ਅਮਰੀਕਾ-ਮੈਕਸਿਕੋ ਸਰਹੱਦ ਗ਼ੈਰਕਾਨੂੰਨੀ ਤੌਰ 'ਤੇ ਪਾਰ ਕਰਦਿਆਂ ਫੜੇ ਜਾਣ ਵਾਲੇ ਮਾਪਿਆਂ ਨਾਲੋਂ ਉਨ੍ਹਾਂ ਦੇ 2300 ਦੇ ਕਰੀਬ ਬੱਚਿਆਂ ਨੂੰ ਅਲਹਿਦਾ ਕਰਨ ਦੀ ਸੀ। ਇਸ ਨੀਤੀ ਨੂੰ ਅਮਰੀਕੀ ਰਾਸ਼ਟਰਪਤੀ ਦੀ ਪ੍ਰਵਾਨਗੀ ਹਾਸਲ ਸੀ। ਅਮਰੀਕੀ ਅਟਾਰਨੀ ਜਨਰਲ ਜੈਫ਼ ਸੈਸ਼ਨਜ਼ ਨੇ ਇਸ ਅਣਮਨੁੱਖੀ ਕਾਰੇ ਨੂੰ ਗ਼ੈਰਕਾਨੂੰਨੀ ਆਵਾਸ ਰੋਕਣ ਦਾ ਨਿੱਗਰ ਢੰਗ ਤਰੀਕਾ ਦੱਸਿਆ। ਟਰੰਪ ਦੇ ਇੱਕ ਹੋਰ ਹਮਾਇਤੀ ਨੇ ਬੱਚਿਆਂ ਦੀ ਮਾਪਿਆਂ ਨਾਲੋਂ ਅਲਹਿਦਗੀ ਦੀ ਤੁਲਨਾ ਬੱਚਿਆਂ ਲਈ ''ਸਮਰ ਕੈਂਪਾਂ'' ਨਾਲ ਕੀਤੀ। ਜਦੋਂ ਸੰਯੁਕਤ ਰਾਸ਼ਟਰ ਦੇ ਮਨੁੱਖੀ ਹੱਕਾਂ ਬਾਰੇ ਕਮਿਸ਼ਨਰ ਜ਼ਾਇਦ ਅਲ ਹੁਸੈਨ ਨੇ ਅਮਰੀਕੀ ਕਾਰਵਾਈ ਦੀ ਨਿੰਦਾ ਕੀਤੀ ਤਾਂ ਅਮਰੀਕਾ ਨੇ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕੌਂਸਲ ਨਾਲੋਂ ਨਾਤਾ ਤੋੜ ਲਿਆ।

ਭਾਰਤੀ ਆਵਾਸੀਆਂ ਦੀ ਦੁਰਦਸ਼ਾ ਦੀ ਕਹਾਣੀ ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਉਭਾਰੇ ਗਏ ਆਵਾਸੀ ਵਿਰੋਧੀ ਰੁਝਾਨ ਦੇ ਪ੍ਰਸੰਗ 'ਚ ਦੇਖਿਆ ਜਾਣਾ ਜ਼ਰੂਰੀ ਹੈ। ਟਰੰਪ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਪ੍ਰਚਾਰ ਦੌਰਾਨ ਐਲਾਨਿਆ ਸੀ ਕਿ ਅਮਰੀਕਾ ਵਿੱਚ ਸਿਰਫ਼ ਉਨ੍ਹਾਂ ਆਵਾਸੀਆਂ ਦੇ ਦਾਖ਼ਲੇ ਦੀ ਖੁੱਲ੍ਹ ਹੋਵੇਗੀ ਜਿਨ੍ਹਾਂ ਦੀਆਂ ਸੇਵਾਵਾਂ ਦੀ ਮੁਲਕ ਨੂੰ ਲੋੜ ਹੈ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਨੇ ਆਪਣੇ ਕਥਨਾਂ ਨੂੰ ਅਮਲੀ ਰੂਪ ਦੇਣਾ ਆਰੰਭਿਆ ਹੋਇਆ ਹੈ। ਹੁਣ ਕਿਉਂਕਿ ਪ੍ਰਤੀਨਿਧੀ ਸਭਾ ਤੇ ਸੈਨੇਟ ਦੀਆਂ ਮੱਧਕਾਲੀ ਚੋਣਾਂ ਲਈ ਸੂਬਿਆਂ ਵਿੱਚ ਪ੍ਰਚਾਰ ਮੁਹਿੰਮ ਚੱਲ ਰਹੀ ਹੈ। ਲਿਹਾਜ਼ਾ, ਟਰੰਪ ਵੱਲੋਂ ਜਾਣ ਬੁੱਝ ਕੇ ਆਵਾਸ ਵਿਰੋਧੀ ਵਿਹੂਲੀ ਮੁਹਿੰਮ ਚਲਾਈ ਜਾ ਰਹੀ ਹੈ। ਇਨ੍ਹਾਂ ਚੋਣਾਂ ਵਿੱਚ ਰਿਪਬਲਿਕਨਾਂ ਦੀ ਸੈਨੇਟ ਤੇ ਪ੍ਰਤੀਨਿਧੀ ਸਭਾ ਵਿੱਚ ਬਹੁਗਿਣਤੀ ਖੁੱਸ ਸਕਦੀ ਹੈ। ਇਸੇ ਲਈ ਆਵਾਸ ਵਿਰੋਧੀ ਮੁੜ ਭਖਾਇਆ ਜਾ ਰਿਹਾ ਹੈ। ਇੱਕ ਜੱਜ ਨੇ ਸਰਕਾਰੀ ਹੁਕਮਾਂ ਉੱਤੇ ਆਰਜ਼ੀ ਰੋਕ ਲਾਉਂਦਿਆਂ ਨਜ਼ਰਬੰਦਾਂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦਾ ਹੁਕਮ ਦਿੱਤਾ। ਕਈ ਗ਼ੈਰ ਸਰਕਾਰੀ ਸੰਗਠਨ, ਜਿਵੇਂ ਕਿ ਅਮੈਰੀਕਨ ਸਿਵਿਲ ਲਿਬਰਟੀਜ਼ ਯੂਨੀਅਨ (ਏਸੀਐੱਲਯੂ) ਨੇ ਨਜ਼ਰਬੰਦਾਂ ਦੀ ਮਦਦ ਦੀ ਪੇਸ਼ਕਸ਼ ਕੀਤੀ ਹੈ। ਅਮਰੀਕਾ ਵਿੱਚ ਇਸ ਸਮੇਂ ਵਿਦੇਸ਼ੀਆਂ ਪ੍ਰਤੀ ਵਿਰੋਧ ਦੀ ਭਾਵਨਾ ਇਸ ਹੱਦ ਤਕ ਹਾਵੀ ਹੈ ਕਿ ਭਾਰਤੀ ਮੂਲ ਦੀ ਕੋਈ ਵਿਰਲੀ-ਟਾਵੀਂ ਹਸਤੀ ਹੀ ਇਨ੍ਹਾਂ ਨਜ਼ਰਬੰਦਾਂ ਦੇ ਹੱਕ ਵਿੱਚ ਬੋਲਣ ਜਾਂ ਉਨ੍ਹਾਂ ਦੀ ਮਦਦ ਕਰਨ ਦੀ ਜੁਰੱਅਤ ਦਿਖਾਏਗੀ। ਇਮੀਗ੍ਰੇਸ਼ਨ ਤੇ ਕਸਟਮਜ਼ ਐਨਫੋਰਸਮੈਂਟ (ਆਈਸੀਈ) ਏਜੰਸੀ ਦਾ ਭੈਅ ਹੀ ਏਨਾ ਜ਼ਿਆਦਾ ਹੈ ਕਿ ਏਸ਼ਿਆਈ ਲੋਕ ਆਪੋ ਆਪਣੇ ਪਰਿਵਾਰਾਂ ਤੇ ਦੋਸਤਾਂ-ਮਿੱਤਰਾਂ ਨੂੰ ਹਰ ਸਮੇਂ ਆਪਣੇ ਦਸਤਾਵੇਜ਼ ਆਪਣੇ ਨਾਲ ਰੱਖਣ ਦੀ ਇਹਤਿਆਤ ਵਰਤਣ ਲਈ ਕਹਿ ਰਹੇ ਹਨ ਤਾਂ ਜੋ ਆਈਸੀਈ ਦੇ ਕਰਮਚਾਰੀਆਂ ਨਾਲ ਵਾਹ ਪੈਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਨਮੋਸ਼ੀ ਨਾ ਝੱਲਣੀ ਪਵੇ।





ਅਜਿਹੇ ਹਾਲਾਤ ਵਿੱਚ ਭਾਰਤ ਕੀ ਭੂਮਿਕਾ ਨਿਭਾ ਸਕਦਾ ਹੈ? ਭਾਰਤੀ ਸਫ਼ਾਰਤੀ ਅਮਲੇ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਨਜ਼ਰਬੰਦਾਂ ਤਕ ਪਹੁੰਚ ਕਰਨ। ਦੂਜੇ ਪਾਸੇ ਅਮਰੀਕਾ ਵੱਲੋਂ ਇਹ ਪੱਖ ਲਿਆ ਜਾਣਾ ਸੁਭਾਵਿਕ ਹੈ ਕਿ ਜਿਹੜੇ ਗ਼ੈਰਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਕੇ ਅਮਰੀਕਾ ਵਿੱਚ ਘੁਸੇ ਹਨ, ਉਨ੍ਹਾਂ ਨਾਲ ਘੁਸਪੈਠੀਆਂ ਵਰਗਾ ਵਿਹਾਰ ਹੀ ਕੀਤਾ ਜਾਵੇਗਾ। ਕਈ ਨਜ਼ਰਬੰਦ ਇਹ ਫਰਜ਼ੀ ਦਾਅਵਾ ਕਰ ਸਕਦੇ ਹਨ ਕਿ ਭਾਰਤ ਵਿੱਚ ਸ਼ੋਸ਼ਣ ਦਾ ਸ਼ਿਕਾਰ ਹੋਣ ਕਾਰਨ ਉਹ ਅਮਰੀਕਾ ਵਿੱਚ ਪਨਾਹ ਚਾਹੁੰਦੇ ਹਨ। ਅਜਿਹੇ ਦਾਅਵੇ ਸਮੁੱਚੇ ਮਾਮਲੇ ਨੂੰ ਵੱਧ ਪੇਚੀਦਾ ਬਣਾ ਸਕਦੇ ਹਨ। 1980ਵਿਆਂ ਤੇ 1990ਵਿਆਂ ਵਿੱਚ ਸਿੱਖ ਖ਼ਾੜਕੂਵਾਦ ਦੇ ਦਿਨਾਂ ਦੌਰਾਨ ਇਹ ਦਲੀਲ ਅਮਰੀਕਾ ਤੇ ਕੈਨੇਡਾ, ਅਤੇ ਕੁਝ ਸਮੇਂ ਲਈ ਬ੍ਰਿਟੇਨ ਵਿੱਚ ਵੀ ਚੋਖੀ ਕਾਰਗਰ ਸਾਬਤ ਹੁੰਦੀ ਰਹੀ ਸੀ। ਪਰ ਹੁਣ ਜੇਕਰ ਇਹ ਦੁਹਰਾਈ ਜਾਂਦੀ ਹੈ ਤਾਂ ਇਹ ਭਾਰਤ ਸਰਕਾਰ ਨੂੰ ਕਸੂਤੀ ਸਥਿਤੀ ਵਿੱਚ ਫਸਾ ਸਕਦੀ ਹੈ। ਉਹ ਕਿਸ ਮੂੰਹ ਨਾਲ ਨਜ਼ਰਬੰਦ ਦੀ ਮਦਦ ਕਰੇਗੀ? ਇਹ ਹੋ ਸਕਦਾ ਹੈ ਕਿ ਕਈ ਨਜ਼ਰਬੰਦਾਂ ਨੇ ਆਪਣੇ ਯਾਤਰਾ ਦਸਤਾਵੇਜ਼ ਨਸ਼ਟ ਕਰ ਦਿੱਤੇ ਹੋਣ ਤਾਂ ਜੋ ਫੜੇ ਜਾਣ ਦੀ ਸੂਰਤ ਵਿੱਚ ਉਹ ਦਾਅਵਾ ਕਰ ਸਕਣ ਕਿ ਉਹ ਤਾਂ ਬਹੁਤ ਪਹਿਲਾਂ ਅਮਰੀਕਾ ਆ ਗਏ ਸਨ ਅਤੇ ਇੱਥੇ ਗੁਪਤ ਤੌਰ 'ਤੇ ਰਹਿ ਰਹੇ ਸਨ। ਇਹ ਵੀ ਹੋ ਸਕਦਾ ਹੈ ਕਿ ਉਹ ਇਸ ਗੱਲੋਂ ਡਰਦਿਆਂ ਆਪਣੇ ਸਹੀ ਨਾਮ ਤੇ ਪਤੇ ਵੀ ਨਾ ਦੱਸਣ ਤਾਂ ਜੋ ਕੇਸ ਹਾਰਨ ਦੀ ਸੂਰਤ ਵਿੱਚ ਉਨ੍ਹਾਂ ਨੂੰ ਭਾਰਤੀ ਦੂਤਾਵਾਸ ਰਾਹੀਂ ਜਬਰੀ ਵਤਨ ਨਾ ਪਰਤਾ ਦਿੱਤਾ ਜਾਵੇ। ਉਨ੍ਹਾਂ ਨੂੰ ਅਮਰੀਕਾ ਪਹੁੰਚਾਉਣ ਵਾਲਿਆਂ ਨੇ ਇਹ ਪਾਠ ਤਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਪੜ੍ਹਾਇਆ ਹੋਵੇਗਾ ਕਿ ਫੜੇ ਜਾਣ ਦੀ ਸੂਰਤ ਵਿੱਚ ਮਾਮਲੇ ਨੂੰ ਵੱਧ ਤੋਂ ਵੱਧ ਸਮੇਂ ਲਈ ਲਮਕਾਉਣਾ ਉਨ੍ਹਾਂ ਲਈ ਸਭ ਤੋਂ ਵੱਧ ਸਹਾਈ ਹੋਵੇਗਾ ਕਿਉਂਕਿ ਅਮਰੀਕੀ ਕਾਂਗਰਸ (ਪਾਰਲੀਮੈਂਟ) ਵਿੱਚ ਰਿਪਬਲਿਕਨਾਂ ਦਾ ਗ਼ਲਬਾ ਘਟਣ ਜਾਂ ਹੋਰਨਾਂ ਸਿਰਦਰਦੀਆਂ ਕਾਰਨ ਟਰੰਪ ਦਾ ਧਿਆਨ ਗ਼ੈਰਕਾਨੂੰਨੀ ਆਵਾਸ ਤੋਂ ਹਟ ਕੇ ਹੋਰਨਾਂ ਮੁੱਦਿਆਂ 'ਤੇ ਕੇਂਦ੍ਰਿਤ ਹੋ ਸਕਦਾ ਹੈ ਅਤੇ ਇਹ ਕੁਝ ਉਨ੍ਹਾਂ ਦੀ ਬੰਦ-ਖ਼ਲਾਸੀ ਸੰਭਵ ਬਣਾ ਦੇਵੇਗਾ। ਉੱਘੇ ਅਮਰੀਕੀ ਨਾਵਲਕਾਰ ਫਿਲਿਪ ਰੌਠ, ਜੋ ਹਾਲ ਹੀ 'ਚ ਫ਼ੌਤ ਹੋਇਆ, ਤੋਂ ਪੁੱਛਿਆ ਗਿਆ ਸੀ ਕਿ ਮੌਜੂਦਾ ਅਮਰੀਕੀ ਰਾਸ਼ਟਰਪਤੀ ਕੀ ਨਾਜ਼ੀਆਂ ਦੇ ਹਮਦਰਦ ਚਾਰਲਸ ਲਿੰਡਬਰਗ ਵਰਗਾ ਹੈ, ਜਿਸ ਨੂੰ ਰੌਠ ਨੇ ਆਪਣੀ ਮਸ਼ਹੂਰ ਕਿਤਾਬ 'ਦਿ ਪਲੌਟ ਅਗੇਂਸਟ ਅਮੈਰਿਕਾ' ਵਿੱਚ ਚਿਤਰਿਆ ਸੀ। ਰੌਠ ਦਾ ਜਵਾਬ ਸੀ ''ਲਿੰਡਬਰਗ ਤਾਂ ਨਾਇਕ ਸੀ ਜਦੋਂਕਿ ਟਰੰਪ ਤਾਂ ਮਹਿਜ਼ ਜਾਅਲਸਾਜ਼ ਹੈ।'' ਅਜਿਹਾ ਕੁਝ ਹੋਣ ਦੇ ਬਾਵਜੂਦ ਸੱਚ ਇਹੀ ਹੈ ਕਿ ਟਰੰਪ ਅਮਰੀਕੀ ਰਾਸ਼ਟਰਪਤੀ ਹੈ ਅਤੇ ਉਸਦੀ ਅੰਧਰਾਸ਼ਟਰਵਾਦੀ ਆਵਾਸ ਨੀਤੀ ਹੋਰਨਾਂ ਦੇਸ਼ਾਂ ਨਾਲ ਅਮਰੀਕਾ ਦੇ ਕੂਟਨੀਤਕ ਸਬੰਧਾਂ ਉੱਤੇ ਵੀ ਅਸਰ ਪਾਉਣ ਜਾ ਰਹੀ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਮੋਦੀ, ਜੋ ਕਿ ਨਿਊਯਾਰਕ ਦੇ ਮੈਡੀਸਨ ਸਕੁਏਅਰ ਗਾਰਡਨ ਵਿੱਚ ਸਤੰਬਰ 2014 ਵਿੱਚ ਹੋਏ ਪੌਪ ਸਟਾਰਾਂ ਵਰਗੇ ਸਮਾਗਮ ਵਿੱਚ ਭਾਰਤੀ ਡਾਇਸਪੋਰਾ ਲਈ ਮਹਾਂਨਾਇਕ ਵਜੋਂ ਵਿਚਰੇ ਸਨ, ਅਜਿਹਾ ਅਕਸ ਬਣਾਉਣ ਮਗਰੋਂ ਹੁਣ ਇਹ ਦਲੀਲ ਚੁੱਪ-ਚੁਪੀਤਿਆਂ ਸਵੀਕਾਰ ਨਹੀਂ ਕਰ ਸਕਣਗੇ ਕਿ ਅਮਰੀਕਾ ਵਿੱਚ ਅਮਰੀਕੀ ਕਾਨੂੰਨ ਹੀ ਸਰਬਉੱਚ ਹੈ। ਕਾਨੂੰਨੀ ਜਾਂ ਗ਼ੈਰਕਾਨੂੰਨੀ ਭਾਰਤੀ ਆਵਾਸੀਆਂ ਦੀ ਅਣਮਨੁੱਖੀ ਹਾਲਾਤ ਵਿੱਚ ਨਜ਼ਰਬੰਦੀ ਅਣਡਿੱਠ ਕਰਨੀ ਉਨ੍ਹਾਂ ਲਈ ਆਸਾਨ ਗੱਲ ਨਹੀਂ ਹੋਵੇਗੀ।

ਇਹ ਵਿਡੰਬਨਾ ਹੈ ਕਿ ਇਹ ਸਾਰਾ ਵਰਤਾਰਾ

(ਬਾਕੀ ਸਫ਼ਾ 22 'ਤੇ)

# ਖੇਤੀ ਸੰਕਟ, ਬੇਦਖ਼ਲ ਜਿਊੜੇ ਤੇ ਦਿੱਲੀ ਵੱਲ ਮਹਾਂ ਮਾਰਚ

ਪੀ ਸਾਈਨਾਥ

ਭਾਰਤ ਦਾ ਖੇਤੀ ਸੰਕਟ ਹੁਣ ਖੇਤੀ ਤੋਂ ਬਹੁਤ ਅਗਾਂਹ ਚਲਾ ਗਿਆ ਹੈ। ਇਹ ਹੁਣ ਸਾਡੇ ਸਮਾਜ ਦਾ ਸੰਕਟ ਹੈ; ਇਹ ਤਾਂ ਸਗੋਂ ਸੱਭਿਅਤਾ ਦਾ ਸੰਕਟ ਵੀ ਹੋ ਸਕਦਾ ਹੈ, ਜਿਸ ਵਿੱਚ ਸ਼ਾਇਦ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਵੱਡੀ ਗਿਣਤੀ ਆਪਣਾ ਰਿਜ਼ਕ/ਰੁਜ਼ਗਾਰ ਬਚਾਉਣ ਖ਼ਾਤਿਰ ਜੂਝ ਰਹੀ ਹੈ। ਖੇਤੀ ਸੰਕਟ ਹੁਣ ਮਹਿਜ਼ ਜ਼ਮੀਨ ਖੁੱਸਣ ਤੱਕ ਸੀਮਤ ਨਹੀਂ। ਨਾ ਹੀ ਇਹ ਮਨੁੱਖੀ ਜਿੰਦੜੀਆਂ ਖ਼ਤਮ ਹੋਣ, ਰੁਜ਼ਗਾਰ ਜਾਂ ਪੈਦਾਵਾਰ ਦਾ ਨੁਕਸਾਨ ਹੈ। ਇਹ ਹੁਣ ਸਾਡੀ ਨਾਸ ਹੋ ਚੁੱਕੀ ਜਾਂ ਸੁੰਗੜ ਚੁੱਕੀ ਮਨੁੱਖਤਾ ਦਾ ਸੋਗੀ ਗੀਤ ਹੈ। ਅਸੀਂ ਪਿਛਲੇ ਵੀਹ ਵਰ੍ਹਿਆਂ ਤੋਂ ਇਨ੍ਹਾਂ ਬੇਦਖ਼ਲ ਜਿਊੜਿਆਂ ਦਾ ਨਿੱਤ ਦਿਨ ਡੂੰਘਾ ਹੋ ਰਿਹਾ ਸੰਤਾਪ ਦੇਖ ਰਹੇ ਹਾਂ। ਤਿੰਨ ਲੱਖ ਤੋਂ ਉਪਰ ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਇਸ ਦੌਰਾਨ ਕੁਝ 'ਉਘੇ ਅਰਥ ਸ਼ਾਸਤਰੀਆਂ' ਨੇ ਇਨ੍ਹਾਂ ਬੇਅੰਤ ਤਕਲੀਫ਼ਾਂ ਨੂੰ ਤੁੱਛ ਦੱਸਿਆ ਹੈ, ਇੱਥੋਂ ਤੱਕ ਕਿ ਕੋਈ ਸੰਕਟ ਹੋਣ ਤੋਂ ਵੀ ਨਾਂਹ ਕੀਤੀ ਹੈ।

ਕੌਮੀ ਅਪਰਾਧ ਰਿਕਾਰਡ ਬਿਓਰੋ (ਐਨ ਸੀ ਆਰ ਬੀ) ਨੇ ਦੋ ਵਰ੍ਹਿਆਂ ਤੋਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਅੰਕੜੇ ਨਹੀਂ ਛਾਪੇ। ਇਸ ਤੋਂ ਕੁਝ ਵਰ੍ਹੇ ਪਹਿਲਾਂ, ਕਈ ਸੂਬਿਆਂ ਨੇ ਬਿਓਰੋ ਦੇ ਅੰਦਾਜ਼ੇ ਤੋੜ-ਮਰੋੜ ਕੇ ਫ਼ਰੇਬੀ ਅੰਕੜੇ ਪੇਸ਼ ਕੀਤੇ। 2014 ਵਿੱਚ 12 ਸੂਬਿਆਂ ਅਤੇ 6 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਦਾਅਵਾ ਕੀਤਾ ਕਿ ਉਥੇ ਕੋਈ ਕਿਸਾਨ ਖ਼ੁਦਕੁਸ਼ੀ ਨਹੀਂ ਹੋਈ। ਬਿਓਰੋ ਦੀਆਂ 2014 ਅਤੇ 2015 ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਅੰਕੜੇ ਘਟਾ ਕੇ ਦੱਸਣ ਦੇ ਇਰਾਦੇ ਨਾਲ ਕਾਰਜਵਿਧੀ ਵਿੱਚ ਵੱਡੀ ਪੱਧਰ 'ਤੇ ਨਿਰਲੱਜ ਤਰੁੱਟੀਆਂ ਰੱਖ ਕੇ ਛਲ ਕੀਤਾ ਗਿਆ।... ਤੇ ਅੰਕਿੜਆਂ ਦੀ ਗਿਣਤੀ ਫਿਰ ਵੀ ਵਧ ਰਹੀ ਹੈ।

ਇਸ ਦੌਰਾਨ ਕਿਸਾਨਾਂ ਅਤੇ ਮਜ਼ਦੂਰਾਂ ਦੇ ਰੋਸ ਵਿਖਾਵੇ ਲਗਾਤਾਰ ਵਧ ਅਤੇ ਪ੍ਰਚੰਡ ਹੋ ਰਹੇ ਹਨ। ਮੱਧ ਪ੍ਰਦੇਸ਼ ਵਿੱਚ ਕਿਸਾਨ ਗੋਲੀ ਨਾਲ ਮਾਰ ਸੁੱਟੇ। ਮਹਾਂਰਾਸ਼ਟਰ ਵਿੱਚ ਉਨ੍ਹਾਂ ਨੂੰ ਟਿੱਚ ਜਾਣਿਆ ਗਿਆ ਅਤੇ ਸਮਝੌਤਿਆਂ ਵਿੱਚ ਧੋਖਾਧੜੀ ਕੀਤੀ। ਜਿੱਧਰ ਦੇਖੋ, ਹਰ ਪਾਸੇ ਨੋਟਬੰਦੀ ਦੇ ਝੰਬੇ ਜਿਊੜੇ ਦਿਸਦੇ ਹਨ। ਦਿਹਾਤ ਵਿੱਚ ਰੋਸ, ਰੋਹ, ਦਰਦ ਅਤੇ ਬੇਚੈਨੀ ਵਧ ਰਹੀ ਹੈ। ਤੇ ਇਹ ਸਿਰਫ਼ ਕਿਸਾਨਾਂ ਵਿੱਚ ਹੀ ਨਹੀਂ ਹੋ ਰਿਹਾ, ਮਜ਼ਦੂਰਾਂ ਅੰਦਰ ਵੀ ਹੈ ਜਿਨ੍ਹਾਂ ਨੂੰ ਜਾਪਦਾ ਹੈ ਕਿ ਸਾਜ਼ਿਸ਼ ਤਹਿਤ 'ਮਨਰੇਗਾ' ਨੂੰ ਸਮੇਟਿਆ ਜਾ ਰਿਹਾ ਹੈ। ਅਧਿਐਨ ਦੱਸਦੇ ਹਨ ਕਿ 2013-14 ਅਤੇ 2015-16 ਦਰਮਿਆਨ ਮੁਲਕ ਅੰਦਰ ਰੁਜ਼ਗਾਰ ਵਿੱਚ ਅਸੀਮ ਗਿਰਾਵਟ ਆਈ ਹੈ। ਗ਼ੁਰਬਤ ਨਾਲ ਨਪੀੜੇ ਲੱਖਾਂ ਲੋਕਾਂ ਨੇ ਆਪੋ-ਆਪਣੇ ਪਿੰਡਾਂ ਅੰਦਰ ਰੁਜ਼ਗਾਰ ਨਾ ਹੋਣ ਕਾਰਨ ਦੂਜੇ ਪਿੰਡਾਂ, ਦਿਹਾਤੀ ਕਸਬਿਆਂ, ਸ਼ਹਿਰੀ ਰਿਹਾਇਸ਼ਾਂ ਅਤੇ ਵੱਡੇ ਸ਼ਹਿਰਾਂ ਵੱਲ ਵਹੀਰਾਂ ਘੱਤ ਲਈਆਂ। 2011 ਵਾਲੀ ਮਰਦਮਸ਼ੁਮਾਰੀ ਵਿੱਚ, 1991 ਦੇ ਮੁਕਾਬਲੇ ਕਿਸਾਨਾਂ ਦੀ ਗਿਣਤੀ ਤਕਰੀਬਨ ਡੇਢ ਕਰੋੜ ਘਟ ਗਈ। ਹੁਣ ਹਾਲ ਇਹ ਹੈ ਕਿ ਕਿਸੇ ਵੇਲੇ ਮਾਣਮੱਤੇ ਰਹੇ ਇਨ੍ਹਾਂ ਅੰਨਦਾਤਿਆਂ ਵਿੱਚੋਂ ਬਹੁਤੇ ਘਰੇਲੂ ਨੌਕਰ ਬਣ ਕੇ ਕੰਮ ਕਰ ਰਹੇ ਹਨ।

ਇਸ ਸਭ ਕਾਸੇ ਬਾਰੇ ਸਰਕਾਰ ਨੇ ਆਪਣੇ ਕੰਨ ਬੰਦ ਕੀਤੇ ਹੋਏ ਹਨ। ਖ਼ਬਰੀ ਮੀਡੀਆ ਦਾ ਵਿਹਾਰ ਵੀ ਇਹੀ ਹੈ। ਇਹ ਮੀਡੀਆ ਜਦੋਂ ਇਨ੍ਹਾਂ ਮਸਲਿਆਂ ਉਤੇ ਬੱਸ ਸਰਸਰੀ ਜਿਹੀ ਨਿਗ੍ਹਾ ਮਾਰਦਾ ਹੈ, ਤਾਂ ਇਹ ਮਸਲੇ ਮਹਿਜ਼ 'ਕਰਜ਼ਾ ਮੁਆਫ਼ੀ' ਦੀਆਂ ਮੰਗਾਂ ਤੱਕ ਸੁੰਗੜ ਜਾਂਦੇ ਹਨ। ਹਾਲ ਹੀ ਵਿੱਚ, ਇਸ ਨੇ ਕਿਸਾਨਾਂ ਦੀ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਦੀ ਮੰਗ (ਪੈਦਾਵਾਰ ਲਾਗਤ+50 ਫ਼ੀਸਦ) ਬਾਰੇ ਗੱਲ ਤੋਰੀ ਪਰ ਮੀਡੀਆ ਨੇ ਸਰਕਾਰ ਦੇ ਇਸ ਦਾਅਵੇ ਨੂੰ ਚੁਣੌਤੀ ਹੀ ਨਹੀਂ ਦਿੱਤੀ ਜਿਹੜੀ ਇਹ ਕਹਿ ਰਹੀ ਸੀ ਕਿ ਇਹ ਮੰਗ ਪਹਿਲਾਂ ਹੀ ਲਾਗੂ ਹੋ ਚੁੱਕੀ ਹੈ। ਨਾ ਹੀ ਇਹ ਜ਼ਿਕਰ ਛੇੜਿਆ ਕਿ ਕਿਸਾਨਾਂ ਬਾਰੇ ਕੌਮੀ ਕਮਿਸ਼ਨ (ਜੋ ਸਵਾਮੀਨਾਥਨ ਕਮਿਸ਼ਨ ਵਜੋਂ ਮਸ਼ਹੂਰ ਹੈ) ਨੇ ਇੰਨੇ ਹੀ ਗੰਭੀਰ, ਹੋਰ ਵੀ ਬਹੁਤ ਸਾਰੇ ਮੁੱਦੇ ਉਭਾਰੇ ਹਨ। ਕਮਿਸ਼ਨ ਦੀਆਂ ਕੁਝ ਰਿਪੋਰਟਾਂ 12 ਸਾਲ ਬਿਨਾਂ ਬਹਿਸ, ਸੰਸਦ ਵਿੱਚ ਪਈਆਂ ਧੂੜ ਫੱਕਦੀਆਂ ਰਹੀਆਂ। ਇਹੀ ਨਹੀਂ, ਮੀਡੀਆ ਨੇ ਕਰਜ਼ਾ ਮੁਆਫ਼ੀ ਵਾਲੀਆਂ ਅਪੀਲਾਂ-ਦਲੀਲਾਂ ਦੇ ਬਰਖ਼ਿਲਾਫ਼ ਖ਼ਬਰਾਂ ਨਸ਼ਰ ਕਰਦਿਆਂ ਕਾਰਪੋਰੇਟਾਂ ਅਤੇ ਵੱਡੇ ਕਾਰੋਬਾਰੀਆਂ ਦੇ ਖਾਤਿਆਂ ਦਾ ਜ਼ਿਕਰ ਤੱਕ ਨਹੀਂ ਕੀਤਾ ਜੋ ਥੋਕ ਵਿੱਚ ਵੱਟੇ ਖਾਤੇ ਪਾ ਦਿੱਤੇ ਗਏ, ਤੇ ਜਿਨ੍ਹਾਂ ਕਰਕੇ ਬੈਂਕਾਂ ਦਾ ਬੇੜਾ ਡੁੱਬ ਗਿਆ।




ਇਸ ਸੰਕਟ ਦੇ ਮੱਦੇਨਜ਼ਰ, ਹੁਣ ਸ਼ਾਇਦ ਬਹੁਤ ਵੱਡੇ ਪੱਧਰ ਉਤੇ ਜਮਹੂਰੀ ਰੋਸ ਵਿਖਾਵਾ ਕਰਨ ਦਾ ਵਕਤ ਆ ਗਿਆ ਹੈ; ਇਸ ਦੇ ਨਾਲ ਹੀ ਇਸ ਸੰਕਟ ਅਤੇ ਇਸ ਨਾਲ ਜੁੜੇ ਹੋਰ ਮਸਲਿਆਂ ਬਾਰੇ ਵਿਚਾਰ-ਵਟਾਂਦਰੇ ਲਈ ਸੰਸਦ ਦਾ ਤਿੰਨ ਹਫ਼ਤਿਆਂ ਦਾ ਵਿਸ਼ੇਸ਼ ਸੈਸ਼ਨ ਸੱਦਣ ਦੀ ਮੰਗ ਕੀਤੀ ਜਾਵੇ। ਇਸ ਸੈਸ਼ਨ ਦਾ ਏਜੰਡਾ ਕੀ ਹੋਵੇ? ਕੁਝ ਸੁਝਾਅ ਪੇਸ਼ ਹਨ। ਇਸ ਵਿਚ ਸੋਧ ਹੋ ਸਕਦੀ ਹੈ ਜਾਂ ਹੋਰ ਸੁਝਾਅ ਜੋੜੇ ਜਾ ਸਕਦੇ ਹਨ:

ਤਿੰਨ ਦਿਨ ਸਵਾਮੀਨਾਥਨ ਕਮਿਸ਼ਨ ਰਿਪੋਰਟ ਬਾਰੇ ਬਹਿਸ: ਕਮਿਸ਼ਨ ਨੇ ਦਸੰਬਰ 2004 ਅਤੇ ਅਕਤੂਬਰ 2006 ਵਿੱਚਕਾਰ ਪੰਜ ਰਿਪੋਰਟਾਂ ਜਮ੍ਹਾਂ ਕਰਵਾਈਆਂ ਜਿਨ੍ਹਾਂ ਅੰਦਰ ਸਿਰਫ ਘੱਟੋ-ਘੱਟ ਸਮਰਥਨ ਮੁੱਲ ਹੀ ਨਹੀਂ, ਹੋਰ ਬਹੁਤ ਸਾਰੇ ਅਹਿਮ ਮਸਲੇ ਵਿਚਾਰੇ ਗਏ ਹਨ।

ਤਿੰਨ ਦਿਨ ਲੋਕਾਂ ਦੀ ਗਵਾਹੀ: ਸੰਕਟ ਦੀ ਮਾਰ ਹੇਠ ਆਏ ਲੋਕ, ਸੰਸਦ ਦੇ ਕੇਂਦਰੀ ਹਾਲ ਵਿੱਚ ਬੋਲਣ ਅਤੇ ਪੂਰੇ ਮੁਲਕ ਨੂੰ ਦੱਸਣ ਕਿ ਇਹ ਸੰਕਟ ਹੈ ਕੀ, ਇਸ ਸੰਕਟ ਨੇ ਉਨ੍ਹਾਂ ਅਤੇ ਹੋਰ ਅਣਗਿਣਤ ਲੋਕਾਂ ਦਾ ਕੀ ਹਾਲ ਕਰਕੇ ਰੱਖ ਦਿੱਤਾ ਹੈ। ਤੇ ਇਹ ਸਿਰਫ਼ ਖੇਤੀ ਦਾ ਸੰਕਟ ਨਹੀਂ ਹੈ।

ਤਿੰਨ ਦਿਨ ਕਰਜ਼ੇ ਬਾਰੇ ਬਹਿਸ: ਕਰਜ਼ਾ ਲਗਾਤਾਰ ਵਧ ਰਿਹਾ ਹੈ। ਲੱਖਾਂ ਲੋਕਾਂ ਦੀ ਦੁਰਦਸ਼ਾ ਤੋਂ ਇਲਾਵਾ ਅਣਗਿਣਤ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਇਹੀ ਹੈ। ਸੰਸਥਾਈ ਪੱਧਰ 'ਤੇ ਕਰਜ਼ਾ ਨੀਤੀਆਂ ਨੇ ਸੂਦਖ਼ੋਰੀ ਲਈ ਮੁੜ ਰਾਹ ਖੋਲ੍ਹ ਦਿੱਤਾ ਹੈ।

ਤਿੰਨ ਦਿਨ ਜਲ ਸੰਕਟ ਬਾਰੇ ਬਹਿਸ: ਜਲ ਸੰਕਟ ਸੋਕੇ ਨਾਲੋਂ ਕਿਤੇ ਵੱਡਾ ਹੈ। ਮੌਜੂਦਾ ਸਰਕਾਰ 'ਤਰਕਸੰਗਤ ਕੀਮਤ' ਮਿਥਣ ਦੇ ਨਾਂ 'ਤੇ ਜਲ ਨਿੱਜੀਕਰਨ ਵੱਲ ਵਧਣ ਲਈ ਦ੍ਰਿੜ੍ਹ ਜਾਪਦੀ ਹੈ। ਪੀਣ ਵਾਲੇ ਪਾਣੀ ਹੁਣ ਬੁਨਿਆਦੀ ਮਨੁੱਖੀ ਅਧਿਕਾਰ ਹੈ ਅਤੇ ਇਸ ਕੁਦਰਤੀ ਸਰੋਤ ਦੇ ਨਿੱਜੀਕਰਨ 'ਤੇ ਪਾਬੰਦੀ ਦੀ ਲੋੜ ਹੈ।

ਤਿੰਨ ਦਿਨ ਔਰਤ ਕਿਸਾਨਾਂ ਦੇ ਅਧਿਕਾਰਾਂ ਬਾਰੇ ਬਹਿਸ: ਖੇਤੀ ਸੰਕਟ ਉਨ੍ਹਾਂ ਅਧਿਕਾਰਾਂ ਦੀ ਗੱਲ ਅਤੇ ਉਨ੍ਹਾਂ ਜਿਊੜਿਆਂ ਦੀਆਂ ਸਮੱਸਿਆਵਾਂ ਨੂੰ ਸੰਬੋਧਨ ਕੀਤੇ ਬਗ਼ੈਰ ਹੱਲ ਨਹੀਂ ਹੋ ਸਕਦਾ ਜੋ ਖੇਤਾਂ ਅਤੇ ਹਵੇਲੀਆਂ ਵਿੱਚ ਸਭ ਤੋਂ ਵੱਧ ਕੰਮ ਕਰਦੇ ਹਨ। ਪ੍ਰੋਫ਼ੈਸਰ ਸਵਾਮੀਨਾਥਨ ਨੇ ਰਾਜ ਸਭਾ ਵਿੱਚ ਔਰਤ ਕਿਸਾਨਾਂ ਦੇ ਅਧਿਕਾਰਾਂ ਵਾਲਾ ਬਿੱਲ-2011 ਪੇਸ਼ ਕੀਤਾ ਸੀ (ਮਿਆਦ 2013 ਵਿੱਚ ਖ਼ਤਮ) ਪਰ ਬਹਿਸ ਦੀ ਸ਼ੁਰੂਆਤ ਇਸ ਬਿੱਲ ਤੋਂ ਕੀਤੀ ਜਾ ਸਕਦੀ ਹੈ।

ਤਿੰਨ ਦਿਨ ਭੂਮੀਹੀਣ ਮਜ਼ਦੂਰਾਂ ਅਧਿਕਾਰਾਂ ਬਾਰੇ ਬਹਿਸ: ਤੰਗੀਆਂ-ਤੁਰਸ਼ੀਆਂ ਕਾਰਨ ਕਈ ਦਿਸ਼ਾਵਾਂ ਵੱਲ ਹਿਜਰਤ ਹੋਣ ਕਰਕੇ ਇਹ ਸੰਕਟ ਹੁਣ ਸਿਰਫ਼ ਦਿਹਾਤੀ ਨਹੀਂ ਰਿਹਾ। ਜਦੋਂ ਵੀ ਕਿਤੇ ਖੇਤੀ ਖੇਤਰ ਵਿੱਚ ਸਰਕਾਰੀ ਨਿਵੇਸ਼ ਹੋਵੇ, ਇਨ੍ਹਾਂ ਦੀਆਂ ਲੋੜਾਂ ਤੇ ਅਧਿਕਾਰਾਂ, ਇਨ੍ਹਾਂ ਦੇ ਪ੍ਰਸੰਗ ਮੁਤਾਬਿਕ ਹੋਵੇ।

ਤਿੰਨ ਦਿਨ ਖੇਤੀ ਬਾਰੇ ਬਹਿਸ: ਅਗਲੇ 20 ਵਰ੍ਹਿਆਂ ਦੌਰਾਨ ਅਸੀਂ ਕਿਸ ਕਿਸਮ ਦੀ ਖੇਤੀ ਚਾਹੁੰਦੇ ਹਾਂ? ਕਾਰਪੋਰੇਟੀ ਮੁਨਾਫ਼ਿਆਂ ਵਾਲੀ? ਜਾਂ ਇਹ ਉਨ੍ਹਾਂ ਭਾਈਚਾਰਿਆਂ ਤੇ ਪਰਿਵਾਰਾਂ ਮੁਤਾਬਿਕ ਹੋਵੇ ਜਿਨ੍ਹਾਂ ਲਈ ਇਹੀ ਉਨ੍ਹਾਂ ਦੀ ਹੋਂਦ ਦਾ ਆਧਾਰ ਹੈ? ਹੁਣ ਭੂਮੀ ਸੁਧਾਰਾਂ ਦਾ ਅਧੂਰਾ ਏਜੰਡਾ ਪੁਨਰ-ਸੁਰਜੀਤ ਕਰਨਾ ਪਵੇਗਾ। ਇਹ ਸਾਰੀਆਂ ਬਹਿਸਾਂ ਹਕੀਕਤ ਵਿੱਚ ਅਰਥਪੂਰਨ ਹੋਣ। ਹਰ ਇਕ ਸ਼ਖ਼ਸ, ਆਦਿਵਾਸੀ ਤੇ ਦਲਿਤ ਕਿਸਾਨਾਂ ਤੇ ਮਜ਼ਦੂਰਾਂ ਦੇ ਅਧਿਕਾਰਾਂ ਉਤੇ ਵੀ ਜ਼ਰੂਰ ਧਿਆਨ ਲਾਵੇ।

ਕੋਈ ਵੀ ਸਿਆਸੀ ਪਾਰਟੀ ਇਸ ਸੈਸ਼ਨ ਦੀ ਸ਼ਰ੍ਹੇਆਮ ਮੁਖ਼ਾਲਫ਼ਤ ਨਹੀਂ ਕਰੇਗੀ, ਫਿਰ ਇਹ ਸਾਰਾ ਕਾਰਜ ਕੌਣ ਯਕੀਨੀ ਬਣਾਏਗਾ?... ਬੇਦਖ਼ਲ ਹੋਏ ਜਿਊੜੇ ਖ਼ੁਦ ਇਹ ਕਾਰਜ ਕਰਨਗੇ। ਇਸ ਵਰ੍ਹੇ ਮਾਰਚ ਵਿੱਚ 40,000 ਕਿਸਾਨਾਂ ਤੇ ਮਜ਼ਦੂਰਾਂ ਨੇ ਆਪਣੀਆਂ ਮੰਗਾਂ ਲਈ ਨਾਸਿਕ ਤੋਂ ਮੁੰਬਈ ਤੱਕ ਮਾਰਚ ਕੀਤਾ। ਮੁੰਬਈ ਵਿੱਚ ਬੈਠੀ ਆਕੜਖੋਰ ਸਰਕਾਰ ਨੇ ਮਾਰਚ ਕਰਨ ਵਾਲਿਆਂ ਨੂੰ 'ਸ਼ਹਿਰੀ ਮਾਓਵਾਦੀ' ਕਹਿ ਕੇ ਅਣਗੌਲਿਆ ਕੀਤਾ ਤੇ ਗੱਲ ਨਾ ਕਰਨ ਬਾਰੇ ਵੀ ਆਖਿਆ ਪਰ ਜਦੋਂ ਇਹ ਮੁਲਖ਼ਈਆ ਵਿਧਾਨ ਸਭਾ ਘੇਰਨ ਮੁੰਬਈ ਪੁੱਜਾ ਤਾਂ ਕੁਝ ਹੀ ਸਮੇਂ ਬਾਅਦ ਸਰਕਾਰ ਦੀ ਆਕੜ ਟੁੱਟ ਗਈ। ਇਹ ਉਹੀ ਦਿਹਾਤੀ ਗ਼ਰੀਬ ਸਨ ਜਿਨ੍ਹਾਂ ਸਰਕਾਰ ਨੂੰ ਲੀਹ ਉਤੇ ਲੈ ਆਂਦਾ। ਪੂਰੀ ਤਰ੍ਹਾਂ ਅਨੁਸ਼ਾਸਨ ਵਿੱਚ ਰਹਿ ਕੇ ਮੁੰਬਈ ਵਿੱਚ ਨਿਆਰਾ ਤੇ ਨਿਵੇਕਲਾ ਨਾਅਰਾ ਬੁਲੰਦ ਕੀਤਾ ਗਿਆ। ਇਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਸ਼ਹਿਰੀ ਕਾਮਾ ਵਰਗ ਹੀ ਨਹੀਂ ਸਗੋਂ ਮੱਧ ਵਰਗ, ਇੱਥੋਂ ਤੱਕ ਕਿ ਕੁਝ ਉਚ ਮੱਧ ਵਰਗ ਦੇ ਲੋਕ ਵੀ ਉਮੜ ਪਏ।

ਇਹ ਕਹਾਣੀ ਹੁਣ ਕੌਮੀ ਪੱਧਰ ਉਤੇ ਦੁਹਰਾਉਣ ਦੀ ਲੋੜ ਹੈ- ਇਸ ਤੋਂ ਵੀ 25 ਗੁਣਾ ਵੱਧ ਇਕੱਠ ਕਰਕੇ। ਇਹ ਬੇਦਖ਼ਲਾਂ ਦਾ ਮਹਾਂ ਮਾਰਚ ਹੋਵੇ। ਇਸ ਵਿੱਚ ਸਿਰਫ ਕਿਸਾਨ ਤੇ ਮਜ਼ਦੂਰ ਹੀ ਸ਼ਾਮਿਲ ਨਾ ਹੋਣ ਸਗੋਂ ਸੰਕਟ ਦੇ ਝੰਬੇ ਹੋਰ ਲੋਕ ਵੀ ਸ਼ਿਰਕਤ ਕਰਨ। ਇਸ ਵਿੱਚ ਉਹ ਲੋਕ ਵੀ ਸ਼ਾਮਿਲ ਹੋਣ ਜਿਹੜੇ ਇਸ ਸੰਕਟ ਦੀ ਮਾਰ ਤੋਂ ਤਾਂ ਬਚੇ ਹੋਏ ਹਨ ਪਰ ਇਨ੍ਹਾਂ ਲੋਕਾਂ ਦੀ ਦੁਰਦਸ਼ਾ ਤੋਂ ਪਸੀਜੇ ਹੋਏ ਹਨ। ਮੁਲਕ ਦੇ ਕੋਨੇ ਕੋਨੇ ਤੋਂ ਇਹ ਮਾਰਚ ਸ਼ੁਰੂ ਹੋਵੇ ਅਤੇ ਫਿਰ ਮੁਲਕ ਦੀ ਰਾਜਧਾਨੀ ਵਿੱਚ ਇਕੱਠ ਹੋਵੇ। ਇਹ ਮਾਰਚ ਸੰਸਦ ਨੂੰ ਘੇਰਾ ਪਾਵੇਗਾ ਅਤੇ ਮਜਬੂਰ ਕਰੇਗਾ ਕਿ ਉਨ੍ਹਾਂ ਦੀ ਗੱਲ ਸੁਣੀ ਜਾਵੇ ਅਤੇ ਅਗਾਂਹ ਕਾਰਵਾਈ ਕੀਤੀ ਜਾਵੇ। ਜੀ ਹਾਂ, ਉਹ ਦਿੱਲੀ ਮੱਲਣਗੇ।

ਇਸ ਵਿਰਾਟ ਯੋਜਨਾਬੰਦੀ ਨੂੰ ਅਮਲ ਵਿੱਚ ਲਿਆਉਣ ਲਈ ਕਈ ਮਹੀਨੇ ਲੱਗ ਸਕਦੇ ਹਨ ਜੋ ਵੱਡੀ ਵੰਗਾਰ ਹੋਵੇਗੀ। ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਜਥੇਬੰਦੀਆਂ ਦੀ ਇਮਦਾਦ ਨਾਲ ਅਜਿਹਾ ਸਭ ਤੋਂ ਵਿਸ਼ਾਲ ਅਤੇ ਮੋਕਲਾ ਸਾਂਝਾ ਇਕੱਠ ਸੰਭਵ ਹੈ। ਇਸ ਨੂੰ ਹਾਕਮਾਂ ਅਤੇ ਇਨ੍ਹਾਂ ਦੇ ਮੀਡੀਆ ਦੀ ਤਿੱਖੀ ਮੁਖ਼ਲਾਫ਼ਤ ਦਾ ਸਾਹਮਣਾ ਕਰਨਾ ਪਵੇਗਾ ਜੋ ਇਸ ਨੂੰ ਹਰ ਪੜਾਅ ਉਤੇ ਕਮਜ਼ੋਰ ਕਰਨਾ ਚਾਹੁਣਗੇ ਪਰ ਅਜਿਹਾ ਕੀਤਾ ਜਾ ਸਕਦਾ ਹੈ। ਇਨ੍ਹਾਂ ਨਿਮਾਣਿਆਂ ਦੀ ਤਾਕਤ ਨੂੰ ਘਟਾ ਕੇ ਨਾ ਦੇਖੋ। ਇਹ ਲੋਕ ਗੱਲੀਂ-ਬਾਤੀਂ ਸਾਰਨ ਵਾਲੇ ਨਹੀਂ ਸਗੋਂ ਜਮਹੂਰੀਅਤ ਦਾ ਚਿਰਾਗ਼ ਬਲਦਾ ਰੱਖਣ ਵਾਲੇ ਇਹੀ ਲੋਕ ਹਨ।

ਇਹ ਜਮਹੂਰੀ ਰੋਸ ਵਿਖਾਵੇ ਦਾ ਸਭ ਤੋਂ ਉਤਮ ਰੂਪ ਹੋਵੇਗਾ- ਦਸ ਲੱਖ ਜਾਂ ਇਸ ਤੋਂ ਵੀ ਵੱਧ ਮਨੁੱਖੀ ਜਿਊੜੇ ਆਪਣੇ ਨੁਮਾਇੰਦਿਆਂ ਦੀ ਕਾਰਗੁਜ਼ਾਰੀ ਯਕੀਨੀ ਬਣਾਉਣ ਲਈ ਇਕੱਠੇ ਹੋਣਗੇ। ਜੇ ਅੱਜ ਭਗਤ ਸਿੰਘ ਹੁੰਦਾ ਤਾਂ ਇਨ੍ਹਾਂ ਬਾਰੇ ਜ਼ਰੂਰ ਕਹਿੰਦਾ: ਇਹ ਜਿਊੜੇ ਬੋਲ਼ਿਆਂ ਨੂੰ ਸੁਣਾ ਸਕਦੇ ਹਨ, ਮੁਨਾਖਿਆਂ ਨੂੰ ਸੁਜਾਖਾ ਬਣਾ ਸਕਦੇ ਹਨ ਅਤੇ ਮੋਨਧਾਰੀਆਂ ਨੂੰ ਬੋਲਣ ਲਈ ਮਜਬੂਰ ਕਰ ਸਕਦੇ ਹਨ।

# ਬਾਲ ਮਜ਼ਦੂਰ ਨੂੰ ਛੁਡਾਉਣ ਦਾ ਪਛਤਾਵਾ

ਰੋਹਿਤ ਸੋਨੀ ਸਾਦਿਕ


ਛੇ ਕੁ ਸਾਲ ਪਹਿਲਾਂ ਦੀ ਗੱਲ ਹੈ, ਉਦੋਂ ਪਿੰਡ ਰਹਿੰਦਾ ਹੁੰਦਾ ਸਾਂ। ਕਿਸੇ ਐਨਜੀਓ ਨੇ ਪਿੰਡ 'ਚ ਕਮੇਟੀ ਬਣਾਈ ਤੇ ਮੈਨੂੰ ਮੁਖੀ ਲਾ ਦਿੱਤਾ। ਕਮੇਟੀ ਦੇ ਕੰਮ ਸਨ: ਬਾਲ ਮਜ਼ਦੂਰੀ ਰੋਕਣਾ, ਬਾਲ ਵਿਆਹ ਰੋਕਣਾ, ਸਕੂਲੇ ਨਾ ਜਾਣ ਵਾਲੇ ਬੱਚਿਆਂ ਨੂੰ ਸਕੂਲ ਭੇਜਣਾ ਜਾਂ ਬੱਚਿਆਂ ਨੂੰ ਸਕੂਲ ਭੇਜਣ ਲਈ ਮਾਪਿਆਂ ਨੂੰ ਪ੍ਰੇਰਨਾ ਆਦਿ। ਮੈਂ ਇਸ ਕੰਮ ਨੂੰ ਸਮਾਜ ਦੀ ਸੇਵਾ ਸਮਝ ਕੇ ਪ੍ਰਵਾਨ ਕੀਤਾ ਸੀ। ਇੱਕ ਵਾਰ ਪਿੰਡ ਦੇ ਅੱਡੇ 'ਤੇ ਹੀ ਬਣੇ ਢਾਬੇ ਉੱਤੇ ਇੱਕ ਬਾਲਕ ਨੂੰ ਮਜ਼ਦੂਰੀ ਕਰਦਿਆਂ ਦੇਖਿਆ। ਮੈਂ ਢਾਬੇ ਵਾਲੇ ਨੂੰ ਚਿਤਾਵਨੀ ਦਿੱਤੀ, ਨਾਲੇ ਦੱਸਿਆ ਕਿ ਬਾਲ ਮਜ਼ਦੂਰੀ ਕਰਵਾਉਣਾ ਅਪਰਾਧ ਹੈ ਪਰ ਉਸ ਨੇ ਮੇਰੀ ਗੱਲ ਨੂੰ ਗੌਲਿਆ ਹੀ ਨਾ, ਜਿਸ ਕਰਕੇ ਮੈਨੂੰ ਜ਼ਿਲ੍ਹਾ ਪ੍ਰਸ਼ਾਸਨ ਕੋਲ ਸ਼ਿਕਾਇਤ ਕਰਨੀ ਪਈ। ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦਿਆਂ ਟੀਮ ਸਾਡੇ ਪਿੰਡ ਭੇਜੀ ਅਤੇ ਉਸ ਬਾਲਕ ਨੂੰ ਕੰਮ ਤੋਂ ਛੁਡਵਾ ਕੇ ਘਰ ਭੇਜ ਦਿੱਤਾ। ਟੀਮ ਨੇ ਢਾਬੇ ਦੇ ਮਾਲਕ ਨੂੰ ਜੁਰਮਾਨਾ ਕੀਤਾ ਅਤੇ ਅਗਾਂਹ ਤੋਂ ਅਜਿਹਾ ਨਾ ਕਰਨ ਦੀ ਤਾੜਨਾ ਕੀਤੀ। ਜੁਰਮਾਨਾ ਆਪਣੀ ਜੇਬ ਵਿੱਚ ਪਾ ਕੇ ਅਫ਼ਸਰ ਤੁਰਦੇ ਬਣੇ, ਸ਼ਾਇਦ ਉਨ੍ਹਾਂ ਨੂੰ ਇਹ ਜੁਰਮਾਨਾ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਉਣ ਅਤੇ ਅਫ਼ਸਰਾਂ ਕੋਲੋਂ ਸ਼ਾਬਾਸ਼ੀ ਲੈਣ ਦੀ ਕਾਹਲੀ ਸੀ।



ਮੈਨੂੰ ਉਸ ਸਮੇਂ ਬਹੁਤ ਪਛਤਾਵਾ ਹੋਇਆ ਜਦੋਂ ਪਤਾ ਲੱਗਿਆ ਕਿ ਬੱਚਾ, ਜਿਹੜਾ ਨਾਲ ਦੇ ਪਿੰਡ ਦਾ ਰਹਿਣ ਵਾਲਾ ਸੀ, ਦਾ ਪਿਤਾ ਇਸ ਦੁਨੀਆਂ 'ਤੇ ਨਹੀਂ ਹੈ। ਉਸ ਦੀ ਮਾਂ ਬਿਮਾਰ ਰਹਿੰਦੀ ਹੈ, ਫਿਰ ਵੀ ਉਹ ਲੋਕਾਂ ਦੇ ਘਰ ਕੰਮ ਕਰਦੀ ਹੈ ਜਿਸ ਨਾਲ ਉਸ ਦੀਆਂ ਦਵਾਈਆਂ ਦਾ ਖ਼ਰਚ ਮਸਾਂ ਨਿਕਲਦਾ ਹੈ। ਇਸ ਬੱਚੇ ਦੀ ਕਮਾਈ ਨਾਲ ਹੀ ਉਨ੍ਹਾਂ ਦੇ ਘਰ ਦੀਆਂ ਨਿੱਕੀਆਂ-ਮੋਟੀਆਂ ਜ਼ਰੂਰਤਾਂ ਪੂਰੀਆਂ ਹੋ ਜਾਂਦੀਆਂ ਸਨ। ਇਹ ਬੱਚਾ ਕਈ ਥਾਈਂ ਕੰਮ ਲੱਭਦਾ ਫਿਰਦਾ ਸੀ ਪਰ ਕੋਈ ਵੀ ਕੰਮ 'ਤੇ ਨਹੀਂ ਸੀ ਰੱਖਦਾ। ਪਿੰਡ ਦੇ ਕੁਝ ਮੋਹਤਬਰਾਂ ਦੇ ਕਹਿਣ 'ਤੇ ਢਾਬੇ ਵਾਲਾ ਅੱਠ ਸੌ ਰੁਪਏ ਮਹੀਨੇ ਵਿੱਚ ਰੱਖਣ ਲਈ ਤਿਆਰ ਹੋਇਆ ਸੀ। ਜਿਨ੍ਹਾਂ ਲੋਕਾਂ ਨੇ ਮੈਨੂੰ ਇਹ ਸਭ ਦੱਸਿਆ ਸੀ, ਹੁਣ ਉਨ੍ਹਾਂ ਦੇ ਸਵਾਲ ਸਨ: ਬੱਚਾ ਹੁਣ ਕਿੱਥੇ ਜਾਵੇਗਾ? ਕੀ ਕਰੇਗਾ? ਇਨ੍ਹਾਂ ਦੇ ਘਰ ਦਾ ਖ਼ਰਚ ਕਿਵੇਂ ਚੱਲੇਗਾ? ਇਸ ਨੂੰ ਕੌਣ ਕੰਮ 'ਤੇ ਰੱਖੇਗਾ?

ਮੈਂ ਐਨਜੀਓ ਦੀ ਜ਼ਿਲ੍ਹਾ ਕੋਆਰਡੀਨੇਟਰ ਨਾਲ ਗੱਲ ਕੀਤੀ ਅਤੇ ਕਿਹਾ ਕਿ ਸਾਨੂੰ ਬੱਚੇ ਦੀ ਆਰਥਿਕ ਮਦਦ ਕਰਨੀ ਚਾਹੀਦੀ ਹੈ ਪਰ ਉਨ੍ਹਾਂ ਕੋਰਾ ਜਵਾਬ ਦੇ ਦਿੱਤਾ ਤੇ ਕਿਹਾ: "ਅਸੀਂ ਬੱਚਿਆਂ ਨੂੰ ਸਿਰਫ਼ ਬਾਲ ਮਜ਼ਦੂਰੀ ਤੋਂ ਰੋਕ ਕੇ ਉਨ੍ਹਾਂ ਨੂੰ ਸਕੂਲ ਭੇਜਣ ਲਈ ਪ੍ਰੇਰ ਸਕਦੇ ਹਾਂ, ਇਸ ਤੋਂ ਵੱਧ ਹੋਰ ਕੁਝ ਨਹੀਂ ਕਰ ਸਕਦੇ।" ਉਨ੍ਹਾਂ ਇਹ ਵੀ ਕਿਹਾ: "ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਮੁਫ਼ਤ ਹੁੰਦੀ ਹੈ, ਵਰਦੀਆਂ ਤੇ ਖਾਣਾ ਮੁਫ਼ਤ ਮਿਲਦੇ ਹਨ। ਹੋਰ ਤਾਂ ਹੋਰ ਇਨ੍ਹਾਂ ਲੋਕਾਂ ਨੂੰ ਤਾਂ ਆਟਾ ਦਾਲ ਵੀ ਮੁਫ਼ਤ ਮਿਲਦਾ ਹੈ। ਹੋਰ ਇਨ੍ਹਾਂ ਨੂੰ ਕੀ ਚਾਹੀਦਾ ਹੈ?" ਇਹ ਕਹਿੰਦਿਆਂ ਉਨ੍ਹਾਂ ਫੋਨ ਕੱਟ ਦਿੱਤਾ। ਕੋਆਰਡੀਨੇਟਰ ਦੀ ਗੱਲ ਸੁਣ ਕੇ ਮੈਂ ਸੋਚੀਂ ਪੈ ਗਿਆ- ਕੀ ਸਿਰਫ਼ ਆਟਾ ਦਾਲ ਹੀ ਸਾਡੀਆਂ ਮੁੱਖ ਲੋੜਾਂ ਹਨ। ਇਨਸਾਨ ਦੀਆਂ ਹੋਰ ਮਜਬੂਰੀਆਂ ਤੇ ਲੋੜਾਂ ਵੀ ਹੋ ਸਕਦੀਆਂ ਹਨ। ਇਸ ਦਾ ਅੰਦਾਜ਼ਾ ਨਾ ਸਰਕਾਰਾਂ ਲਾਉਂਦੀਆਂ ਹਨ, ਨਾ ਹੀ ਇਸ ਸਮਾਜ ਸੇਵੀ ਸੰਸਥਾ ਨੇ ਲਾਇਆ ਹੋਵੇਗਾ।

ਵਾਰ ਵਾਰ ਉੱਠਦੀ ਸੋਚ ਨੇ ਮਨ ਅੰਦਰ ਪਛਤਾਵਾ ਜਗਾ ਦਿੱਤਾ। ਸੋਚਿਆ, ਹੋ ਸਕਦਾ ਸੀ, ਬੱਚਾ ਢਾਬੇ 'ਤੇ ਕੁਝ ਸਾਲ ਕੰਮ ਕਰਕੇ ਕੁਝ ਸਿੱਖ ਜਾਂਦਾ ਤੇ ਕਿਤੇ ਨਾ ਕਿਤੇ ਆਪਣਾ ਕੋਈ ਰੁਜ਼ਗਾਰ ਚਲਾਉਣ ਦੇ ਕਾਬਿਲ ਹੋ ਜਾਂਦਾ। ਹਰ ਪਾਸੇ ਤੋਂ ਦੁਰਕਾਰਿਆ ਬੱਚਾ ਕਿਤੇ ਚੋਰੀ, ਨਸ਼ੇ ਜਾਂ ਫਿਰ... ਇਸ ਤੋਂ ਵੱਧ ਕੁਝ ਹੋਰ ਸੋਚ ਕੇ ਦਿਮਾਗ ਪੂਰੀ ਤਰ੍ਹਾਂ ਘੁੰਮ ਗਿਆ। ਲੱਗ ਰਿਹਾ ਸੀ, ਜਿਵੇਂ ਮੈਥੋਂ ਕੋਈ ਵੱਡਾ ਗ਼ੁਨਾਹ ਹੋ ਗਿਆ ਹੋਵੇ। ਬਾਲਪਣ ਦੇ ਅਧਿਕਾਰਾਂ ਦੇ ਮਹੱਤਵ ਨੂੰ ਛੁਟਿਆਇਆ ਨਹੀਂ ਜਾ ਸਕਦਾ ਪਰ ਸਾਡੇ ਮੁਲਕ ਦੀਆਂ ਜ਼ਮੀਨੀ ਹਕੀਕਤਾਂ ਕੀ ਪੱਛਮੀ ਮੁਲਕਾਂ ਦੇ ਅਧਿਕਾਰਾਂ ਵਾਲੇ ਸੰਕਲਪ ਨਾਲ ਮੇਲ ਖਾ ਸਕਦੀਆਂ ਹਨ? ਮੈਂ ਉਸੇ ਵੇਲੇ ਕੋਆਰਡੀਨੇਟਰ ਨੂੰ ਦੁਬਾਰਾ ਫੋਨ ਲਗਾਇਆ ਤੇ ਕਹਿ ਦਿੱਤਾ ਕਿ ਸੰਸਥਾ ਲਈ ਕੋਈ ਕੰਮ ਨਹੀਂ ਕਰਾਂਗਾ। ਪੰਜੇ ਉਂਗਲਾਂ ਭਾਵੇਂ ਬਰਾਬਰ ਨਹੀਂ ਹੁੰਦੀਆਂ, ਫਿਰ ਵੀ ਅੱਜ ਜਦੋਂ ਸੰਸਥਾਵਾਂ, ਸਰਕਾਰਾਂ ਤੇ ਪ੍ਰਸ਼ਾਸਨ ਦੀਆਂ ਬਾਲ ਮਜ਼ਦੂਰੀ ਬਾਰੇ ਕੀਤੀਆਂ ਮੀਟਿੰਗਾਂ ਤੇ ਸਰਗਰਮੀਆਂ ਬਾਰੇ ਪੜ੍ਹਦਾ-ਸੁਣਦਾ ਹਾਂ ਤਾਂ ਇਹ ਘਟਨਾ ਕਿਸੇ ਖਰੀਂਢ ਆਏ ਜ਼ਖ਼ਮ ਨੂੰ ਕੁਰੇਦਣ ਵਾਂਗ ਫਿਰ ਹਰੀ ਹੋ ਜਾਂਦੀ ਹੈ।



Open to all Communties
Healthy Body Healthy Mind!
SIKH SPORTS ASSOCIATION OF USA
presents
ਸਾਲਾਨਾ ਖੇਡ ਮੁਕਾਬਲੇ
12th Annual Games
July 21-22,2018
" OPEN TO ALL"
JAMES LOGAN HIGH SCHOOL
1800 H STREET UNION CITY CA 94587
SIKH SPORTS ASSOCIATION OF U.S.A.
TENNIS
SOCCER
ਕੈਲੀਫੋਰਨੀਆਂ ਦਾ ਇੱਕੋ ਇੱਕ ਪੰਜਾਬੀ ਖੇਡ
ਮੇਲਾ ਜਿੱਥੇ 1500 ਸੋ ਤੋ ਵੱਧ
ਬੱਚੇ ਭਾਗ ਲੈਂਦੇਂ ਹਨ
FLAG FOOTBALL
Come and enjoy the biggest sports event of the year with your family
BASKETBALL
KABADDI
TRACK &FIELD
FIELD HOCKEY
VOLLEYBALL
FOR REGISTRATION VISIT WWW.SIKHSPORTS.COM
Donations: Sikh Sports 4430 Deer Field Way, Danville, CA 94506
Sikh Sports Association of USA is a non-profit organization

# ਕੈਪਟਨ ਅਮਰਿੰਦਰ ਸਿੰਘ ਦੇ ਨਸ਼ਾ ਵਿਰੋਧੀ ਪ੍ਰਸਤਾਵ ਦੀ ਅਮੋਲਕ ਸਿੰਘ ਗਾਖਲ ਨੇ ਕੀਤੀ ਪ੍ਰੋੜਤਾ

ਵਾਟਸਨਵਿੱਲ (ਬਿਓਰੋ)- ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਅੰਦਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਲਿਆ ਗਿਆ ਅਹਿਮ ਫੈਸਲਾ ਪੰਜਾਬ ਨੂੰ ਜਿਉਂਦਾ ਰੱਖਣ ਲਈ ਇਕ ਆਸ ਬਣਿਆ ਹੈ। ਇਸ ਵਿਚ ਉਨਖ਼ਾਂ ਕਿਹਾ ਹੈ ਕਿ ਉਹ ਕੇਂਦਰ ਸਰਕਾਰ ਨੂੰ ਇਕ ਪ੍ਰਸਤਾਵ ਭੇਜ ਰਹੇ ਹਨ ਜਿਸ ਤਹਿਤ ਨਸ਼ਾ ਤਸਕਰਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਉੱਘੇ ਕਾਰੋਬਾਰੀ ਅਤੇ ਗੋਲਡ ਜਿਮ ਦੇ ਮੁਖੀ ਸ੍ਰ. ਅਮੋਲਕ ਸਿੰਘ ਨੇ ਕਿਹਾ ਕਿ ਉਹ ਪਹਿਲਾਂ ਵੀ ਪੰਜਾਬ ਦੇ ਹਿਤ ਲਈ ਨਸ਼ਿਆਂ ਖਿਲਾਫ ਡਟੇ ਰਹੇ ਹਨ ਅਤੇ ਮੁੱਖ ਮੰਤਰੀ ਦੇ ਇਸ ਫੈਸਲੇ ਦੀ ਪ੍ਰੋੜਤਾ ਕਰਦੇ ਹਨ। ਸਮੂਹ ਰਾਜਨੀਤਕ ਪਾਰਟੀਆਂ ਤੇ ਪੰਜਾਬ ਦੇ ਹਿਤਾਂ ਦੀ ਦਾਅਵੇਦਾਰੀ ਕਰਨ ਵਾਲੇ ਲੋਕ ਜੋ ਚਾਹੇ ਦੇਸ਼ ਵਿਚ ਵਸਦੇ ਹਨ ਚਾਹ ਪ੍ਰਦੇਸ ਵਿਚ ਵਸਦੇ ਹਨ ਉਨਖ਼ਾਂ ਨੂੰ ਇਸ ਫੈਸਲੇ ਨਾਲ ਪਰੇਖ਼ ਹੋਣਾ ਚਾਹੀਦਾ ਹੈ। ਉਨਖ਼ਾਂ ਹਵਾਲਾ ਦਿੱਤਾ ਕਿ ਫਿਲਪੀਨ ਦੇ ਰਾਸ਼ਟਰਪਤੀ ਰੋਡੀਗ੍ਰੋ ਦੁਤੇਰਤੇ ਉਨਖ਼ਾਂ ਦੋ ਸਾਲ ਪਹਿਲਾਂ ਨਸ਼ੀਲੇ ਪਦਾਰਥਾਂ ਦੇ ਖਿਲਾਫ ਵੱਡੀ ਪੱਧਰ ’ਤੇ ਮੁਹਿੰਮ ਸ਼ੁਰੂ ਕੀਤੀ ਸੀ ਅਤੇ ਹੁਣ ਤੱਕ 4200 ਸ਼ੱਕੀ ਤਸਕਰ ਮਾਰੇ ਜਾ ਚੁੱਕੇ ਹਨ। ਇਸ ਫੈਸਲੇ ਦਾ ਕਰੜਾ ਵਿਰੋਧ ਵੀ ਹੋਇਆ ਸੀ ਪਰ ਰਾਸ਼ਟਰਪਤੀ ਨੇ ਕਿਹਾ ਸੀ ਕਿ ਜੇ ਦੇਸ਼ ਨੂੰ ਬਚਾਉਣਾ ਹੈ ਤਾਂ ਅਜਿਹਾ ਕਰਨਾ ਹੀ ਪਵੇਗਾ। ਹਾਲਾਂਕਿ ਕੱਲਖ਼ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਖਿਲਾਫ ਲੜਾਈ ਛੇੜਨ ਵਾਲੇ ਅਤੇ ਸ਼ੱਕੀ ਤਸਕਰਾਂ ਦੀ ਸੜਖ਼ਕਾਂ ਤੇ ਪਰੇਡ ਕਰਾਉਣ ਵਾਲੇ ਬਤਾਗਾਂਸ ਸੂਬੇ ਦੇ ਮੇਅਰ ਐਂਟੋਨੀਓ ਕੈਂਡੋ ਹਲੀਲੀ ਦੀ ਤਾਨਾਓਆਨ ਸ਼ਹਿਰ ’ਚ ਇਕ ਸਮਾਗਮ ਦੌਰਾਨ ਗੋਲੀਆਂ ਮਾਰ ਕੇ ਸ਼ਰੇਆਮ ਹੱਤਿਆ ਕਰ ਦਿੱਤੀ ਗਈ ਹੈ। ਸ੍ਰ. ਗਾਖਲ ਨੇ ਕਿਹਾ ਕਿ ਪੰਜਾਬੀਆਂ ਨੂੰ ਪੰਜਾਬ ਦੇ ਹਿਤ ਲਈ ਇਸ ਵੇਲੇ ਕੈਪਟਨ ਦੇ ਸੁਝਾਅ ਪ੍ਰਤੀ ਇਕ ਲਹਿਰ ਉਸਾਰਨ ਲਈ ਅੱਗੇ ਆਉਣਾ ਚਾਹੀਦਾ ਹੈ। ਕਿਉਂਕਿ ਪੰਜਾਬ ਇਸ ਵੇਲੇ ਮਰ ਰਿਹਾ ਹੈ, ਇਕ ਪਾਸਿਓਂ ਨਹੀਂ ਕਈ ਪਾਸਿਓਂ, ਹਵਾ ਗੰਧਲੀ ਹੈ, ਪਾਣੀ ਜ਼ਹਿਰੀਲਾ ਹੈ ਤੇ ਧਰਤੀ ਤੇ ਉੱਪਰਲਾ ਖੁਰਾ ਨਦੀਨ ਅਤੇ ਕੀਟ ਨਾਸ਼ਕ ਦੁਆਈਆਂ ਨੇ ਵੀ ਬਰਬਾਦ ਕਰ ਸੁੱਟਿਆ ਹੈ। ਸਭ ਕੁਝ ਭੁੱਲ ਕੇ ਇਸ ਵੇਲੇ ਪੰਜਾਬ ਨੂੰ ਬਣਾਉਣ ਦੀ ਇਸ ਵੇਲੇ ਲੋੜ ਹੈ।



# ਸਿੱਖ ਸੰਸਥਾਵਾਂ ਨੇ ਸ਼ਿਲਾਂਗ ਦੇ ਸਿੱਖਾਂ ਦੇ ਹੱਕ ਵਿੱਚ ਆਵਾਜ਼ ਕੀਤੀ ਬੁਲੰਦ

ਸਿਡਨੀ- ਆਸਟਰੇਲੀਆ ਵਿੱਚ ਸਿੱਖ ਸੰਸਥਾਵਾਂ ਨੇ ਸ਼ਿਲਾਂਗ (ਮੇਘਾਲਿਆ) ਵਿੱਚ ਵਸਦੇ ਸਿੱਖ ਭਾਈਚਾਰੇ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ।

ਰਾਜਧਾਨੀ ਕੈਨਬਰਾ ਵਿੱਚ ਭਾਰਤੀ ਸਫ਼ੀਰ ਨੂੰ ਲਿਖੇ ਪੱਤਰ ਵਿੱਚ ਅੰਕੜਿਆਂ ਸਮੇਤ ਹਵਾਲਾ ਦਿੰਦੇ ਹੋਏ ਸਿੱਖ ਆਗੂਆਂ ਨੇ ਕਿਹਾ ਕਿ ਉਥੇ ਸਿੱਖ ਪਿਛਲੇ ਕਰੀਬ 200 ਸਾਲਾਂ ਤੋਂ ਰਹਿ ਰਹੇ ਹਨ। ਸਿੱਖ ਆਗੂਆਂ ਨੇ ਸ਼ਿਲਾਂਗ ਦੇ ਸਿੱਖਾਂ ਨੂੰ ਯੋਜਨਾਬੱਧ ਤਰੀਕੇ ਨਾਲ ਘਰੋਂ ਬੇਘਰ ਕਰਨ ਦੇ ਮਨਸੂਬਿਆਂ ਨੂੰ ਠੱਲ ਪਾਉਣ ਦੀ ਅਪੀਲ ਕੀਤੀ। ਸਿੱਖ ਆਗੂਆਂ ਨੇ ਸਵਾਲ ਕੀਤਾ ਕਿ ਸ਼ਿਲਾਂਗ ਦੇ ਸਿੱਖਾਂ ਦੇ 180 ਸਾਲ ਪਹਿਲਾਂ ਬਣੇ ਘਰਾਂ ਨੂੰ ਇਕ ਰਾਤ ਵਿੱਚ ਹੀ ਕਿਵੇਂ ਗ਼ੈਰਕਾਨੂੰਨੀ ਕਹਿ ਦਿੱਤਾ ਗਿਆ। ਉਨ੍ਹਾਂ ਕੁਝ ਅੰਕੜਿਆਂ ਦਾ ਹਵਾਲਾ ਵੀ ਦਿੱਤਾ।



# ਸਮਾਜ ਸੇਵਾ ਨੂੰ ਪੂਰੀ ਤਰ੍ਹਾਂ ਸਮਰਪਿਤ ਸਕੰਦਰ ਸਿੰਘ ਗਰੇਵਾਲ ਧਾਂਦਰੇ ਵਾਲੇ ਵੱਲੋਂ ਟਰੇਸੀ ਗੁਰੂ-ਘਰ ਲਈ ਇੱਕ ਲੱਖ ਗਿਆਰਾਂ ਹਜ਼ਾਰ ਡਾਲਰ ਦਾਨ

ਟਰੇਸੀ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ- ਵੈਸੇ ਤਾਂ ਸਾਡੇ ਸਾਰੇ ਪੰਜਾਬੀਆਂ ਨੂੰ ਹੀ ਸਮਾਜ ਸੇਵਾ ਦੀ ਗੁੜਤੀ ਵਿਰਸੇ ਵਿੱਚੋਂ ਹੀ ਮਿਲੀ ਹੋਈ ਹੈ।ਪਰ ਸਕੰਦਰ ਸਿੰਘ ਗਰੇਵਾਲ ਧਾਂਦਰੇ ਵਾਲੇ ਸਮਾਜ ਸੇਵੀ ਕੰਮਾਂ ਲਈ ਕੁੱਝ ਜ਼ਿਆਦਾ ਹੀ ਦਰਿਆ ਦਿਲੀ ਵਿਖਾ ਜਾਂਦੇ ਹਨ।ਪਿਛਲੇ ਹਫ਼ਤੇ ਉਹਨਾ ਕੈਲੇਫੋਰਨੀਆਂ ਦੇ ਟਰੇਸੀ ਸ਼ਹਿਰ ਦੇ ਗੁਰੂ ਘਰ ਲਈ ਇੱਕ ਲੱਖ ਗਿਆਰਾਂ ਹਜ਼ਾਰ ਡਾਲਰ ਦਾ ਦਾਨ ਦਿੱਤਾ। ਇਸ ਮੌਕੇ ਉਹਨਾਂ ਨੇ ਦੱਸਿਆ ਕਿ ਵੈਸੇ ਤਾਂ ਸਾਡੇ ਗੁਰੂਆਂ ਨੇ ਹੀ ਸਮਾਜ ਸੇਵਾ ਨੂੰ ਸਭ ਤੋਂ ਉਤਮ ਸੇਵਾ ਦੱਸਿਆ ਹੈ ਪਰ ਮੇਰੇ ਦਾਦਾ ਦਾਦੀ ਜੀ ਅਤੇ ਪਿਤਾ ਸ: ਸੀਤਲ ਸਿੰਘ ਜੀ ਅਤੇ ਮਾਤਾ ਸ਼੍ਰੀ ਮਤੀ ਅਮਰ ਕੌਰ ਬਹੁਤ ਹੀ ਧਾਰਮਿਕ ਬਿਰਤੀ ਦੇ ਮਾਲਕ ਸਨ। ਉਹ ਅਕਸਰ ਹੀ ਕਿਹਾ ਕਰਦੇ ਸਨ ਕਿ ਬੱਚਿਓ ਪ੍ਰਮਾਤਮਾ ਆਪਾਂ ਨੂੰ ਦਿੰਦਾ ਹੈ ਆਪਾਂ ਉਸ ਵਿੱਚੋਂ ਹੀ ਦਸਵਾਂ ਦਸੌਂਦ ਕੱਢਣਾ ਹੈ ਫੇਰ ਕੀ ਔਖੀ ਗੱਲ ਹੈ ਆਪਣਾ ਕੀ ਲੱਗਦਾ ਹੈ? ਬਸ ਉਹਨਾਂ ਵੱਲੋਂ ਮਿਲੇ ਸੰਸਕਾਰ ਅਤੇ ਗੁਰੂਆਂ ਦੀ ਸਿੱਖਿਆ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਮੈਂ ਛੋਟੀਆਂ ਮੋਟੀਆਂ ਸਮਾਜ ਸੇਵਾਵਾਂ ਤਾਂ ਬਹੁਤ ਚਿਰ ਦਾ ਕਰਦਾ ਆ ਰਿਹਾ ਹਾਂ ਜਿਵੇਂ ਛੇ ਗਰੀਬ ਲੜਕੀਆਂ ਦੀਆਂ ਸ਼ਾਦੀਆਂ ਤੇ ਸਾਰਾ ਖਰਚ ਕੀਤਾ। ਸੀ.ਐਮ.ਸੀ.ਹਸਪਤਾਲ ਲੁਧਿਆਣਾ ਵਿਖੇ ਦੋ ਗਰੀਬ ਲੜਕੀਆਂ ਰਾਜਵੰਤ ਕੌਰ ਅਤੇ ਸੰਦੀਪ ਕੌਰ ਜੋ ਕਿ ਤੇਜ਼ਾਬ ਪੀੜਤ ਸਨ ਉਹਨਾਂ ਦੇ ਖਰਚ ਦੀ ਲੱਖਾਂ ਰੁਪਏ ਦੀ ਸੇਵਾ ਕਰਨ ਦਾ ਸੁਭਾਗ ਵੀ ਪ੍ਰਮਾਤਮਾਂ ਨੇ ਮੈਨੂੰ ਹੀ ਬਖਸ਼ਿਆ ਸੀ।ਪੰਜਾਬ ਜਦੋਂ ਵੀ ਜਾਂਦਾ ਹਾਂ ਪਿੰਗਲ ਵਾੜਾ (ਅੰਮ੍ਰਿਤਸਰ) ਵਿਖੇ ਵਿੱਤ ਅਨੁਸਾਰ ਤਿਲ ਫੁੱਲ ਭੇਟ ਕਰਕੇ ਆਉਂਦਾ ਹਾਂ। ਕੋਈ ਸਮਾਜ ਸੇਵੀ ਸੰਸਥਾ ਸਾਂਝੇ ਕੰਮ ਲਈ ਆ ਜਾਵੇ ਕਦੇ ਵੀ ਖਾਲੀ ਨਹੀਂ ਮੋੜੀ ਆਪਣੀ ਸ਼ਰਧਾ ਆਨਸਾਰ ਜ਼ਰੂਰ ਸੇਵਾ ਕਰਦਾ ਹਾਂ।ਭਾਵੇਂ ਅਸੀਂ ਵਿਦੇਸ਼ ਆ ਗਏ ਹਨ ਪਰ ਸਾਡੀ ਜਨਮ ਭੌਇ ਤਾਂ ਪੰਜਾਬ ਹੀ ਹੈ ਜਿਸ ਨੂੰ ਧਰਤੀ ਮਾਂ ਵੀ ਕਿਹਾ ਜਾਂਦਾ ਹੈ ਫੇਰ ਧਰਤੀ ਮਾਂ ਦੀ ਸੇਵਾ ਤੋਂ ਕਿਉਂ ਪਿੱਛੇ ਹਟੀਏ। ਉਪਰੋਕਤ ਤੁੱਛ ਜਹੀ ਸੇਵਾ ਕਰਨ ਤੋਂ ਬਾਅਦ ਮੇਰੀ ਇੱਕ ਚਰੋਕਣੀ ਇੱਛਾ ਸੀ ਕਿ ਜਿਸ ਪਰਮਾਤਮਾਂ ਨੇ ਐਨੇ ਸੁੰਦਰ ਘਰ ਬਖਸ਼ੇ ਹਨ ਜਦੋਂ ਵੀ ਕੋਈ ਗੁਰੂ ਘਰ ਬਣਨ ਲੱਗਿਆ ਦਿਲ ਖੋਲ ਕੇ ਸੇਵਾ ਕਰਨੀ ਹੈ ਅੱਜ ਉਹ ਮੁਬਾਰਕ ਮੌਕਾ ਆ ਗਿਆ ਹੈ ਜਦੋਂ ਟਰੇਸੀ ਸ਼ਹਿਰ ਵਿੱਚ ਗੁਰੂ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਗੁਰੂ ਘਰ ਬਣਨ ਜਾ ਰਿਹਾ ਹੈ।ਜਦੋਂ ਅਸੀ ਆਪਣੇ ਘਰਾਂ ਤੇ ਲੱਖਾਂ ਡਾਲਰ ਖਰਚ ਸਕਦੇ ਹਾਂ ਤਾਂ ਮੇਰੇ ਇਹ ਇੱਕ ਲੱਖ ਗਿਆਰਾਂ ਹਜ਼ਾਰ ਡਾਲਰ ਗੁਰੂ ਦੇ ਘਰ ਲਈ ਤਾਂ ਕੁੱਝ ਵੀ ਨਹੀਂ ਹੈ। ਮੈਂ ਤਾਂ ਗੁਪਤ ਦਾਨ ਹੀ ਦੇਣਾ ਚਾਹੁੰਦਾ ਸੀ ਪਰ ਪਿਛਲੇ ਦਿਨੀਂ ਇੱਕ ਵਿਦਵਾਨ ਦੇ ਵਿਚਾਰ ਸੁਣੇ ਸਨ ਜੋ ਆਖ ਰਹੇ ਸਨ ਚੰਗੇ ਕੰਮ ਦੇ ਪਰਚਾਰ ਤੋਂ ਕੰਨੀਂ ਨਾ ਕਤਰਾਓ ਤੁਹਾਥੋਂ ਪਰੇਰਨਾ ਲੈ ਕੇ ਹੋਰ ਲੋਕ ਵੀ ਚੰਗੇ ਕੰਮ ਲਈ ਪਰੇਰਿਤ ਹੋਣਗੇ।

ਪਰਮਾਤਮਾ ਨੇ ਜੇ ਹੋਰ ਸੇਵਾ ਵੀ ਲਾਈ ਤਾਂ ਦਾਸ ਤੇ ਪਰਿਵਾਰ ਤਨ ਮਨ ਅਤੇ ਧਨ ਨਾਲ ਕਰਾਂਗੇ।









Issue- 298, Vol-12, July 4, 2018










# ਕਰਮਨ ਪੰਜਾਬੀ ਸਕੂਲ ਦਾ ਸਲਾਨਾ ਸੱਭਿਆਚਾਰਕ ਪ੍ਰੋਗਰਾਮ ਛੱਡ ਗਿਆ ਅਮਿੱਟ ਪੈੜਾਂ





ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਕੈਲੀਫੋਰਨੀਆਂ ਵਿੱਚ ਫਰਿਜ਼ਨੋ ਨਜ਼ਦੀਕੀ ਕਰਮਨ ਸ਼ਹਿਰ ਵਿਖੇ 'ਕਰਮਨ ਪੰਜਾਬੀ ਸਕੂਲ' ਵੱਲੋਂ ਸਾਲ ਦੀ ਸਮਾਪਤੀ 'ਤੇ ਪਰਿਵਾਰਕ ਮਿਲਣੀ ਅਤੇ ਸੱਭਿਆਚਾਰਕ ਪ੍ਰੋਗਰਾਮ ਕੀਤਾ ਗਿਆ। ਇਹ ਸਕੂਲ ਪਿਛਲੇ ਕਈ ਸਾਲਾ ਤੋਂ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ, ਗੁਰਮੁੱਖੀ ਲਿੱਪੀ, ਗੁਰਮਤਿ ਸਿੱਖਿਆ ਅਤੇ ਪੰਜਾਬੀ ਸੱਭਿਆਚਾਰ ਦੀ ਸਿੱਖਿਆ ਦਿੰਦਾ ਆ ਰਿਹਾ ਹੈ। ਇਸ ਪ੍ਰੋਗਰਾਮ ਦੀ ਸੁਰੂਆਤ ਕੁਲਵੰਤ ਸਿੰਘ ਉੱਭੀ ਨੇ ਸਭ ਨੂੰ 'ਜੀ ਆਇਆ' ਕਹਿਣ ਨਾਲ ਕੀਤੀ। ਇਸ ਉਪਰੰਤ ਬੱਚਿਆ ਨੇ ਗੁਰਮਤਿ ਮਰਿਆਦਾ ਅਨੁਸਾਰ 'ਮੂਲ-ਮੰਤਰ' ਦਾ ਸਿਮਰਨ ਕੀਤਾ। ਸਕੂਲ ਦੇ ਪ੍ਰਧਾਨ ਸ. ਗੁਰਜੰਟ ਸਿੰਘ ਗਿੱਲ ਨੇ ਸਮੁੱਚੇ ਪ੍ਰਬੰਧਕੀ ਬੋਰਡ ਮੈਂਬਰ ਜਿੰਨਾਂ ਵਿੱਚ ਕਮਲਜੀਤ ਸਿੰਘ ਸਰ੍ਹਾਂ, ਕੁਲਵੰਤ ਸਿੰਘ ਉੱਭੀ, ਜਸਮੀਤ ਕੌਰ ਮਾਨ, ਬਲਜੀਤ ਕੌਰ ਜੌਹਲ, ਕਮਲਜੀਤ ਕੌਰ ਬੈਂਸ ਅਤੇ ਹਰਦੀਪ ਕੌਰ ਜਾਨੀ ਸਮੇਤ ਬੋਲਦੇ ਹੋਏ ਸਕੂਲ ਪੰਜਾਬੀ ਦੇ ਵਿਕਾਸ ਪ੍ਰਤੀ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਇਸ ਉਪਰੰਤ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਦੇ ਸਮੂੰਹ ਮੈਂਬਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਅਧਿਆਪਕਾਂ ਅਤੇ ਵਲੰਟੀਅਰਾਂ ਨੂੰ ਵੀ ਹਾਜ਼ਰੀਨ ਦੇ ਰੂਬਰੂ ਕਰਦੇ ਹੋਏ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਪੜਾਈ, ਗੁਰਬਾਣੀ ਉਚਾਰਨ ਅਤੇ ਸੱਭਿਆਚਾਰਿਕ ਸਰਗਰਮੀਆ ਵਿੱਚ ਪਹਿਲੇ ਸਥਾਨਾਂ 'ਤੇ ਰਹਿਣ ਵਾਲੇ ਬੱਚਿਆਂ ਨੂੰ ਸਰਟੀਫ਼ਿਕੇਟ ਅਤੇ ਟ੍ਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਬਾਅਦ ਆਪਣੇ ਸੱਭਿਆਚਾਰ ਪ੍ਰਤੀ ਪਿਆਰ ਦਿਖਾਉਦੇ ਹੋਏ ਗਿੱਧੇ ਅਤੇ ਭੰਗੜੇ ਦੇ ਵੱਖ-ਵੱਖ ਗਰੁੱਪਾਂ ਵਿੱਚ ਜੌਹਰ ਦਿਖਾਏ। ਇਸ ਸਮੇਂ ਬੱਚਿਆਂ ਵੱਲੋਂ ਸਪੀਚ ਅਤੇ ਸਕਿੱਟਾ ਵੀ ਪੇਸ਼ ਕੀਤੀਆਂ ਗਈਆਂ। ਇਸ ਸਮੇਂ ਸਾਰੇ ਹਿੱਸਾ ਲੈਣ ਵਾਲੇ ਸਾਰੇ ਬੱਚਿਆ ਨੂੰ ਮੈਂਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।



ਇਸ ਸਮੇਂ ਪੰਜਾਬ ਤੋਂ ਪਹੁੰਚੇ ਹਰਜਿੰਦਰ ਸਿੰਘ ਖਾਲਸਾ ਅਤੇ ਕਰਮਨ ਸ਼ਹਿਰ ਦੀ ਪੁਲੀਸ਼ ਦੇ ਮੁਖੀ ਨੇ ਵੀ ਸੰਬੋਧਿਤ ਕੀਤਾ। ਕੈਲੀਫੋਰਨੀਆਂ ਦੇ ਪ੍ਰਸਿੱਧ ਕਮੇਡੀਅਨ ਵਿਜੈ ਸਿੰਘ ਨੇ ਕਮੇਡੀ ਅਤੇ ਗਾਇਕਾ ਰਣਜੀਤ ਕੌਰ ਨੇ ਗਾਇਕੀ ਰਾਹੀ ਹਾਜ਼ਰੀਨ ਦਾ ਮਨੋਰੰਜਨ ਕੀਤਾ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਕੁਲਵੰਤ ਸਿੰਘ ਉੱਭੀ ਅਤੇ ਦਵਿੰਦਰ ਕੌਰ ਸਰ੍ਹਾਂ ਨੇ ਬਾਖੂਬੀ ਕੀਤਾ। ਇਸ ਤੋਂ ਇਲਾਵਾ ਬੱਚਿਆ ਲਈ ਹੌਸਲਾ ਅਫਜ਼ਾਈ ਕਰਦੇ ਹੋਏ ਬਹੁਤ ਸਾਰੇ ਰੈਂਫਲ ਡਰਾਅ ਵੀ ਕੱਢੇ ਗਏ।

ਇਸ ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਅਧਿਆਪਕ ਸੁਖਵਿੰਦਰ ਕੌਰ ਸਰ੍ਹਾਂ, ਰਾਜਿੰਦਰ ਕੌਰ ਗਿੱਲ, ਦਵਿੰਦਰ ਕੌਰ ਸਰ੍ਹਾਂ, ਬਲਜੀਤ ਕੌਰ ਜੌਹਲ, ਜਸਮੀਤ ਕੌਰ ਹੇਅਰ, ਸਿਮਰਦੀਪ ਕੌਰ ਹੇਅਰ, ਜਸਮੀਨ ਮਾਨ, ਬਲਜੀਤ ਕੌਰ ਸਰ੍ਹਾਂ, ਮਨੀ ਹੇਅਰ ਅਤੇ ਗੁਰਪ੍ਰੀਤ ਕੌਰ ਬਰਾੜ, ਗੁਰਪ੍ਰੀਤ ਗਿੱਲ, ਗੁਰਪ੍ਰੀਤ ਜਾਨੀ, ਗੁਰਦੀਪ ਨਾਹਲ ਆਦਿਕ ਨੇ ਬਹੁਤ ਯੋਗਦਾਨ ਪਾਇਆ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।





Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

ਫਰੀ ਡਿਲੀਵਰੀ

Haller's PHARMACY Since 1957

* Free Delivery * Open 7 days a week

* $5 credit on over-the-counter products for newly transferred patients

* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ 'ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।
* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।
* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।

ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ

ਹੋਰ ਜਾਣਕਾਰੀ ਲਈ ਸੰਪਰਕ ਕਰੋ: (510) 797-2772

37323 Fremont Blvd, Fremont, CA 94536

# ਤਲਬ ਕਰਾਉਣਾ- ਬਾਦਲੀ ਭੱਥੇ ਦਾ ਤੀਰ!


ਤਰਲੋਚਨ ਸਿੰਘ ਦੁਪਾਲਪੁਰ
001-408-915-1268

**ਮਾਣਯੋਗ ਸੰਪਾਦਕ ਜੀ,**

28 ਜੂਨ ਦੀਆਂ ਕੁਝ ਪੰਜਾਬੀ ਅਖਬਾਰਾਂ ਵਿਚ ਛਪੀ ਇਕ ਖਬਰ ਦੱਸਦੀ ਹੈ ਕਿ ਤਖਤਾਂ ਦੇ ਜਥੇਦਾਰ ਸਾਹਿਬਾਨ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਕਿਸੇ ਦੀ ਲਿਖਤੀ ਸ਼ਿਕਾਇਤ ਦੀ 'ਉਡੀਕ'ਕਰ ਰਹੇ ਹਨ। ਜੋ ਕਿ ਕੈਪਟਨ ਜੀ ਨੇ ਚੋਣ ਪ੍ਰਚਾਰ ਦੌਰਾਨ ਗੁਟਕਾ ਹੱਥ 'ਚ ਲੈ ਕੇ ਨਸ਼ੇ ਖਤਮ ਕਰਨ ਬਾਰੇ ਸਹੁੰ ਚੁੱਕੀ ਸੀ। ਖਬਰ ਇਹ ਵੀ ਜਾਣਕਾਰੀ ਦੇ ਰਹੀ ਹੈ ਕਿ ਦੋਂਹ ਸਿੰਘ ਸਾਹਿਬਾਨਾਂ ਨੂੰ ਕੈਪਟਨ ਦੇ ਇਸ 'ਗੁਨਾਹ' ਦਾ ਪਤਾ ਹੀ ਹੈ, ਪਰ ਫਿਰ ਵੀ ਉਹ ਪ੍ਰਚੱਲਿਤ ਰਵਾਇਤ ਦੀ ਪਾਲਣਾ ਕਰਦਿਆਂ ਸ਼ਿਕਾਇਤ-ਨਾਮਾ ਉਡੀਕ ਰਹੇ ਹਨ। ਬੜੀ ਚੰਗੀ ਗੱਲ ਹੈ ਕਿ ਜਥੇਦਾਰ ਜੀ ਸਿਆਸੀ ਪਿੜ ਵਿਚ ਹੋ ਰਹੀਆਂ ਧਾਰਮਿਕ ਕੁਤਾਹੀਆਂ 'ਤੇ ਬਾਜ ਨਜ਼ਰ ਰੱਖਦੇ ਹਨ। ਪਰ ਦੁਨੀਆਂ ਹੈਰਾਨੀ ਨਾਲ ਦੇਖ ਰਹੀ ਹੈ ਕਿ ਉਨ੍ਹਾਂ ਦੀ ਇਹ 'ਤਿਰਛੀ ਨਜ਼ਰ' ਸਿਰਫ ਬਾਦਲ ਦਲ ਦੇ ਵਿਰੋਧੀਆਂ ਉਤੇ ਹੀ ਪੈਂਦੀ ਆ ਰਹੀ ਹੈ। ਦੇਸ਼-ਵਿਦੇਸ਼ ਦੇ ਸਿੱਖ ਉਸ ਦਿਨ ਪ੍ਰੇਸ਼ਾਨ ਹੋ ਗਏ ਸਨ, ਜਿਸ ਦਿਨ ਪੰਜਾਬ ਵਿਧਾਨ ਸਭਾ ਵਿਚ ਇਕ ਕਾਂਗਰਸੀ ਮੰਤਰੀ ਵੱਲੋਂ ਪੁੱਛੇ ਜਾਣ'ਤੇ ਸ੍ਰੀ ਅਕਾਲ ਤਖਤ ਉਤੇ ਗਠਿਤ ਕੀਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਮੌਜੂਦਾ ਪ੍ਰਧਾਨ ਸ੍ਰੀ ਸੁਖਬੀਰ ਬਾਦਲ ਤਾਂ ਆਪਣੀ ਸ੍ਰੀ ਸਾਹਿਬ ਦਿਖਾ ਨਾਂ ਸਕੇ, ਪਰ ਕੁਝ ਕਾਂਗਰਸੀ ਸਿੱਖ ਵਿਧਾਨਕਾਰਾਂ ਨੇ ਅੰਮ੍ਰਿਤਧਾਰੀ ਹੋਣ ਦਾ ਸਬੂਤ ਦਿੰਦਿਆਂ ਆਪਣੀਆਂ ਗਾਤਰੇ ਕਿਰਪਾਨਾਂ ਸਭ ਨੂੰ ਦਿਖਾ ਦਿੱਤੀਆਂ ਸਨ। ਦੁਨੀਆਂ ਭਰ ਦੇ ਪੰਜਾਬੀ ਮੀਡੀਏ ਵਿਚ ਚਰਚਾ ਦਾ ਵਿਸ਼ਾ ਬਣੀ 'ਕ੍ਰਿਪਾਨ ਬਿਨ ਪ੍ਰਧਾਨ' ਵਾਲੀ ਇਸ ਧਾਰਮਿਕ ਅਵੱਗਿਆ ਦਾ ਜਥੇਦਾਰਾਂ ਨੇ ਕੋਈ ਨੋਟਿਸ ਹੀ ਨਾ ਲਿਆ। ਕੀ ਇਹ ਸਰਬ ਉਚ ਤਖਤ ਸਾਹਿਬ 'ਤੇ ਬੈਠੇ ਸਿੰਘ ਸਾਹਿਬਾਨਾਂ ਦਾ ਨੰਗਾ-ਚਿੱਟਾ ਪੱਖਪਾਤ ਨਹੀਂ ਸੀ?

ਇਸੇ ਤਰ੍ਹਾਂ ਹੁਣ ਤਲਬ ਹੋਣ ਦੀ ਸੂਰਤ ਵਿਚ ਕੈਪਟਨ ਅਮਰਿੰਦਰ ਸਿੰਘ ਤਾਂ ਇਹ ਜਾਇਜ਼ ਜਵਾਬਦੇ ਸਕਦੇ ਨੇ ਕਿ ਗੁਟਕਾ ਹੱਥ 'ਚ ਲੈ ਕੇ ਮੈਂ ਜਿਹੜਾ ਪ੍ਰਣ ਕੀਤਾ ਸੀ, ਉਸਨੂੰ ਪੂਰਾ ਕਰਨ ਲਈ ਮੇਰੇ ਕੋਲ ਹਾਲੇ ਤਿੰਨ ਕੁ ਸਾਲ ਦਾ ਸਮਾਂ ਪਿਆ ਹੈ, ਮੈਂ ਕੋਈ ਨਸ਼ਾ-ਖੋਰੀ ਦੇ ਮਾਰੂ ਪ੍ਰਭਾਵ ਤੋਂ ਹੱਥ ਖੜ੍ਹੇ ਕਰਕੇ ਭੱਜ ਨਹੀਂ ਰਿਹਾ। ਪਰ ਸਿੰਘ ਸਾਹਿਬਾਨਾਂ ਨੂੰ ਸਵਾਲ ਕਰਨਾ ਬਣਦਾ ਹੈ ਕਿ ਜਿਸ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਨੇ 'ਫਖਰੇ ਕੌਮ' ਦਾ ਐਵਾਰਡ ਦਿੱਤਾ ਹੈ, ਉਸ ਨੇ ਆਪਣੇ ਹੋਰ ਸਾਥੀ ਸਿੱਖ ਆਗੂਆਂ ਸਮੇਤ ਸ੍ਰੀ ਅਕਾਲ ਤਖਤ ਉਤੇ ਮਰਜੀਵੜਿਆਂ ਵਜੋਂ ਸਹੁੰ ਚੁੱਕੀ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਉਤੇ ਫੌਜੀ ਕਾਰਵਾਈ ਹੋਣ ਦੀ ਸੂਰਤ ਵਿਚ ਉਹ ਇੱਥੇ ਹੀ ਸ਼ਹੀਦ ਹੋਣਗੇ!

ਪਰ ਅੱਜ ਕੌਣ ਨਹੀਂ ਜਾਣਦਾ ਕਿ ਆਪਣੇ ਵਿਰੋਧੀਆਂ ਨੂੰ 'ਤਲਬ ਕਰਾਉਣਾ' ਬਾਦਲ ਦਲ ਵਾਲਿਆਂ ਦੇ 'ਭੱਥੇ ਦਾ ਤੀਰ' ਬਣ ਚੁੱਕਾ ਹੈ।

# ਸੌਵੇਂ ਸਾਲ 'ਚ ਪੁੱਜਾ ਜਸਵੰਤ ਸਿੰਘ ਕੰਵਲ


ਪ੍ਰਿੰ. ਸਰਵਣ ਸਿੰਘ

ਭਾਈ ਜੋਧ ਸਿੰਘ ਤੇ ਖੁਸ਼ਵੰਤ ਸਿੰਘ ਸੈਂਕੜਾ ਮਾਰਦੇ ਮਾਰਦੇ ਰਹਿ ਗਏ। ਹੁਣ ਆਸ ਜਸਵੰਤ ਕੰਵਲ ਉੱਤੇ ਹੈ। 27 ਜੂਨ 2018 ਨੂੰ ਉਹਦਾ ਸੌਵਾਂ ਜਨਮ ਦਿਵਸ ਹੈ। ਉਹ ਇਸ ਵੇਲੇ ਪੰਜਾਬੀ ਦਾ ਸਭ ਤੋਂ ਵੱਡਉਮਰਾ ਲੇਖਕ ਹੈ। ਭਾਈ ਜੋਧ ਸਿੰਘ 31 ਮਈ 1882 ਤੋਂ 4 ਦਸੰਬਰ 1981 ਤਕ 99 ਸਾਲ 6 ਮਹੀਨੇ 4 ਦਿਨ ਜੀਵਿਆ ਸੀ। ਖੁਸ਼ਵੰਤ ਸਿੰਘ 2 ਫਰਵਰੀ 1915 ਤੋਂ 20 ਮਾਰਚ 2014 ਤਕ 99 ਸਾਲ 1 ਮਹੀਨਾ 18 ਦਿਨ ਜਿਉਂਦਾ ਰਿਹਾ। ਦਰਅਸਲ, ਸੌਵਾਂ ਸਾਲ ਕ੍ਰਿਕਟ ਦੇ ਸੈਂਕੜੇ ਵਾਂਗ ਸੌਵੇਂ ਰਨ ਵਾਂਗ ਹੀ ਰਿਸਕੀ ਹੁੰਦਾ ਹੈ। ਜੇਕਰ ਉਹਦਾ ਸੈਂਕੜਾ ਵੱਜ ਗਿਆ ਤਾਂ ਵਿਸ਼ਵ ਲੇਖਕਾਂ ਵਿੱਚ ਸਾਡੇ ਇਸ ਪੰਜਾਬੀ ਲੇਖਕ ਦਾ ਵਿਸ਼ਵ ਰਿਕਾਰਡ ਹੋਵੇਗਾ!

ਕੰਵਲ ਦੀ ਸਿਹਤ ਹਾਲੇ ਕਾਇਮ ਹੈ। ਅੰਦਰਲੇ ਘਰੋਂ ਬਾਹਰਲੇ ਤੇ ਬਾਹਰਲੇ ਘਰੋਂ ਅੰਦਰਲੇ ਘਰ ਗੇੜੇ ਮਾਰਦਾ ਰਹਿੰਦਾ ਹੈ। ਕਦੇ ਕਦੇ ਪਿੰਡ ਦੀ ਫਿਰਨੀ 'ਤੇ ਤੁਰਿਆ ਜਾਂਦਾ ਆਪਣੇ ਆਪ ਨਾਲ ਗੱਲਾਂ ਕਰਦਾ ਵੀ ਵੇਖਿਆ ਜਾ ਸਕਦਾ ਹੈ। ਹਵਾ 'ਚ ਹੱਥ ਦੀਆਂ ਉਂਗਲਾਂ ਤਾਣਦਾ ਆਪਣੇ ਜਾਣੇ ਨੁਕਤੇ ਸਿੱਧ ਕਰਦਾ ਲੱਗਦਾ ਹੈ। ਉਹ 1943 ਤੋਂ ਕਿਤਾਬਾਂ ਲਿਖਦਾ 'ਜੀਵਨ ਕਣੀਆਂ' ਤੋਂ 'ਧੁਰ ਦਰਗਾਹ' ਤਕ ਪਹੁੰਚ ਗਿਆ ਹੈ। ਉਹਦੀਆਂ ਕਿਤਾਬਾਂ ਦਾ ਸੈਂਕੜਾ ਵੀ ਹੋਣ ਵਾਲਾ ਹੈ। 'ਧੁਰ ਦਰਗਾਹ' ਦੇ ਸਰਵਰਕ ਉੱਤੇ ਸਤਰਾਂ ਛਪੀਆਂ ਹਨ: 'ਦਿਲ ਦੇ ਤਾਰਿਓ! ਰੂਹ ਦੇ ਪਿਆਰਿਓ! ਵਿਛੜਨ ਦਾ ਵੇਲਾ ਧੱਕਾ ਦੇ ਕੇ ਆ ਗਿਆ ਏ। ਧੱਕੇ ਮਾਰਦੇ ਮੇਲੇ ਨੇ ਇੱਕ ਦਿਨ ਖਿਲਰਣਾ ਹੀ ਹੈ। ਆਓ ਰਲ ਮਿਲ ਕੇ ਇਸ ਮੇਲੇ ਨੂੰ ਯਾਦਗਾਰੀ ਬਣਾਈਏ। ਯਾਰਾਂ ਦੋਸਤਾਂ, ਪਾਠਕਾਂ, ਲੇਖਕਾਂ ਤੇ ਅਨਾਦੀ ਮੇਲ ਮਿਲਾਪੀਆਂ ਨੂੰ, ਘੁੱਟ ਘੁੱਟ ਜੱਫੀਆਂ ਪਾ ਕੇ ਮਿਲੀਏ ਤੇ ਪਿਆਰ ਦੀਆਂ ਪੱਕੀਆਂ ਲੀਹਾਂ ਨੂੰ ਯਾਦਗਾਰੀ ਬਣਾਈਏ...।' ਕਿਤਾਬ ਦੇ ਅੰਤ ਵਿੱਚ ਲਿਖਿਆ ਹੈ- 'ਨਾ ਮਰਿਆ ਨਾ ਜੀਵਿਆ, ਜਸਵੰਤ ਸਿੰਘ ਕੰਵਲ।'

28 ਜਨਵਰੀ 2018 ਨੂੰ ਅਸੀਂ ਇਕੱਠਿਆਂ ਨੇ ਢੁੱਡੀਕੇ ਦਾ ਖੇਡ ਮੇਲਾ ਵੇਖਿਆ। ਠੰਢ ਹੋਣ ਕਰਕੇ ਕੰਵਲ ਭੂਰੀ ਦੀ ਬੁੱਕਲ ਮਾਰੀ ਬੈਠਾ ਸੀ। ਮੇਲੇ ਜਾਣ ਨੂੰ ਆਖਿਆ ਤਾਂ ਉਹ ਜਕੋ-ਤਕੇ ਵਿੱਚ ਪੈ ਗਿਆ, ਪਰ ਮੈਂ ਇਹ ਕਹਿ ਕੇ ਤਿਆਰ ਕਰ ਲਿਆ, ''ਕੀ ਪਤਾ ਮੁੜ ਕੇ 'ਕੱਠਿਆਂ ਮੇਲਾ ਵੇਖਣਾ ਨਸੀਬ ਹੋਵੇ ਜਾਂ ਨਾ ਹੋਵੇ!''

ਕੰਵਲ ਕਾਰ ਵਿੱਚ ਬਹਿਣ ਲੱਗਾ ਤਾਂ ਮੈਂ ਪਹਿਲੀ ਵਾਰ ਉਹਦੇ ਹੱਥ 'ਚ ਖੂੰਡੀ ਵੇਖੀ ਜੋ ਤੁਰਨ ਲੱਗਿਆਂ ਉਹਦੇ ਲੜਕੇ ਸਰਬਜੀਤ ਨੇ ਮੱਲੋ-ਮੱਲੀ ਫੜਾਈ। ਮੇਲੇ 'ਚ ਸਟੇਜ ਦੀਆਂ ਉੱਚੀਆਂ ਪੌੜੀਆਂ ਚੜ੍ਹਨ ਦੀ ਥਾਂ ਅਸੀਂ ਹੇਠਲੀਆਂ ਕੁਰਸੀਆਂ 'ਤੇ ਹੀ ਬੈਠ ਗਏ। ਮੇਲਾ ਵੇਖਦਿਆਂ ਉਸ ਨੇ ਖ਼ੁਸ਼ ਹੋ ਕੇ ਕਿਹਾ, ''ਲੈ ਮੈਂ ਹੁਣ ਸਾਲ ਭਰ ਨੀ ਡੋਲਦਾ!'' 2009 'ਚ ਕੰਵਲ ਦਾ 91ਵਾਂ ਜਨਮ ਦਿਨ ਢੁੱਡੀਕੇ ਖੇਡ ਮੇਲੇ ਵਿੱਚ ਹੀ ਮਨਾਇਆ ਗਿਆ ਸੀ। ਉਦੋਂ ਤੋਂ ਉਹਦਾ ਜਨਮ ਦਿਨ ਪਿੰਡ ਵੱਲੋਂ ਹੀ ਮਨਾਇਆ ਜਾ ਰਿਹਾ ਹੈ।

1950ਵਿਆਂ ਵਿੱਚ ਕੰਵਲ ਪਿੰਡ ਦਾ ਸਰਪੰਚ ਬਣਿਆ ਤਾਂ ਉਸ ਨੇ ਲਾਲਾ ਲਾਜਪਤ ਰਾਏ ਦੇ ਸਾਥੀ ਲਾਲਾ ਮੋਹਨ ਲਾਲ ਐੱਮ.ਐੱਲ.ਸੀ. ਨਾਲ ਰਲ ਕੇ ਉਨ੍ਹਾਂ ਦੇ ਜਨਮ ਸਥਾਨ ਢੁੱਡੀਕੇ ਦੇ ਵਿਕਾਸ ਦੀ ਯੋਜਨਾ ਬਣਾਈ। 28 ਜਨਵਰੀ 1956 ਨੂੰ ਲਾਲਾ ਜੀ ਦੇ ਜਨਮ ਦਿਵਸ 'ਤੇ ਇਕੱਠ ਕਰ ਕੇ ਲਾਜਪਤ ਰਾਏ ਖੇਡ ਮੇਲਾ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ। ਕੰਵਲ ਨਾਵਲਕਾਰ ਹੀ ਨਹੀਂ, ਕਹਾਣੀਕਾਰ, ਵਾਰਤਾਕਾਰ, ਕਵੀ, ਪੱਤਰਕਾਰ, ਚਿੱਠੀ ਲੇਖਕ, ਰੇਖਾ ਚਿੱਤਰਕਾਰ, ਸਾਹਿਤ ਸਭੀਆ, ਕਾਨਫਰੰਸੀਆ, ਇਨਾਮੀਆ, ਸੈਲਾਨੀ, ਰਾਜਸੀ ਪਾਰਟੀਆਂ ਦਾ ਸਲਾਹਕਾਰ, ਸ਼ਤਰੰਜ ਦਾ ਖਿਡਾਰੀ ਤੇ ਕਬੀਲਦਾਰ ਵੀ ਹੈ। ਉਸ ਨੇ ਆਸ਼ਕੀ ਵੀ ਕੀਤੀ ਜਿਸ ਦਾ ਵੇਰਵਾ ਉਹਦੀ ਪੁਸਤਕ 'ਪੁੰਨਿਆਂ ਦਾ ਚਾਨਣ' ਵਿੱਚੋਂ ਪੜ੍ਹਿਆ ਜਾ ਸਕਦਾ ਹੈ। ਉਹ ਦਸਵੀਂ ਤਕ ਹੀ ਪੜ੍ਹ ਸਕਿਆ ਸੀ। ਫਿਰ ਮਲਾਇਆ 'ਚ ਰਿਹਾ, ਮੁੜ ਕੇ ਖੇਤੀ ਕੀਤੀ, ਸਾਧ ਤੋਂ ਵੇਦਾਂਤ ਪੜ੍ਹਿਆ ਅਤੇ ਸਾਧ ਬਣਦਾ-ਬਣਦਾ ਬਚਿਆ। ਪਿੰਡ ਦੇ ਪਾਰਟੀਬਾਜ਼ੀ ਵਾਲੇ ਮਾਹੌਲ ਵਿੱਚ ਵੈਲੀ ਬਣਨ ਦੇ ਆਸਾਰ ਸਨ, ਪਰ ਉਹ ਵੈਲੀ ਬਣਨੋਂ ਵੀ ਬਚ ਗਿਆ। ਫਿਰ ਸ਼੍ਰੋਮਣੀ ਕਮੇਟੀ ਵਿੱਚ ਕਲਰਕ ਵਜੋਂ ਨੌਕਰੀ ਕੀਤੀ। ਕਰਮਾਂ ਦੀ ਖੇਡ ਵੇਖੋ ਕਿ ਦਸਵੀਂ ਫੇਲ੍ਹ ਅਤੇ ਪੰਜ ਬੱਚਿਆਂ ਦੇ ਬਾਪ ਉੱਤੇ ਲਾਹੌਰ ਤੋਂ ਐੱਮ.ਬੀ.ਬੀ.ਐੱਸ. ਪਾਸ ਡਾਕਟਰ ਜਸਵੰਤ ਗਿੱਲ ਮਰ ਮਿਟੀ ਜਿਸ ਦੀ ਯਾਦ ਵਿੱਚ ਉਸ ਨੇ 'ਪੁੰਨਿਆਂ ਦਾ ਚਾਨਣ' ਤੇ 'ਧੁਰ ਦਰਗਾਹ' ਪੁਸਤਕਾਂ ਲਿਖੀਆਂ ਅਤੇ ਹਰ ਸਾਲ ਜਸਵੰਤ ਗਿੱਲ ਯਾਦਗਾਰੀ ਐਵਾਰਡ ਦਿੱਤਾ ਜਾ ਰਿਹਾ ਹੈ। 'ਭਾਵਨਾ' ਕਾਵਿ ਸੰਗ੍ਰਹਿ ਦੀ ਪਾਰਵਤੀ ਤਾਂ ਸੀ ਹੀ ਜਸਵੰਤ ਗਿੱਲ ਜਿਸ ਬਾਰੇ ਕਈ ਸਾਲਾਂ ਬਾਅਦ ਪਤਾ ਲੱਗਾ। ਕੰਵਲ ਨੂੰ 'ਭੇਤ' ਛੁਪਾ ਕੇ ਰੱਖਣਾ ਆਉਂਦਾ ਹੈ।



ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਨੂੰ ਸਰੂ ਦਾ ਰੁੱਖ ਕਿਹਾ ਜਾ ਸਕਦਾ ਹੈ। ਉਹ ਵਗਦੀਆਂ ਹਵਾਵਾਂ ਦੇ ਵੇਗ 'ਚ ਝੂੰਮਦਾ ਹੈ। ਕਦੇ ਖੱਬੇ ਲਹਿਰਾਉਂਦਾ ਹੈ, ਕਦੇ ਸੱਜੇ ਤੇ ਕਦੇ ਵਾਵਰੋਲੇ ਵਾਂਗ ਘੁੰਮਦਾ ਹੈ। ਉਹਦੀਆਂ ਟਾਹਣੀਆਂ ਲਚਕਦਾਰ ਹਨ, ਤਣਾ ਮਜ਼ਬੂਤ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਵਾਵਰੋਲੇ ਤਾਂ ਕੀ, ਝੱਖੜ ਤੂਫ਼ਾਨ ਵੀ ਉਸ ਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹ ਜਿੰਨਾ ਧਰਤੀ ਤੋਂ ਉੱਤੇ ਹੈ ਉਨਾ ਹੀ ਧਰਤੀ ਦੇ ਥੱਲੇ ਹੈ। ਉਹ ਵੇਗਮੱਤਾ ਲੇਖਕ ਹੈ ਤੇ ਲੋਹੜੇ ਦਾ ਜਜ਼ਬਾਤੀ। ਉਹਦੇ ਰੁਮਾਂਚਿਕ ਰਉਂ 'ਚ ਲਿਖੇ ਜਜ਼ਬਾਤੀ ਸੰਵਾਦ ਸਿੱਧੇ ਦਿਲਾਂ 'ਤੇ ਵਾਰ ਕਰਦੇ ਹਨ। ਮਿਹਣੇ ਮਾਰਦੇ ਤੇ ਆਰਾਂ ਲਾਉਂਦੇ ਹਨ। ਉਹਦੀ ਪ੍ਰੀਤ ਭਿੱਜੀ ਰੁਮਾਂਚਿਕ ਸ਼ੈਲੀ ਦੇ ਲੱਖਾਂ ਪਾਠਕ ਹਨ।

ਕੰਵਲ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਉਸ ਨੇ ਪਹਿਲੀ ਵਾਰ ਪੰਜਾਬ ਦੇ ਪੇਂਡੂ ਜੀਵਨ ਨੂੰ ਆਪਣੇ ਨਾਵਲਾਂ ਵਿੱਚ ਦਰਸਾਇਆ। ਉਹਦੇ ਕਈ ਨਾਵਲਾਂ ਦੇ ਦਰਜਨ ਤੋਂ ਵੱਧ ਐਡੀਸ਼ਨ ਛਪੇ। ਉਹਦੀਆਂ ਕਿਤਾਬਾਂ ਦੀਆਂ ਕੁਲ ਕਾਪੀਆਂ ਦਸ ਲੱਖ ਤੋਂ ਵੀ ਵੱਧ ਛਪ ਗਈਆਂ ਹੋਣਗੀਆਂ। ਇੱਕ ਕਾਪੀ ਦੀ ਦਸ ਵੀਹ ਰੁਪਏ ਵੀ ਰਾਇਲਟੀ ਮਿਲੀ ਹੋਵੇ ਤਾਂ ਲਾ ਲਓ ਹਿਸਾਬ ਕਿੰਨੀ ਰਾਇਲਟੀ ਮਿਲੀ? ਜਿਹੜੇ ਕਹਿੰਦੇ ਹਨ ਕਿ ਪੰਜਾਬੀ ਵਿੱਚ ਲਿਖਣਾ ਖ਼ਾਕ ਛਾਨਣਾ ਹੈ, ਕੰਵਲ ਨੂੰ ਪੁੱਛੋ ਕਿਤਾਬਾਂ ਲਿਖ ਕੇ ਕੀ ਖੱਟਿਆ? ਉਸ ਨੇ ਕਲਮ ਦੀ ਕਮਾਈ ਨਾਲ ਪਰਿਵਾਰ ਪਾਲਿਆ, ਚਾਰੇ ਧੀਆਂ ਹੋਸਟਲਾਂ ਵਿੱਚ ਐੱਮ.ਐੱਸਸੀ. ਤਕ ਪੜ੍ਹਾਈਆਂ ਅਤੇ ਡਾਕਟਰ, ਪ੍ਰੋਫ਼ੈਸਰ ਤੇ ਇੰਜਨੀਅਰ ਜਵਾਈਆਂ ਦੇ ਲੜ ਲਾਈਆਂ। ਜਿੰਨੀ ਜ਼ਮੀਨ ਉਹਨੂੰ ਵਿਰਸੇ 'ਚ ਮਿਲੀ ਸੀ ਓਦੂੰ ਵੱਧ ਕਲਮ ਦੀ ਕਮਾਈ ਨਾਲ ਬਣਾਈ। ਦੇਸ਼ ਵਿਦੇਸ਼ ਦੀਆਂ ਸੈਰਾਂ ਵੱਖ ਕੀਤੀਆਂ। ਬਣਦਾ ਸਰਦਾ ਦਸਵੰਧ ਵੀ ਪਿੰਡ ਦੇ ਲੇਖੇ ਲਾਇਆ। ਸਾਹਿਤ ਟਰੱਸਟ ਢੁੱਡੀਕੇ ਵੱਲੋਂ ਲੱਖਾਂ ਦੇ ਇਨਾਮ ਦਿੱਤੇ। ਪੰਜਾਹ ਸਾਲ ਪਹਿਲਾਂ ਜਦੋਂ ਕਾਲਜ ਦੇ ਪ੍ਰੋਫ਼ੈਸਰਾਂ ਤੇ ਪ੍ਰਿੰਸੀਪਲ ਨੂੰ ਵੀ ਆਮਦਨ ਕਰ ਨਹੀਂ ਸੀ ਭਰਨਾ ਪੈਂਦਾ, ਕੰਵਲ ਉਦੋਂ ਵੀ ਰਾਇਲਟੀ ਦਾ ਆਮਦਨ ਕਰ ਭਰਦਾ ਸੀ। ਕੰਵਲ ਦਾ ਕੱਦ ਸਰੂ ਵਾਂਗ ਲੰਮਾ ਹੈ ਤੇ ਉਮਰ ਦੇ 100ਵੇਂ ਸਾਲ ਵਿੱਚ ਵੀ ਉਹ ਸਿੱਧਾ ਸਲੋਟ ਹੈ। ਸਿਰਫ਼ ਖੱਬੀ ਅੱਖ ਦੀ ਨਜ਼ਰ ਕੁਝ ਕਮਜ਼ੋਰ ਹੋਈ ਹੈ। ਦਿਲ ਨੂੰ ਤਕਲੀਫ਼ ਹੋਈ ਸੀ ਜੋ ਇਲਾਜ ਕਰਵਾਉਣ ਨਾਲ ਠੀਕ ਹੋ ਗਈ। ਖਾਣ ਪੀਣ ਲੱਗਾ ਅਜੇ ਵੀ ਅੱਧੀ ਰੋਟੀ ਸ਼ੱਕਰ ਘਿਉ ਨਾਲ ਖਾਂਦਾ ਹੈ। ਕਿਤਾਬਾਂ ਲਿਖਣ ਦਾ ਰਿਕਾਰਡ ਤਾਂ ਹੈ ਹੀ, ਸੰਭਵ ਹੈ ਸਾਹਿਤਕ ਉਮਰ ਦਾ ਰਿਕਾਰਡ ਵੀ ਰੱਖ ਜਾਵੇ।

ਕੰਵਲ ਨਾਲ ਮੇਰੀ ਮਿਲਣੀ ਨਾਵਲ 'ਪੂਰਨਮਾਸ਼ੀ' ਪੜ੍ਹਨ ਨਾਲ ਹੋਈ ਸੀ। ਉਸ ਨੂੰ ਮਿਲਣ ਤੋਂ ਪਹਿਲਾਂ ਮੈਂ ਉਹਦੇ ਪਾਤਰਾਂ ਰੂਪ, ਚੰਨੋ, ਸ਼ਾਮੋ, ਜਗੀਰ ਤੇ ਦਿਆਲੇ ਅਮਲੀ ਨੂੰ ਮਿਲਿਆ। ਉਹਦੇ ਨਾਵਲ ਵਿਚਲੇ 'ਨਵੇਂ ਪਿੰਡ' ਉਰਫ ਢੁੱਡੀਕੇ ਨੂੰ ਮਿਲਿਆ ਜਿੱਥੇ ਰੂਪ ਦਾ ਖੂਹ ਚਲਦਾ ਸੀ ਤੇ ਬਚਨੋ ਗੋਹੇ ਵਾਲਾ ਬੱਠਲ ਧੋਣ ਆਈ ਸੀ। ਇਹ ਮੂੰਹ 'ਨੇਰ੍ਹੇ ਮਿਲਣ ਦਾ ਬਹਾਨਾ ਸੀ। ਖੁਸ਼ਵੰਤ ਸਿੰਘ ਨੇ ਇਸ ਚਲਦੇ ਖੂਹ ਦੇ ਬਿਰਤਾਂਤ ਨੂੰ 'ਇਲੱਸਟ੍ਰੇਟਡ ਵੀਕਲੀ' ਵਿੱਚ ਵਡਿਆਇਆ ਸੀ। ਜਿੱਥੇ ਖੂਹ ਹੁੰਦਾ ਸੀ, ਖੇਤ ਹੁੰਦੇ ਸਨ ਤੇ ਬਚਨੋ ਰੂਪ ਨੂੰ ਮਿਲੀ ਸੀ, ਉੱਥੇ ਹੁਣ ਕੰਵਲ ਦਾ ਘਰ ਹੈ। ਖੂਹ ਬੇਆਬਾਦ ਹੋ ਗਿਆ, ਪਰ ਪੂਰਨਮਾਸ਼ੀ ਵਿੱਚ ਆਬਾਦ ਹੈ। ਉਸ ਖੂਹ ਦੀ ਮੌਣ ਉੱਤੇ ਬਲਰਾਜ ਸਾਹਨੀ ਵੀ ਬੈਠਿਆ ਤੇ ਆਉਂਦੇ ਜਾਂਦੇ ਵੀ ਬਥੇਰੇ ਬੈਠੇ। ਉਹਦੀ ਨਿਸ਼ਾਨੀ ਅਜੇ ਵੀ ਕਾਇਮ ਹੈ। ਪੂਰਨਮਾਸ਼ੀ ਲੋਕ ਗੀਤਾਂ ਨਾਲ ਭਰੀ ਪਈ ਸੀ। ਹਰ ਕਾਂਡ ਦੇ ਅੱਗੇ ਤੇ ਪਿੱਛੇ ਇੱਕ ਟੱਪਾ ਸੀ। ਮੈਂ ਪੂਰਨਮਾਸ਼ੀ ਕਾਹਦੀ ਪੜ੍ਹੀ, ਬੱਸ ਕੰਵਲ ਦਾ ਹੋ ਕੇ ਰਹਿ ਗਿਆ। ਫਿਰ ਮੈਂ ਉਸ ਨੂੰ ਏਨਾ ਮਿਲਿਆ ਕਿ ਹੁਣ ਤਕ ਮਿਲਦਾ ਹੀ ਆ ਰਿਹਾ ਹਾਂ। ਉਹ ਸਿਰਜਣਾ ਦਾ ਭਰ ਵਗਦਾ ਦਰਿਆ ਹੈ। ਉਸ ਨੇ ਕਈ ਵਾਰ ਕਿਹਾ ਹੈ ਕਿ ਇਹ ਉਹਦੀ ਆਖ਼ਰੀ ਪੁਸਤਕ ਹੈ, ਪਰ ਲੱਗਦਾ ਹੈ ਉਹ ਤਦ ਤਕ ਲਿਖਦਾ ਰਹੇਗਾ ਜਦ ਤਕ ਅੰਤਿਮ ਸਵਾਸ ਨਹੀਂ ਲੈ ਲੈਂਦਾ!

ਮੈਂ ਉਹਨੂੰ ਉੱਠਦਾ ਬੈਠਦਾ, ਤੁਰਦਾ ਫਿਰਦਾ, ਪੜ੍ਹਦਾ ਲਿਖਦਾ, ਬੋਲਦਾ ਚਲਦਾ, ਹਸਦਾ ਖੇਡਦਾ, ਮਸਤੀ ਮਾਰਦਾ, ਇਸ਼ਕ ਕਰਦਾ ਤੇ ਹੰਝੂ ਵਹਾਉਂਦਾ ਵੇਖਦਾ ਰਿਹਾ ਹਾਂ। ਕਦੇ ਖੇੜੇ 'ਚ ਖਿੜਦਾ, ਕਦੇ ਉਦਾਸੀ 'ਚ ਝੂਰਦਾ। ਕਦੇ ਕਾਨਫਰੰਸਾਂ 'ਤੇ ਜਾਂਦਾ, ਕਦੇ ਸਾਹਿਤ ਸਭਾਵਾਂ 'ਚ ਬੋਲਦਾ। ਕਦੇ ਕੋਟ ਪੈਂਟ ਪਾਏ ਹੁੰਦੇ, ਕਦੇ ਲੂੰਗੀ ਲਾਈ ਹੁੰਦੀ। ਕਦੇ ਮੰਡਾਸਾ ਮਾਰਿਆ ਹੁੰਦਾ, ਕਦੇ ਲੋਈ ਲਈ ਹੁੰਦੀ। ਕਦੇ ਨੰਗੇ ਸਿਰ ਤੇ ਕਦੇ ਪਰਨਾ ਵਲ੍ਹੇਟਿਆ ਹੁੰਦਾ। ਕਦੇ ਕੰਬਲੀ ਦੀ ਬੁੱਕਲ, ਕਦੇ ਖੇਸ ਦੀ ਬੁੱਕਲ। ਕਦੇ ਧੂਣੀ ਰਮਾਉਂਦਾ, ਕਦੇ ਧੁੱਪ ਸੇਕਦਾ। ਕਦੇ ਵੱਟ ਬੰਨੇ, ਕਦੇ ਟਾਹਲੀ ਦੀ ਛਾਵੇਂ। ਕਦੇ ਪੱਬਾਂ ਭਾਰ ਬੈਠਾ ਤੇ ਕਦੇ ਝੂਲਾ ਝੂਲਦਾ। ਕਦੇ ਨਿਆਣਿਆਂ ਨਾਲ ਕੌਡਾਂ ਖੇਡਦਾ। ਕਦੇ ਅੰਦਰਲੇ ਘਰ, ਕਦੇ ਬਾਹਰਲੀ ਕੋਠੀ। ਕਦੇ ਤਾਸ਼ ਖੇਡਦਾ, ਕਦੇ ਸ਼ਤਰੰਜ। ਕਦੇ ਡਾਕਘਰ, ਕਦੇ ਢੁੱਡੀਕੇ ਦੀ ਫਿਰਨੀ 'ਤੇ। ਕਦੇ 'ਕੱਲਾ ਬੈਠਾ ਆਪਣੇ ਆਪ ਨਾਲ ਗੱਲਾਂ ਕਰਦਾ। ਕਦੇ ਵਰਾਂਡੇ ਵਿੱਚ ਕੁਰਸੀ ਮੇਜ਼ 'ਤੇ ਪੜ੍ਹਦਾ ਲਿਖਦਾ। ਅਨੂਪ ਵਿਰਕ ਉਹਦੇ ਬਾਰੇ ਲਿਖਦਾ ਹੈ:

ਉਹ ਚੰਨ ਚਾਨਣੀ ਰਾਤ ਜਿਹਾ
ਔੜਾਂ ਵਿੱਚ ਹੋਈ ਬਰਸਾਤ ਜਿਹਾ
ਉਹ ਸੁਪਨਾ ਸਾਹਿਤ ਸਮੁੰਦਰ ਦਾ
ਉਹ ਅਕਾਸ਼ ਦੀ ਖੁੱਲ੍ਹੀ ਕਿਤਾਬ ਜਿਹਾ
ਉਹ ਇਸ਼ਟ ਜਿਹਾ ਉਹ ਇਸ਼ਕ ਜਿਹਾ
ਮੇਰੇ ਸੀਨੇ ਅੰਦਰ ਲਿਸ਼ਕ ਰਿਹਾ।




# ਕੀ ਕੈਪਟਨ ਲਈ ਰੇਤਾ ਬਣੇਗਾ 'ਚਿੱਟਾ'?


ਕੁਲਜੀਤ ਬੈਂਸ

ਵਧੇਰੇ ਮਾਲੀ ਹਿਤ, ਲਗਾਤਾਰ ਊਜਾਂ, ਸਿਆਸੀ ਉਤੇਜਨਾ, ਅਪਰਾਧਕ ਹਮਲੇ ਅਤੇ ਲੋਕਾਂ ਸਿਰ ਪਏ ਕਲੇਸ਼, ਇਹ ਸਾਰੇ ਮਸਲੇ ਕੈਪਟਨ ਅਮਰਿੰਦਰ ਸਿੰਘ ਲਈ ਰੇਤ ਨੂੰ 'ਚਿੱਟੇ' ਵਿੱਚ ਬਦਲ ਰਹੇ ਹਨ। 'ਚਿੱਟਾ' ਸ਼ਬਦ ਨਸ਼ੇ ਲਈ ਵਰਤਿਆ ਜਾਂਦਾ ਹੈ ਜਿਹੜਾ ਕਈ ਸਾਲਾਂ ਦੇ ਸਿੱਧੇ ਦੋਸ਼ਾਂ ਤੋਂ ਬਾਅਦ ਪਿਛਲੀ ਅਕਾਲੀ-ਭਾਜਪਾ ਗੱਠਜੋੜ ਲਈ ਇੱਕ ਤਰ੍ਹਾਂ ਨਾਲ ਸਜ਼ਾ ਹੀ ਸਾਬਤ ਹੋਇਆ ਸੀ। ਹੁਣ ਗੁੰਮਨਾਮ ਖਣਨ ਵਾਲੇ ਲਗਾਤਾਰ ਰੇਤ ਲੁੱਟ ਰਹੇ ਹਨ ਅਤੇ ਮੁਲਾਜ਼ਮਾਂ ਉੱਤੇ ਹਮਲਿਆਂ ਦੇ ਬਾਵਜੂਦ ਸਰਕਾਰ ਬੇਵੱਸ ਹੋਈ ਦਿਸ ਰਹੀ ਹੈ। ਇਸ ਸਾਰਾ ਵਿਹਾਰ ਦੇਖਦਿਆਂ ਲੋਕ ਇੱਕ ਤਰ੍ਹਾਂ ਨਾਲ ਸਦਮੇ ਅਤੇ ਗੁੱਸੇ ਵਿੱਚ ਹਨ, ਤੇ ਇਹ ਚਾਰ ਸਾਲ ਬਾਅਦ ਕਾਂਗਰਸ ਸਰਕਾਰ ਲਈ ਵੀ ਪਿਛਲੀ ਸਰਕਾਰ ਵਰਗਾ ਨਤੀਜਾ ਦੇ ਸਕਦੇ ਹਨ।

ਸੱਤਾ ਬਦਲਦਿਆਂ ਹੀ ਨਵੀਂ ਸਰਕਾਰ ਨੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਦਿੱਤੇ ਖਣਨ ਠੇਕੇ ਤੁਰੰਤ ਰੱਦ ਕਰ ਦਿੱਤੇ। ਦਲੀਲ ਇਹ ਦਿੱਤੀ ਗਈ ਕਿ ਸਰਕਾਰ ਨੂੰ ਬਹੁਤ ਘੱਟ ਪੈਸੇ ਜੁੜਦੇ ਸਨ, ਤੇ ਲੋਕਾਂ ਲਈ ਭਾਅ ਫਿਰ ਵੀ ਘਟਾਏ ਨਹੀਂ ਸਨ ਗਏ। ਠੇਕੇ ਰੱਦ ਕਰਨ ਦੀ ਇਸ ਸਾਰੀ ਕਾਰਵਾਈ ਪਿੱਛੇ ਹੋਰ ਮਕਸਦ ਕੀ ਸੀ, ਉਸ ਬਾਰੇ ਤਾਂ ਹੋਰ ਕੁਝ ਸਾਬਤ ਨਹੀਂ ਸੀ ਕੀਤਾ ਜਾ ਸਕਦਾ, ਸਿਵਾਏ ਇਸ ਦੇ ਕਿ ਨਵੀਂ ਬੋਲੀ ਵਾਲੀ ਪ੍ਰਕਿਰਿਆ ਦੌਰਾਨ ਜੋੜ-ਤੋੜ ਕਰਨ ਦੇ ਦੋਸ਼ਾਂ ਕਰਕੇ ਇੱਕ ਮੰਤਰੀ ਨੂੰ ਅਸਤੀਫ਼ਾ ਦੇਣਾ ਪੈ ਗਿਆ। ਸਰਕਾਰ ਵੱਲੋਂ ਲਿਆਂਦੀ ਇਸ 'ਵਿਕਾਸਵਾਦੀ ਬੋਲੀ' ਨਾਲ ਪੈਸੇ ਤਾਂ ਆਏ ਪਰ ਰੇਤ ਦੇ ਭਾਅ ਅਸਮਾਨੀਂ ਜਾ ਚੜ੍ਹੇ ਅਤੇ ਆਪਣੇ ਸਿਰ ਉੱਤੇ ਛੱਤ ਪਾਉਣ ਦੀ ਚਾਹ ਰੱਖਣ ਵਾਲੇ ਆਮ ਲੋਕਾਂ ਨੂੰ ਖੱਜਲ-ਖ਼ੁਆਰ ਹੋਣਾ ਪੈ ਗਿਆ।

ਇਉਂ ਚੜ੍ਹੇ ਭਾਅ ਕਾਰਨ ਹਾਲ ਇਹ ਹੋ ਗਿਆ ਕਿ ਭਾਵੇਂ ਕੋਈ ਕਾਨੂੰਨੀ ਠੇਕੇਦਾਰ ਸੀ ਜਾਂ ਗ਼ੈਰਕਾਨੂੰਨੀ (ਇੱਥੋਂ ਤੱਕ ਕਿ ਆਮ ਪੇਂਡੂ ਬੰਦਾ ਵੀ), ਸਾਰੇ ਜਣੇ ਬਿਨਾਂ ਸੋਚੇ ਸਮਝੇ ਕਿ ਇਸ ਦੇ ਨਤੀਜੇ ਕੀ ਨਿੱਕਲ ਸਕਦੇ ਹਨ, ਖਣਨ ਦੇ ਇਸ ਧੰਦੇ ਨਾਲ ਜਾ ਜੁੜੇ। ਸੱਤਾਧਾਰੀ ਪਾਰਟੀ ਅੰਦਰ ਰੱਫੜ ਪੈਣ ਕਾਰਨ ਖਣਨ ਨੀਤੀ ਸੋਧਣ ਦਾ ਮਸਲਾ ਵੀ ਵਿਚਾਲੇ ਲਟਕ ਗਿਆ। ਇਹ ਕਹਿਣਾ ਮੁਸ਼ਕਿਲ ਹੈ ਕਿ ਇਹ ਸਿਰਫ਼ ਬਰਾਬਰੀ ਵਾਲੀ ਸਿਆਸਤ ਕਰਕੇ ਹੈ ਜਾਂ ਖਣਨ ਵਿੱਚ ਹਿਤਾਂ ਦਾ ਮਾਮਲਾ ਹੈ ਜਿਸ ਕਰਕੇ ਸੋਧ-ਸੁਧਾਈ ਦਾ ਕੰਮ ਰੁਕਿਆ ਪਿਆ ਹੈ।



ਖੱਡਾਂ ਦੇ ਲਾਇਸੈਂਸਧਾਰਕਾਂ ਜਾਂ ਗ਼ੈਰਕਾਨੂੰਨੀ ਖਣਨਕਾਰਾਂ ਵੱਲੋਂ ਖਣਨ ਕਾਮਿਆਂ ਵਜੋਂ ਭਾੜੇ 'ਤੇ ਰੱਖੇ ਅਪਰਾਧੀਆਂ ਵੱਲੋਂ ਸਰਕਾਰੀ ਮੁਲਾਜ਼ਮਾਂ ਉੱਤੇ ਲਗਾਤਾਰ ਹਮਲੇ ਹੋ ਰਹੇ ਹਨ। ਤੇ ਹਰ ਘਟਨਾ ਨੇ ਖਣਨ ਏਜੰਟਾਂ ਦੇ ਅਪਰਾਧਾਂ ਦੀ ਥਾਂ 'ਸਥਾਪਤੀ' ਅੰਦਰਲੇ ਹਨੇਰੇ ਹੀ ਜ਼ਾਹਿਰ ਕੀਤੇ। ਰੂਪਨਗਰ ਦੇ ਵਿਧਾਇਕ ਉੱਤੇ ਹੋਏ ਹਮਲੇ ਨੇ 'ਆਪ' ਲੀਡਰ ਦੇ ਨਾਲ ਨਾਲ ਹਮਲਾਵਰਾਂ ਦੇ ਆਪਸੀ ਪੁਰਾਣੇ ਕਾਰੋਬਾਰੀ ਅਤੇ ਸਿਆਸੀ ਸਬੰਧਾਂ ਦਾ ਚਿੱਠਾ ਵੀ ਖੋਲ੍ਹ ਦਿੱਤਾ ਹੈ ਅਤੇ ਸਬੰਧਾਂ ਦੀ ਇਹ ਲੜੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਜਾ ਜੁੜਦੀ ਹੈ। ਬਿਨਾਂ ਸ਼ੱਕ, ਸਾਰੇ ਕਿਸੇ ਵੀ ਪ੍ਰਕਾਰ ਦੀ ਉਲੰਘਣਾ ਤੋਂ ਇਨਕਾਰ ਕਰਦੇ ਹਨ। ਇਸ ਮਸਲੇ ਬਾਰੇ ਨਸ਼ਰ ਹੋਈ ਵੀਡੀਓ ਵਿਚ ਜਿਸ ਵਕਤ ਵਿਧਾਇਕ ਦੀ ਕੁੱਟਮਾਰ ਹੋ ਰਹੀ ਸੀ, ਉਦੋਂ ਹਮਲਾਵਰ ਅਤੇ ਵਿਧਾਇਕ ਦਾ ਸਾਥੀ ਮੰਗੇ ਗਏ ਪੈਸਿਆਂ ਬਾਰੇ ਬਹਿਸ ਰਹੇ ਸਨ।

ਇਸ ਤੋਂ ਪਹਿਲਾਂ ਪਟਿਆਲਾ ਵਿੱਚ ਖਣਨ ਵਿਭਾਗ ਦੇ ਜਨਰਲ ਮੈਨੇਜਰ ਉੱਤੇ ਹਮਲੇ ਵਾਲਾ ਮਸਲਾ 'ਸਮਝੌਤੇ' ਨਾਲ ਮੁੱਕ ਗਿਆ। ਪਿਛਲੇ ਹਫ਼ਤੇ ਜੰਗਲਾਤ ਮੁਲਾਜ਼ਮਾਂ ਉੱਤੇ ਹੋਏ ਭਿਆਨਕ ਹਮਲੇ ਤੋਂ ਬਾਅਦ ਪੁਲੀਸ ਹੁਣ ਇਹ ਭਰਮ ਪੈਦਾ ਕਰਨਾ ਚਾਹ ਰਹੀ ਹੈ ਕਿ ਟਰਾਲੀ ਵਿੱਚ ਰੇਤ ਨਹੀਂ, ਗਿੱਲੀ ਮਿੱਟੀ ਢੋਈ ਜਾ ਰਹੀ ਸੀ। ਇੰਜ ਹੀ, ਰੂਪਨਗਰ ਵਾਲੀ ਵਾਰਦਾਤ ਵਿੱਚ 24 ਘੰਟਿਆਂ ਦੇ ਅੰਦਰ ਅੰਦਰ ਖਣਨ ਕਰਨ ਵਾਲਿਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ। ਰੂਪਨਗਰ ਵਿੱਚ ਹੀ ਮਈ ਮਹੀਨੇ ਹੋਈ ਵਾਰਦਾਤ ਵਿੱਚ, ਸਿਪਾਹੀ ਨੇ ਦੋਸ਼ ਲਾਇਆ ਸੀ ਕਿ ਮਾਫੀਆ ਨੇ ਉਸ ਦਾ ਜਬਾੜਾ ਭੰਨ ਦਿੱਤਾ ਪਰ ਸਰਕਾਰੀ ਜਾਂਚ ਰਿਪੋਰਟ ਵਿੱਚ ਵਿੱਚ ਇਹ ਦਾਅਵਾ ਕੀਤਾ ਗਿਆ ਕਿ ਉਸ ਦਾ ਜਬਾੜਾ ਉਸ ਵਕਤ ਟੁੱਟਿਆ ਜਦੋਂ ਉਹ "ਮਾਫੀਆ ਦੇ ਬੰਦਿਆਂ ਦਾ ਪਿੱਛਾ ਕਰਦਾ" ਡਿੱਗ ਪਿਆ ਸੀ। ਇਸ ਸਭ ਕਾਸੇ ਦਾ ਮਤਲਬ ਇਹੀ ਨਿੱਕਲਦਾ ਹੈ- ਜਾਂ ਤਾਂ ਜਾਂਚ ਕਰਤਾ ਉੱਕਾ ਹੀ ਨਾਕਾਬਲ ਹਨ, ਜਾਂ ਸਿਸਟਮ ਪੂਰੀ ਤਰ੍ਹਾਂ ਗੋਡਣੀਆ ਲਾ ਚੁੱਕਾ ਹੈ ਕਿਉਂਕਿ ਸੱਤਾ ਮਾਣ ਰਹੇ ਕੁਝ 'ਖਾਸ' ਬੰਦਿਆਂ ਦੇ ਹਿਤ ਜੁੜੇ ਹੋਏ ਹਨ।

ਰੇਤ ਖਣਨ ਨਾਲ ਜੁੜੇ ਗੁੰਝਲਦਾਰ ਨੇਮ ਤੇ ਗਿਣਤੀ-ਮਿਣਤੀ ਦੇ ਮਾਪਦੰਡ ਅਤੇ ਇਸ ਸਨਅਤ ਦੀਆਂ ਭੂਗੋਲਿਕ ਖਾਸੀਅਤਾਂ ਕਾਰਨ ਉਲੰਘਣਾਵਾਂ ਸਾਬਤ ਕਰਨਾ ਔਖਾ ਹੈ। ਅਣਪਛਾਤੇ ਲੋਕ ਅਕਸਰ ਹੀ ਅਲਾਟ ਹੋਈ ਥਾਂ ਤੋਂ ਵੱਖਰੇ ਇਲਾਕੇ ਜਾਂ ਤੈਅ ਜ਼ਮੀਨ ਤੋਂ ਡੂੰਘੀ ਖੁਦਾਈ ਰਾਹੀਂ ਲਾਹਾ ਲੈ ਜਾਂਦੇ ਹਨ। ਇਸ ਨਾਲ ਸਿਆਸਤਦਾਨਾਂ-ਕਾਰੋਬਾਰੀਆਂ ਲਈ ਲਾਹੇ ਦਾ ਰਾਹ ਖੁੱਲ੍ਹ ਜਾਂਦਾ ਹੈ ਅਤੇ ਜਦੋਂ ਵਿਰੋਧੀ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਵੀ ਇਹੋ ਸਿਲਸਿਲਾ ਜਾਰੀ ਰੱਖਦੇ ਹਨ।

ਸੌਖਾ ਜਿਹਾ ਕੰਮ ਹੈ, ਖੱਡਾਂ ਵਿੱਚ ਪੈਸਾ ਦੱਬਿਆ ਪਿਆ ਹੈ ਅਤੇ ਤੁਸੀਂ ਮਸ਼ੀਨਾਂ ਰਾਹੀਂ ਖੁਦਾਈ ਕਰਕੇ ਇਹ ਕੱਢਣਾ ਹੁੰਦਾ ਹੈ। ਸੱਤਾ ਹੰਢਾਅ ਰਹੇ ਸਿਆਸਤਦਾਨ ਲਈ ਇਹ ਬਹੁਤ ਲੁਭਾਊ ਹੋ ਸਕਦਾ ਹੈ। ਪਰ ਹਰ ਅਤਿ ਦਾ ਆਪਣਾ ਸਿਆਸੀ ਨੁਕਸਾਨ ਹੁੰਦਾ ਹੈ - ਡੇਢ ਸਾਲ ਲੰਘ ਗਿਆ ਹੈ, ਅਕਾਲੀ ਅਜੇ ਤੱਕ ਰੇਤ ਅਤੇ ਨਸ਼ਿਆਂ ਦੇ ਮੁੱਦਿਆਂ 'ਤੇ ਸਰਕਾਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਤੱਕਣ ਦਾ ਹੌਸਲਾ ਨਹੀਂ ਕਰ ਸਕੇ ਹਨ। ਜੇ ਕੈਪਟਨ ਅਮਰਿੰਦਰ ਸਿੰਘ ਆਪਣੀ ਸਰਕਾਰ ਦੇ 'ਲਾਡਲਿਆਂ' ਨਾਲ ਨਜਿੱਠਣ ਦੇ ਸਮਰੱਥ ਨਹੀਂ ਹਨ, ਤਾਂ ਰੇਤਾ ਇਹ ਯਕੀਨੀ ਬਣਾ ਦੇਵੇਗਾ ਕਿ ਜਿਹੜਾ ਲੋਕ ਉਤਸ਼ਾਹ ਉਨ੍ਹਾਂ ਨੂੰ ਸੱਤਾ ਵਿੱਚ ਲਿਆਇਆ ਸੀ, ਉਹ ਰੇਤ ਨਾਲੋਂ ਵੀ ਵੱਧ ਤੇਜ਼ੀ ਨਾਲ ਉਨ੍ਹਾਂ ਦੀ ਮੁੱਠ ਵਿੱਚੋਂ ਕਿਰ ਜਾਵੇਗਾ।

# ਪੂਰਬ ਦਾ ਉਭਾਰ ਅਤੇ ਪੱਛਮ ਦਾ ਨਿਘਾਰ


ਡਾ.ਸਵਰਾਜ ਸਿੰਘ

ਪਿੱਛੇ ਜਿਹੇ ਦੋ ਸਿਖਰ ਸੰਮੇਲਨ ਸੰਪੰਨ ਹੋਏ। ਇੱਕ ਚੀਨ ਦੇ ਸ਼ਹਿਰ ਕਿੰਗਦਾਉ ਵਿੱਚ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ (ਐੱਸਸੀਓ) ਦਾ ਸਿਖਰ ਸੰਮੇਲਨ ਹੋਇਆ ਅਤੇ ਦੂਜਾ ਕੈਨੇਡਾ ਦੇ ਪ੍ਰਾਂਤ ਕਿਊਬੈਕ ਵਿੱਚ ਜੀ-7 ਦੇਸ਼ਾਂ ਦਾ ਸਿਖਰ ਸੰਮੇਲਨ ਹੋਇਆ। ਇਹ ਦੋਵੇਂ ਸਿਖਰ ਸੰਮੇਲਨ ਇੱਕ ਦੂਜੇ ਤੋਂ ਬਿਲਕੁਲ ਵੱਖਰੇ ਸਨ। ਕਿੰਗਦਾਉ ਸਿਖਰ ਸੰਮੇਲਨ ਵਿੱਚ ਮਿੱਤਰਤਾ, ਸਹਿਯੋਗ, ਸਦਭਾਵਨਾ ਅਤੇ ਇਕਸੁਰਤਾ ਵਰਗੀਆਂ ਭਾਵਨਾਵਾਂ ਦੇਖਣ ਨੂੰ ਮਿਲੀਆਂ। ਦੂਜੇ ਪਾਸੇ ਕਿਊਬੈਕ ਸਿਖਰ ਸੰਮੇਲਨ ਵਿੱਚ ਇਸ ਤੋਂ ਬਿਲਕੁਲ ਉਲਟ ਭਾਵਨਾਵਾਂ ਜਿਵੇਂ ਕਲੇਸ਼, ਦੁਸ਼ਮਣੀ, ਵਿਵਾਦ ਅਤੇ ਲੜਾਈ ਦੇਖਣ ਨੂੰ ਮਿਲੀਆਂ। ਅਜਿਹਾ ਫ਼ਰਕ ਕਿਉਂ? ਇਸ ਦਾ ਕਾਰਨ ਹੈ ਕਿ ਪੂਰਬ ਅਤੇ ਪੱਛਮ ਵੱਖ ਵੱਖ ਦਿਸ਼ਾਵਾਂ ਵੱਲ ਜਾ ਰਹੇ ਹਨ। ਪੂਰਬ ਉਭਾਰ ਦੀ ਅਵਸਥਾ ਵਿੱਚ ਹੈ ਅਤੇ ਪੱਛਮ ਨਿਘਾਰ ਦੀ ਅਵਸਥਾ ਵਿੱਚ। ਇਹ ਦੋਵੇਂ ਰੁਝਾਨ ਹਰ ਰੋਜ਼ ਜ਼ਿਆਦਾ ਸਪਸ਼ਟ ਹੋ ਰਹੇ ਹਨ।

ਕਿਊਬੈਕ ਵਿੱਚ ਜੀ-7 ਦੇਸ਼ਾਂ ਦੀ ਮੀਟਿੰਗ ਨਹੀਂ ਜਾਪਦੀ ਸੀ ਸਗੋਂ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਇੱਕ ਪਾਸੇ ਇੱਕ ਦੇਸ਼, ਅਮਰੀਕਾ ਹੈ ਅਤੇ ਦੂਜੇ ਪਾਸੇ ਛੇ ਬਾਕੀ ਮੁਲਕ ਹਨ। ਫਰਾਂਸ ਦੇ ਸਰਕਾਰੀ ਮੀਡੀਆ ਨੇ ਇਸ ਸਿਖਰ ਸੰਮੇਲਨ ਨੂੰ ਜੀ- 6+1 ਸੰਮੇਲਨ ਕਿਹਾ। ਇੰਗਲੈਂਡ, ਫਰਾਂਸ, ਜਰਮਨੀ, ਇਟਲੀ, ਜਪਾਨ ਅਤੇ ਕੈਨੇਡਾ ਇੱਕ ਪਾਸੇ ਸਨ ਜਦੋਂਕਿ ਅਮਰੀਕਾ ਇਕੱਲਾ ਦੂਜੇ ਪਾਸੇ ਸੀ। ਛੇ ਮੁਲਕਾਂ ਦੀ ਮਸਲਿਆਂ ਬਾਰੇ ਰਾਇ ਇੱਕੋ ਜਿਹੀ ਸੀ ਜਦੋਂਕਿ ਅਮਰੀਕਾ ਦੀ ਰਾਇ ਇਨ੍ਹਾਂ ਤੋਂ ਉਲਟ ਸੀ। ਅਮਰੀਕਾ ਦੇ ਪੈਰਿਸ ਜਲਵਾਯੂ ਸਮਝੌਤੇ ਤੋਂ ਬਾਹਰ ਆਉਣ ਅਤੇ ਅਮਰੀਕਾ ਦੇ ਇਰਾਨ ਨਾਲ ਪ੍ਰਮਾਣੂ ਸਮਝੌਤੇ ਤੋਂ ਬਾਹਰ ਆਉਣ ਬਾਰੇ ਇਹ ਸਾਰੇ ਮੁਲਕ ਅਮਰੀਕਾ ਦੀ ਇੱਕ-ਪੱਖੀ ਪਹੁੰਚ, ਵੱਖਵਾਦੀ ਪਹੁੰਚ ਅਤੇ ਅਮਰੀਕਾ ਦੀਆਂ ਵਪਾਰਕ ਨੀਤੀਆਂ ਖ਼ਿਲਾਫ਼ ਸਨ ਜੋ ਸਿਰਫ਼ ਅਮਰੀਕੀ ਹਿੱਤਾਂ ਦੀ ਰਾਖੀ ਲਈ ਬਣ ਰਹੀਆਂ ਹਨ ਨਾ ਕਿ ਸਾਰਿਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਅਮੈਰਿਕਾ ਫਸਟ ਅਰਥਾਤ ਅਮਰੀਕਾ ਦੇ ਹਿੱਤ ਪਹਿਲਾਂ ਦਾ ਸੰਕਲਪ ਭਾਰੂ ਹੈ। ਅਮਰੀਕਾ ਨੇ ਸਿਖਰ ਸੰਮੇਲਨ ਤੋਂ ਬਾਅਦ ਸਾਂਝੇ ਬਿਆਨ 'ਤੇ ਦਸਤਖ਼ਤ ਕਰਨ ਤੋਂ ਵੀ ਨਾਂਹ ਕਰ ਦਿੱਤੀ। ਜ਼ਾਹਿਰ ਹੈ ਕਿ ਅਮਰੀਕਾ ਨੂੰ ਸਿਰਫ਼ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰਨ ਦੀ ਹੀ ਚਿੰਤਾ ਹੈ ਅਤੇ ਉਸ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ ਕਿ ਉਸ ਦੀਆਂ ਨੀਤੀਆਂ ਦੂਜਿਆਂ ਦੇ ਹਿੱਤਾਂ ਨੂੰ ਕਿਵੇਂ ਪ੍ਰਭਾਵਿਤ ਕਰਨਗੀਆਂ।

ਅਮਰੀਕਾ ਵੱਲੋਂ ਲਏ ਗਏ ਸਟੈਂਡ ਵਿੱਚੋਂ ਸਪਸ਼ਟਤਾ ਦੀ ਘਾਟ ਅਤੇ ਦਿਸ਼ਾਹੀਣਤਾ ਦੀ ਵੀ ਝਲਕ ਪਈ। ਮਿਸਾਲ ਵਜੋਂ: ਅਮਰੀਕਾ, ਰੂਸ ਨੂੰ ਦੁਬਾਰਾ ਇਸ ਸੰਸਥਾ ਦਾ ਮੈਂਬਰ ਬਣਾ ਕੇ ਜੀ-7 ਨੂੰ ਦੁਬਾਰਾ ਜੀ-8 ਬਣਾਉਣਾ ਚਾਹੁੰਦਾ ਸੀ। ਪਰ ਇਹ ਅਮਰੀਕਾ ਹੀ ਹੈ ਜਿਸਨੇ ਯੂਰੋਪੀਅਨ ਮੁਲਕਾਂ ਨੂੰ ਮਜਬੂਰ ਕੀਤਾ ਕਿ ਉਹ ਰੂਸ 'ਤੇ ਆਰਥਿਕ ਪਾਬੰਦੀਆਂ ਲਾਉਣ ਭਾਵੇਂ ਇਹ ਪਾਬੰਦੀਆਂ ਉਨ੍ਹਾਂ ਦੇ ਹਿੱਤਾਂ ਲਈ ਬਹੁਤ ਨੁਕਸਾਨਦੇਹ ਹੋਣੀਆਂ ਸਨ। ਯੂਰੋਪੀਅਨ ਮੁਲਕ ਆਪਣੀਆਂ ਊਰਜਾ ਲੋੜਾਂ ਲਈ ਰੂਸ 'ਤੇ ਬਹੁਤ ਨਿਰਭਰ ਕਰਦੇ ਹਨ। ਮੱਧ ਪੂਰਬੀ ਮੁਲਕਾਂ ਵਿੱਚੋਂ ਯੂਰੋਪ ਵਿੱਚ ਤੇਲ ਜਾਂ ਗੈਸ ਲਿਆਉਣਾ ਰੂਸ ਤੋਂ ਤੇਲ ਜਾਂ ਗੈਸ ਲਿਆਉਣ ਨਾਲੋਂ ਘੱਟ ਸੁਰੱਖਿਅਤ ਹੈ ਕਿਉਂਕਿ ਮੱਧ ਪੂਰਬ ਵਿੱਚ ਕਈ ਮੁਲਕਾਂ ਦੀ ਇੱਕ-ਦੂਜੇ ਨਾਲ ਲੜਾਈ ਚੱਲ ਰਹੀ ਹੈ ਅਤੇ ਜ਼ਿਆਦਾਤਰ ਮਾਹੌਲ ਤਣਾਅ ਵਾਲਾ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਅਮਰੀਕਾ ਤੋਂ ਤੇਲ ਜਾਂ ਗੈਸ ਯੂਰੋਪ ਵਿੱਚ ਲਿਆਉਣਾ ਉਨ੍ਹਾਂ ਨੂੰ ਰੂਸ ਤੋਂ ਲਿਆਉਣ ਨਾਲੋਂ ਬਹੁਤ ਮਹਿੰਗਾ ਪੈਂਦਾ ਹੈ। ਅਮਰੀਕਾ ਚਾਹੁੰਦਾ ਹੈ ਕਿ ਜਦੋਂ ਉਹ ਆਪਣੇ ਸ਼ੈੱਲ ਸਟੋਨ ਫੀਲਡ ਤੋਂ ਤੇਲ ਕੱਢਣ ਦੀ ਤਕਨਾਲੋਜੀ ਵਿਕਸਿਤ ਕਰ ਲਵੇ ਤਾਂ ਇਹ ਤੇਲ ਉਹ ਯੂਰੋਪ ਨੂੰ ਵੇਚੇ ਭਾਵੇਂ ਯੂਰੋਪ ਨੂੰ ਇਹ ਤੇਲ ਖਰੀਦਣਾ ਕਿੰਨਾ ਵੀ ਮਹਿੰਗਾ ਕਿਉਂ ਨਾ ਪਵੇ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਸਭ ਤੋਂ ਵੱਧ ਆਪਣੀ ਭੜਾਸ ਕੱਢੀ। ਉਸ ਨੂੰ ਕਮਜ਼ੋਰ ਅਤੇ ਧੋਖੇਬਾਜ਼ ਵਰਗੇ ਸ਼ਬਦਾਂ ਨਾਲ ਨਿਵਾਜਿਆ। ਪਹਿਲਾਂ ਕਦੇ ਵੀ ਕਿਸੇ ਅਮਰੀਕੀ ਰਾਸ਼ਟਰਪਤੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਕੌਮਾਂਤਰੀ ਸਿਆਸਤ ਵਿੱਚ ਕਿਸੇ ਜ਼ਿੰਮੇਵਾਰ ਨੇਤਾ ਨੇ ਦੂਜੇ ਨੇਤਾਵਾਂ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਟਰੰਪ ਇਹ ਕਹਿ ਕੇ ਸਿਖਰ ਸੰਮੇਲਨ ਖ਼ਤਮ ਹੋਣ ਤੋਂ ਪਹਿਲਾਂ ਹੀ ਚਲੇ ਗਏ ਕਿ ਉਨ੍ਹਾਂ ਨੇ ਉੱਤਰੀ ਕੋਰੀਆ ਦੇ ਸ਼ਾਸਕ ਕਿਮ ਜੌਂਗ ਉਨ ਨਾਲ ਮੀਟਿੰਗ ਕਰਨ ਲਈ ਸਿੰਗਾਪੁਰ ਜਾਣਾ ਹੈ। ਪਰ ਉਹ ਅਮਰੀਕੀ ਪ੍ਰਤੀਨਿਧ ਮੰਡਲ ਲਈ ਇਹ ਹਦਾਇਤ ਛੱਡ ਗਏ ਕਿ ਸਿਖਰ ਸੰਮੇਲਨ ਦੇ ਸਾਂਝੇ ਬਿਆਨ 'ਤੇ ਦਸਤਖ਼ਤ ਨਾ ਕਰਨ। ਅਮਰੀਕਾ ਦੇ ਇਸ ਵਤੀਰੇ ਦਾ ਸੰਸਾਰ ਦੇ ਬਹੁਤ ਸਾਰੇ ਸਿਆਸੀ ਮਾਹਿਰਾਂ ਨੇ ਖੰਡਨ ਕੀਤਾ। ਇਨ੍ਹਾਂ ਵਿੱਚ ਬਹੁਤ ਸਾਰੇ ਅਮਰੀਕੀ ਵੀ ਸ਼ਾਮਲ ਸਨ ਜੋ ਅਮਰੀਕੀ ਸਰਕਾਰ ਵਿੱਚ ਬਹੁਤ ਉੱਚੇ ਅਹੁਦਿਆਂ 'ਤੇ ਰਹਿ ਚੁੱਕੇ ਹਨ। ਇਸੇ ਤਰ੍ਹਾਂ ਬਹੁਤ ਸਾਰੇ ਕੂਟਨੀਤਕ ਮਾਹਿਰਾਂ ਨੇ ਵੀ ਅਮਰੀਕਾ ਦੇ ਅਜਿਹੇ ਵਤੀਰੇ ਦੀ ਨਿਖੇਧੀ ਕੀਤੀ। ਅਮਰੀਕਾ ਤੇ ਯੂਰੋਪ ਪੱਛਮੀ ਗੱਠਜੋੜ ਦੇ ਦੋ ਥੰਮ੍ਹ ਕਹੇ ਜਾ ਸਕਦੇ ਹਨ। ਇਹ ਸਪਸ਼ਟ ਹੋ ਰਿਹਾ ਹੈ ਕਿ ਇਨ੍ਹਾਂ ਦੋਵਾਂ ਵਿੱਚ ਪਾੜਾ ਵਧਦਾ ਜਾ ਰਿਹਾ ਹੈ। ਯੂਰੋਪ ਨੂੰ ਹੁਣ ਅਮਰੀਕਾ ਇੱਕ ਸੰਪਤੀ ਨਾਲੋਂ ਦੇਣਦਾਰੀ ਜ਼ਿਆਦਾ ਲੱਗ ਰਿਹਾ ਹੈ। ਯੂਰੋਪ ਨੂੰ ਲੱਗ ਰਿਹਾ ਹੈ ਕਿ ਕੌਮਾਂਤਰੀ ਪੱਧਰ 'ਤੇ ਅਮਰੀਕਾ ਦਾ ਰਸੂਖ ਘਟ ਰਿਹਾ ਹੈ ਜਦੋਂਕਿ ਚੀਨ ਅਤੇ ਰੂਸ ਦਾ ਰਸੂਖ ਵਧ ਰਿਹਾ ਹੈ। ਯੂਰੋਪ ਨੂੰ ਲੱਗ ਰਿਹਾ ਹੈ ਕਿ ਉਸ ਲਈ ਰੂਸ ਅਤੇ ਚੀਨ, ਅਮਰੀਕਾ ਨਾਲੋਂ ਜ਼ਿਆਦਾ ਫਾਇਦੇਮੰਦ ਸਾਬਿਤ ਹੋ ਸਕਦੇ ਹਨ। ਯੂਰੋਪ ਨੇ ਲਗਪਗ ਸਵੀਕਾਰ ਕਰ ਹੀ ਲਿਆ ਹੈ ਕਿ ਅਮਰੀਕਾ ਦੀ ਸਰਦਾਰੀ ਹੇਠ ਇੱਕ ਧਰੁਵੀ ਸੰਸਾਰ ਹੁਣ ਬਹੁ-ਧਰੁਵੀ ਬਣ ਚੁੱਕਾ ਹੈ ਅਤੇ ਉਸ ਨੂੰ ਇਸ ਨਵੀਂ ਵਿਵਸਥਾ ਵਿੱਚ ਆਪਣਾ ਸਥਾਨ ਨਿਰਧਾਰਤ ਕਰਨਾ ਪਵੇਗਾ।

ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ ਦਾ ਸਿਖਰ ਸੰਮੇਲਨ ਚੀਨ ਦੇ ਸ਼ਹਿਰ ਚਿੰਗਦਾਉ ਵਿੱਚ ਹੋਇਆ। ਇਸ ਵਿੱਚ ਅੱਠ ਮੁਲਕਾਂ ਦੇ ਨੇਤਾਵਾਂ ਨੇ ਹਿੱਸਾ ਲਿਆ: ਰੂਸ, ਚੀਨ, ਭਾਰਤ, ਪਾਕਿਸਤਾਨ, ਕਜ਼ਾਕਿਸਤਾਨ, ਕਿਰਗਿਜ਼ਸਤਾਨ, ਤਾਜਿਕਸਤਾਨ ਅਤੇ ਉਜ਼ਬੇਕਿਸਤਾਨ। ਇਨ੍ਹਾਂ ਤੋਂ ਇਲਾਵਾ ਅਫ਼ਗਾਨਿਸਤਾਨ, ਬੇਲਾਰੂਸ, ਇਰਾਨ ਅਤੇ ਮੰਗੋਲੀਆ ਦੇ ਨੇਤਾਵਾਂ ਨੇ ਦਰਸ਼ਕਾਂ ਵਜੋਂ ਸ਼ਮੂਲੀਅਤ ਕੀਤੀ। ਇਹ ਮੁਲਕ ਵੀ ਸੰਸਥਾ ਦੇ ਮੈਂਬਰ ਬਣਨਾ ਚਾਹੁੰਦੇ ਹਨ। ਇੱਥੇ ਕਿਊਬੈਕ ਨਾਲੋਂ ਬਿਲਕੁਲ ਵੱਖਰਾ ਮਾਹੌਲ ਸੀ। ਇੱਥੇ ਮੰਤਵ ਦੀ ਸਾਂਝ, ਏਕਾ, ਸਦਭਾਵਨਾ ਅਤੇ ਇਕਸੁਰਤਾ ਦੇਖਣ ਨੂੰ ਮਿਲੇ। ਇਸ ਦੇ ਦੋ ਵੱਡੇ ਥੰਮ੍ਹਾਂ ਅਰਥਾਤ ਰੂਸ ਅਤੇ ਚੀਨ ਵਿੱਚ ਬਹੁਤ ਏਕਾ ਤੇ ਸਾਂਝ ਨਜ਼ਰ ਆਈ ਅਤੇ ਉਹ ਇੱਕ ਦੂਜੇ ਦੇ ਹੋਰ ਵੀ ਨੇੜੇ ਆ ਰਹੇ ਹਨ। ਚੀਨ ਨੇ ਆਪਣੇ ਦੇਸ਼ ਦਾ ਸਭ ਤੋਂ ਵੱਡਾ ਸਨਮਾਨ ਪੂਤਿਨ ਨੂੰ ਦਿੱਤਾ। ਭਾਰਤ ਨੇ ਚੀਨ ਦੀ ਇੱਕ ਪੱਟੀ ਇੱਕ ਸੜਕ (ਵਨ ਬੈਲਟ ਵਨ ਰੋਡ) ਯੋਜਨਾ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਹ ਕਸ਼ਮੀਰ ਦੇ ਉਸ ਹਿੱਸੇ ਵਿੱਚੋਂ ਲੰਘਦੀ ਹੈ ਜਿਸਨੂੰ ਭਾਰਤ ਆਪਣਾ ਇਲਾਕਾ ਮੰਨਦਾ ਹੈ। ਭਾਰਤ ਦੇ ਇਸ ਸਟੈਂਡ ਤੋਂ ਇਲਾਵਾ ਸਿਖਰ ਸੰਮੇਲਨ ਵਿੱਚ ਲਗਪਗ ਪੂਰਨ ਸਹਿਮਤੀ ਸੀ। ਭਾਰਤ ਦੇ ਚੀਨ ਨਾਲ ਸਬੰਧ ਲਗਾਤਾਰ ਸੁਧਰਦੇ ਨਜ਼ਰ ਆਏ ਅਤੇ ਪਾਕਿਸਤਾਨ ਨਾਲ ਵੀ ਰਿਸ਼ਤਿਆਂ ਵਿੱਚ ਤਣਾਅ ਘਟਦਾ ਨਜ਼ਰ ਆਇਆ। ਸਮੁੱਚੇ ਤੌਰ 'ਤੇ ਭਾਰਤ ਸਿਖਰ ਸੰਮੇਲਨ ਤੋਂ ਸੰਤੁਸ਼ਟ ਨਜ਼ਰ ਆਇਆ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਚਿੰਗਦਾਉ ਚੀਨ ਦੇ ਮਹਾਨ ਫਿਲਾਸਫਰ ਕਨਫਿਊਸ਼ੀਅਸ ਦੀ ਜਨਮ-ਭੂਮੀ ਹੈ ਅਤੇ ਉਸ ਦਾ ਫਲਸਫਾ ਅਨੁਸ਼ਾਸਨ, ਵਿਵਸਥਾ ਅਤੇ ਇਕਸੁਰਤਾ ਕਾਇਮ ਰੱਖਣ 'ਤੇ ਜ਼ੋਰ ਦਿੰਦਾ ਹੈ। ਜ਼ਾਹਿਰ ਹੈ ਕਿ ਪੱਛਮੀ ਨਿਘਾਰ ਦੁਨੀਆਂ ਨੂੰ ਅਸਥਿਰਤਾ, ਘੁਸਪੈਠ ਅਤੇ ਅਰਾਜਕਤਾ ਵੱਲ ਧੱਕ ਰਿਹਾ ਹੈ। ਜੇ ਅਸੀਂ ਸੰਸਾਰ ਵਿੱਚ ਵਿਵਸਥਾ, ਅਨੁਸ਼ਾਸਨ, ਇਕਸੁਰਤਾ ਅਤੇ ਸ਼ਾਂਤੀ ਕਾਇਮ ਰੱਖਣਾ ਚਾਹੁੰਦੇ ਹਾਂ ਤਾਂ ਅੱਜ ਸੰਸਾਰ ਨੂੰ ਪੂਰਬ ਦੀ ਅਗਵਾਈ ਨੂੰ ਸਵੀਕਾਰਨਾ ਪਵੇਗਾ। ਪੱਛਮੀ ਸਰਮਾਏਦਾਰੀ ਦਾ ਅੰਤ ਅਨੁਸ਼ਾਸਨਹੀਣਤਾ, ਅਸਥਿਰਤਾ, ਘੜਮੱਸ ਅਤੇ ਅਰਾਜਕਤਾ ਵਿੱਚ ਨਿਕਲਣਾ ਲਾਜ਼ਮੀ ਹੈ। ਬਹੁਤ ਸਾਰੇ ਭਾਰਤੀ ਬੁੱਧੀਜੀਵੀਆਂ ਨੂੰ ਪੱਛਮ ਤੋਂ ਗੈਰ-ਯਥਾਰਥਵਾਦੀ ਉਮੀਦਾਂ ਸਨ। ਅਮਰੀਕਾ ਦੀ ਡਿੱਗ ਰਹੀ ਸਾਖ ਉਨ੍ਹਾਂ ਦੀ ਸੋਚ ਨੂੰ ਪੱਛਮਵਾਦ ਅਤੇ ਅਮਰੀਕਾ ਵੱਲ ਉਲਾਰ ਤੋਂ ਮੁਕਤ ਹੋਣ ਵਿੱਚ ਸਹਾਈ ਹੋਵੇਗੀ। ਜੇ ਰੂਸ, ਚੀਨ ਅਤੇ ਭਾਰਤ ਮਿਲ ਕੇ ਅਜੋਕੇ ਸੰਸਾਰ ਦੀ ਅਗਵਾਈ ਸੰਭਾਲ ਲੈਣ ਤਾਂ ਸਾਰੇ ਸੰਸਾਰ ਲਈ ਬਿਹਤਰ ਹੋਵੇਗਾ।

**ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਸਭ ਤੋਂ ਵੱਧ ਆਪਣੀ ਭੜਾਸ ਕੱਢੀ। ਉਸ ਨੂੰ ਕਮਜ਼ੋਰ ਅਤੇ ਧੋਖੇਬਾਜ਼ ਵਰਗੇ ਸ਼ਬਦਾਂ ਨਾਲ ਨਿਵਾਜਿਆ। ਪਹਿਲਾਂ ਕਦੇ ਵੀ ਕਿਸੇ ਅਮਰੀਕੀ ਰਾਸ਼ਟਰਪਤੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਕੌਮਾਂਤਰੀ ਸਿਆਸਤ ਵਿੱਚ ਕਿਸੇ ਜ਼ਿੰਮੇਵਾਰ ਨੇਤਾ ਨੇ ਦੂਜੇ ਨੇਤਾਵਾਂ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਟਰੰਪ ਇਹ ਕਹਿ ਕੇ ਸਿਖਰ ਸੰਮੇਲਨ ਖ਼ਤਮ ਹੋਣ ਤੋਂ ਪਹਿਲਾਂ ਹੀ ਚਲੇ ਗਏ ਕਿ ਉਨ੍ਹਾਂ ਨੇ ਉੱਤਰੀ ਕੋਰੀਆ ਦੇ ਸ਼ਾਸਕ ਕਿਮ ਜੌਂਗ ਉਨ ਨਾਲ ਮੀਟਿੰਗ ਕਰਨ ਲਈ ਸਿੰਗਾਪੁਰ ਜਾਣਾ ਹੈ। ਪਰ ਉਹ ਅਮਰੀਕੀ ਪ੍ਰਤੀਨਿਧ ਮੰਡਲ ਲਈ ਇਹ ਹਦਾਇਤ ਛੱਡ ਗਏ ਕਿ ਸਿਖਰ ਸੰਮੇਲਨ ਦੇ ਸਾਂਝੇ ਬਿਆਨ 'ਤੇ ਦਸਤਖ਼ਤ ਨਾ ਕਰਨ। ਅਮਰੀਕਾ ਦੇ ਇਸ ਵਤੀਰੇ ਦਾ ਸੰਸਾਰ ਦੇ ਬਹੁਤ ਸਾਰੇ ਸਿਆਸੀ ਮਾਹਿਰਾਂ ਨੇ ਖੰਡਨ ਕੀਤਾ। ਇਨ੍ਹਾਂ ਵਿੱਚ ਬਹੁਤ ਸਾਰੇ ਅਮਰੀਕੀ ਵੀ ਸ਼ਾਮਲ ਸਨ ਜੋ ਅਮਰੀਕੀ ਸਰਕਾਰ ਵਿੱਚ ਬਹੁਤ ਉੱਚੇ ਅਹੁਦਿਆਂ 'ਤੇ ਰਹਿ ਚੁੱਕੇ ਹਨ। ਇਸੇ ਤਰ੍ਹਾਂ ਬਹੁਤ ਸਾਰੇ ਕੂਟਨੀਤਕ ਮਾਹਿਰਾਂ ਨੇ ਵੀ ਅਮਰੀਕਾ ਦੇ ਅਜਿਹੇ ਵਤੀਰੇ ਦੀ ਨਿਖੇਧੀ ਕੀਤੀ। ਅਮਰੀਕਾ ਤੇ ਯੂਰੋਪ ਪੱਛਮੀ ਗੱਠਜੋੜ ਦੇ ਦੋ ਥੰਮ੍ਹ ਕਹੇ ਜਾ ਸਕਦੇ ਹਨ। ਇਹ ਸਪਸ਼ਟ ਹੋ ਰਿਹਾ ਹੈ ਕਿ ਇਨ੍ਹਾਂ ਦੋਵਾਂ ਵਿੱਚ ਪਾੜਾ ਵਧਦਾ ਜਾ ਰਿਹਾ ਹੈ। ਯੂਰੋਪ ਨੂੰ ਹੁਣ ਅਮਰੀਕਾ ਇੱਕ ਸੰਪਤੀ ਨਾਲੋਂ ਦੇਣਦਾਰੀ ਜ਼ਿਆਦਾ ਲੱਗ ਰਿਹਾ ਹੈ।**

# ਸੀ-ਹਰਫ਼ੀਆਂ ਹਰੀ ਸਿੰਘ ਨਲਵਾ

## ਜੰਗ ਪਸ਼ੌਰ ਸਿੰਘਾਂ ਤੇ ਪਠਾਣਾਂ ਦੀ (ਸੀ-ਹਰਫ਼ੀ ਅੱਵਲ)




ਸੀ-ਹਰਫ਼ੀ ਸ਼ਿਸ਼ਮ
ਅਲਫ਼ ਅੱਗ ਲੜਾਈ ਦੀ ਭੜਕ ਉੱਠੀ
ਫੂਲਾ ਸਿੰਘ ਜਾਂ ਹੋਇਆ ਸ਼ਹੀਦ ਮੀਆਂ ।
ਜਿਵੇਂ ਅੱਗ ਬਾਰੂਦ ਨੂੰ ਲੱਗ ਜਾਵੇ
ਖਿੱਲਰ ਗਈ ਨਜ਼ਦੀਕ ਬਈਦ ਮੀਆਂ ।
ਦੋਵੇਂ ਸਿੱਖ ਪਠਾਣ ਪਏ ਹੋਣ ਡੱਕਰੇ
ਜਿਵੇਂ ਬੱਕਰੇ ਰੋਜ਼ ਬਕਰ-ਈਦ ਮੀਆਂ ।
ਕਾਦਰਯਾਰ ਮਰਦੇ ਗੀਦੀ ਨਾਲ ਡਰ ਦੇ
ਪਰ ਬਹਾਦੁਰਾਂ ਨੂੰ ਹੋਈ ਈਦ ਮੀਆਂ ।੧।

ਬੇ ਬੰਦੂਕ਼ ਦੀ ਕੂਕ ਨੂੰ ਕੌਣ ਸੁਣਦਾ
ਜਿਥੋਂ ਤੋਪਾਂ ਨੇ ਪਾਈ ਏ ਗੱਜ ਯਾਰੋ ।
ਧੂੰਆਂ ਧਾਰ ਤੇ ਗਰਦ ਗ਼ੁਬਾਰ ਨੇ ਜੀ
ਲਿਆ ਸਾਰੇ ਮੈਦਾਨ ਨੂੰ ਕੱਜ ਯਾਰੋ ।
ਅਜ਼ਰਾਈਲ ਤਿਆਰ ਹੋ ਕੋਲ ਖਲ੍ਹਾ
ਢੋਲ ਮੌਤ ਵਾਲਾ ਗਿਆ ਵੱਜ ਯਾਰੋ ।
ਕਾਦਰਯਾਰ ਇਕ ਵਾਰ ਤਾਂ ਯਾਦ ਰਖਸੀ
ਜੇਹੜਾ ਜੀਵਦਾ ਰਹੇਗਾ ਅੱਜ ਯਾਰੋ ।੨।

ਜਿਵੇਂ ਸ਼ਮਾ ਤੇ ਜਾਏ ਪਤੰਗ ਯਾਰੋ ।
ਕਾਦਰਯਾਰ ਪਠਾਣ ਤੇ ਸਿੱਖ ਦੋਵੇਂ
ਦਿੱਤੇ ਹੁਣ ਤਕਦੀਰ ਨੇ ਡੰਗ ਯਾਰੋ ।੬।

ਚੇ ਚੁਸਤੀ ਦੇ ਨਾਲ ਦੁੱਰਾਨੀਆਂ ਨੇ
ਖਿੱਚੀ ਗੁੱਸੇ ਦੇ ਨਾਲ ਤਲਵਾਰ ਯਾਰੋ ।
ਕਾਇਮ ਹੋਕੇ ਆਪਣੀ ਜਗਾ ਉੱਤੇ
ਨਾਹਰਾ ਮਾਰਦੇ ਖ਼ੂਬ ਲਲਕਾਰ ਯਾਰੋ ।
ਜਿਵੇਂ ਸ਼ੇਰ ਬੱਗੇ ਸਿਖ ਗਲੇ ਲੱਗੇ
ਸ਼ੁਰੂ ਹੋਈ ਤਲਵਾਰ ਦੀ ਮਾਰ ਯਾਰੋ ।
ਕਾਦਰਯਾਰ ਵਿਚਾਰ ਦੇ ਨਾਲ ਦੇਖੋ
ਸਿੱਖ ਇੱਕ ਪਠਾਣ ਜੇ ਚਾਰ ਯਾਰੋ ।੭।

ਹੇ ਹਲਾਲ ਦਾ ਚੰਨ ਜਿਵੇਂ ਚਮਕਦਾ ਏ
ਤਿਵੇਂ ਚਮਕਦੀ ਪਈ ਸ਼ਮਸ਼ੇਰ ਮੀਆਂ ।
ਇਕ ਵਾਰ ਜੇਹਨੂੰ ਧਾਰ ਵਹਿ ਜਾਵੇ
ਤਾਬ ਰਹੇ ਨਾ ਲੜਨ ਦੀ ਫੇਰ ਮੀਆਂ ।
ਜ਼ਿਮੀਂ ਲਹੂ ਦੇ ਨਾਲ ਤਾਂ ਲਾਲ ਹੋਈ
ਲੱਗੇ ਮੁਰਦਿਆਂ ਦੇ ਆਣ ਢੇਰ ਮੀਆਂ ।
ਕਾਦਰਯਾਰ ਆ ਕਹਿਰ ਨੇ ਜ਼ੋਰ ਪਾਇਆ
ਉੱਡ ਗਈ ਜਹਾਨ ਤੋਂ ਮਿਹਰ ਮੀਆਂ ।੮।

ਖ਼ੇ ਖ਼ੂਬ ਲੜਦੇ ਸਿੰਘ ਗੱਡ ਕੇ ਜੀ
ਕੱਢ ਦਿੱਤਾ ਪਠਾਣਾਂ ਦਾ ਧੂੰ ਮੀਆਂ ।
ਨਾਲ ਤੇਗ਼ ਫੱਟੇ ਕੀਤੇ ਦੰਦ ਖੱਟੇ
ਯਾਦ ਆਂਵਦਾ ਤੂੰ ਹੀ ਤੂੰ ਮੀਆਂ ।
ਇਕ ਦੂਸਰੇ ਨੂੰ ਕਤਲ ਕਰਨ ਯਾਰੋ
ਜਿਵੇਂ ਰੰਨ ਚਾ ਮਾਰਦੀ ਜੂੰ ਮੀਆਂ ।
ਕਾਦਰਯਾਰ ਤਲਵਾਰ ਚਲਾਈ ਸਿੱਖਾਂ
ਜਿਵੇਂ ਪੇਂਜਾ ਹੈ ਪਿੰਜਦਾ ਰੂੰ ਮੀਆਂ ।੯।

ਦਾਲ ਦੱਬ ਕੇ ਖ਼ਾਲਸਾ ਫੌਜ ਲੜੀ
ਜਿਵੇਂ ਚੜ੍ਹੀ ਝਨਾਂ ਦੀ ਕਾਂਗ ਯਾਰੋ ।
ਪਸ਼ੇਮਾਨ ਤੇ ਹੋ ਹੈਰਾਨ ਖਲ੍ਹੇ
ਭੁਲ ਗਈ ਪਠਾਣਾਂ ਨੂੰ ਬਾਂਗ ਯਾਰੋ ।
ਸਹਿੰਦੇ ਫੜਕ ਨਾ ਕੜਕਦੇ ਨਾਲ ਤੇਗਾਂ

ਐਪਰ ਪੇਸ਼ ਨਾ ਜਾਂਵਦੀ ਏਕ ਮੀਆਂ ।
ਕੇਹੜਾ ਪਾੜ ਤਲਵਾਰ ਦੇ ਆਣ ਮੇਲੇ
ਹਾੜ੍ਹੇ ਲਾ ਕੇ ਥੱਕੇ ਅਨੇਕ ਮੀਆਂ ।
ਕੰਧਾਂ ਕਾਬਲ ਦੀਆਂ ਗਈਆਂ ਕੰਬ ਯਾਰੋ
ਪਹੁੰਚਾ ਜਾ ਕੰਧਾਰ ਨੂੰ ਸੇਕ ਮੀਆਂ ।
ਕਾਦਰਯਾਰ ਪਠਾਣਾਂ ਦੇ ਵਿਚ ਸੀਨੇ
ਪਾਇਆ ਸ਼ਰਮ ਦੇ ਵਰਮ ਨੇ ਛੇਕ ਮੀਆਂ ।੧੪।

ਸੀਨ ਸਿੱਖਾਂ ਨੇ ਅੱਡੇ ਮੁਕਾ ਛੱਡੇ
ਪਏ ਧਾਰ ਤਲਵਾਰ ਨੂੰ ਆਣ ਫੱਡੇ ।
ਮਾਰ ਮਾਰ ਕੇ ਲਾ ਅੰਬਾਰ ਦਿੱਤੇ
ਯਾਰੋ ਸਿੱਖ ਤਲਵਾਰ ਦੇ ਧਨੀ ਵੱਡੇ ।
ਨਾਲ ਜੋਸ਼ ਪਠਾਣਾਂ ਤੋਂ ਤਰੋੜ ਦਿੱਤਾ
ਜਿਵੇਂ ਖੋਰ ਪੈ ਜਾਂਵਦੇ ਮਸਤ ਸੱਢੇ ।
ਕਾਦਰਯਾਰ ਲਲਕਾਰ ਵੰਗਾਰ ਦੇ ਨੇ
ਮਾਝੇ ਮਾਲਵੇ ਦੇ ਹੁਸ਼ਿਆਰ ਨੱਢੇ ।੧੫।

ਸ਼ੀਨ ਸ਼ੋਰ ਦਾ ਜ਼ੋਰ ਹੁਣ ਬਹੁਤ ਹੋਇਆ
ਡਾਢੀ ਆਣ ਹੋਈ ਸ਼ੁਰੂ ਕੱਟ ਯਾਰੋ ।
ਸਿਰ ਸੱਟ ਕੇ ਪਏ ਪਠਾਣ ਲੜਦੇ
ਦਿੱਤਾ ਸੈਆਂ ਨਿਹੰਗਾਂ ਨੂੰ ਫੱਟ ਯਾਰੋ ।
ਝਟ ਸਿੱਖ ਆਪਣਾ ਬਦਲਾ ਲੈਣ ਕਾਰਣ
ਵਾਂਗ ਬਾਜ਼ਾਂ ਦੇ ਮਾਰਦੇ ਝੱਟ ਯਾਰੋ ।
ਕਾਦਰਯਾਰ ਪਠਾਣਾਂ ਦੀ ਫੌਜ ਅੰਦਰ
ਪਿਆ ਆਣ ਕੇ ਹੁਣ ਕੁਰਲੱਟ ਯਾਰੋ ।੧੬।

ਸੁਆਦ ਸਾਫ਼ ਲੜਾਈ ਦਾ ਹਾਲ ਸਾਰਾ
ਇੱਕ ਉੱਚੀ ਪਹਾੜੀ ਦੇ ਸਿਰੇ ਚੜ੍ਹਕੇ ।
ਰਣਜੀਤ ਸਿੰਘ ਸਰਕਾਰ ਨੇ ਆਪ ਡਿੱਠਾ
ਅੱਖੀਂ ਨਾਲ ਯਾਰੋ ਦੂਰਬੀਨ ਧਰ ਕੇ ।
ਕਿਸ ਤਰ੍ਹਾਂ ਨਿਹੰਗਾਂ ਨੇ ਪਕੜ ਤੇਗਾਂ
ਲਾਹ ਦਿੱਤੇ ਪਠਾਣਾਂ ਦੇ ਮਾਰ ਫੜਕੇ ।
ਕਾਦਰਯਾਰ ਸਰਕਾਰ ਮਾਲੂਮ ਕੀਤਾ
ਦਿਲ ਵਿਚ ਹੁਣ ਸਭ ਪਠਾਣ ਧੜਕੇ ।੧੭।

ਜ਼ੁਆਦ ਜ਼ਰੂਰ ਸਰਕਾਰ ਦੇ ਨਾਲ ਯਾਰੋ




ਦਿੱਤੀ ਉੱਤੇ ਮੈਦਾਨ ਦੇ ਕੰਡ ਮੀਆਂ ।੨੧।

ਗ਼ੈਨ ਗ਼ਰੂਰ ਦੇ ਨਾਲ ਨਿਹੰਗ ਸਾਰੇ
ਨੱਸਦੇ ਗ਼ਾਜ਼ੀਆਂ ਨੂੰ ਕਰਦੇ ਚੂਰ ਯਾਰੋ ।
ਇਕ ਆਣ ਦੇ ਵਿਚ ਮੈਦਾਨ ਸਾਰਾ
ਹੋਇਆ ਮੁਰਦਿਆਂ ਨਾਲ ਭਰਪੂਰ ਯਾਰੋ ।
ਨੇੜੇ ਰਹਿਆ ਨਾ ਇਕ ਪਠਾਣ ਜ਼ਿੰਦਾ
ਬਚ ਗਿਆ ਜੇਹੜਾ ਗਿਆ ਦੂਰ ਯਾਰੋ ।

ਕੇਹੜੀ ਥਾਂ ਜਿੱਥੇ ਉਹਦਾ ਰਾਜ ਨਾਹੀਂ ।
ਬਿਨਾਂ ਹੁਕਮ ਕੋਈ ਤਾਜ਼ ਨੂੰ ਨਹੀਂ ਪਾਵੇ
ਬਿਨਾਂ ਹੁਕਮ ਆਵੇ ਕਿਸੇ ਭਾਜ ਨਾਹੀਂ ।
ਕਾਦਰਯਾਰ ਖ਼ੁਰਸੰਦ ਹੈ ਉਹ ਬੰਦਾ
ਬਿਨਾਂ ਬੰਦਗੀ ਦੇ ਦੂਜਾ ਕਾਜ ਨਾਹੀਂ ।੨੬।

ਲਾਮ ਲੰਘ ਗਿਆ ਰੋਜ਼ ਜੰਗ ਵਾਲਾ
ਉੱਤੋਂ ਮੂੰਹ ਆਈ ਕਾਲੀ ਰਾਤ ਯਾਰੋ ।

ਇਬਰਾਹੀਮ ਲੋਧੀ ਨੇ ਭਾਰਤ ਤੇ 1451 ਵਿਚ ਰਾਜ ਕੀਤਾ ਸੀ। ਬਾਬਰ ਨੇ 1526 ਵਿਚ ਹਮਲਾ ਕਰਕੇ ਇਸ ਰਾਜ ਦਾ ਖਾਤਮਾ ਕੀਤਾ। ਮੁਗਲ ਰਾਜ ਦੀ ਸਥਾਪਨਾ ਕੀਤੀ। ਜਾਨਣਯੋਗ ਗੱਲ ਇਹ ਹੈ ਕਿ ਦੌਲਤ ਖਾਂ ਲੋਧੀ ਜੋ ਕਿ ਲਾਹੌਰ ਦਾ ਗਵਰਨ ਸੀ, ਨੇ ਹੀ ਬਾਬਰ ਨੂੰ ਸੱਦਾ ਦਿੱਤਾ ਸੀ। ਇਬਰਾਹੀਮ ਲੋਧੀ ਦਾ ਦਿੱਲੀ ਤੋਂ ਰਾਜ ਦਾ ਖਾਤਮਾ ਕਰ ਦਿੱਤਾ।

ਕਾਦਰਯਾਰ 1802 ਵਿਚ ਮਾਛੀਕੇ ਗੁਜਰਾਂਵਾਲਾ ਵਿਚ ਪੈਦਾ ਹੋਇਆ। ਉਹ ਸੰਧੂ ਜੱਟ ਮੁਸਲਿਮ ਪਰਿਵਾਰ ਨਾਲ ਸਬੰਧਤ ਸਨ। ਉਹਨਾਂ ਨੇ ਪਹਿਲਾਂ ਕਿੱਸਾ 'ਪੂਰਨ ਭਗਤ' ਤੇ 'ਰਾਜਾ ਰਸਾਲ' ਲਿਖੇ ਤੇ ਇਹਨਾ ਕ੍ਰਿਤਾਂ ਨਾਲ ਮਸ਼ਹੂਰ ਹੋਏ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਵੀ ਗੁਜਰਾਂਵਾਲਾ ਤੋਂ ਸਨ। ਕਾਦਰਯਾਰ ਦੀ ਉਹਨਾਂ ਦੇ ਦਰਬਾਰ 'ਚ ਕਾਫੀ ਨੇੜਤਾ ਸੀ।

ਇਸ ਕਵਿਤਾ ਦੀ ਖਾਸੀਅਤ ਇਹ ਹੈ ਕਿ ਕਾਦਰਯਾਰ ਨੇ ਮੁਸਲਿਮ ਹੋਣ ਦੇ ਨਾਤੇ ਵੀ ਇਹ ਕਵਿਤਾ ਪੰਜਾਬੀਅਤ ਦੇ ਨਜ਼ਰੀਏ ਤੋਂ ਲਿਖੀ ਹੈ। ਕਾਦਰਯਾਰ ਅਫਗਾਨ ਲੋਧੀਆਂ ਦੇ ਕੋਈ ਹਮਾਇਤੀ ਨਹੀਂ ਸਨ।




ਪੇ ਪਏ ਤ੍ਰਭਕਦੇ ਉੱਠ ਘੋੜੇ
ਹੋਏ ਕੰਨ ਡੋਰੇ ਨਾਲ ਗੂੰਜ ਮੀਆਂ ।
ਜ਼ਖਮੀ ਖ਼ੂਨ ਦੇ ਵਿਚ ਗਲਤਾਨ ਰੁਲਦੇ
ਜਿਵੇਂ ਪਈ ਕੁਰਲਾਂਵਦੀ ਕੂੰਜ ਮੀਆਂ ।
ਮੌਸਮ ਫ਼ਸਲ ਦੇ ਵਿਚ ਜਿਵੇਂ ਫੇਰ ਬਹੁਕਰ
ਭੁੱਖਾ ਜੱਟ ਲੈਂਦਾ ਦਾਣੇ ਹੂੰਝ ਮੀਆਂ ।
ਕਾਦਰਯਾਰ ਗੋਲੇ ਸੋਹਣੀ ਸੂਰਤਾਂ ਨੂੰ
ਵਾਂਗ ਮੂਰਤਾਂ ਦੇਂਵਦੇ ਪੂੰਝ ਮੀਆਂ ।੩।

ਤੇ ਤੋਪਾਂ ਨੂੰ ਚਲਦਿਆਂ ਪਹਿਰ ਹੋਇਆ
ਤੇ ਦੁਪਹਿਰ ਪੁੱਜੀ ਉੱਤੋਂ ਆਣ ਬੇਲੀ ।
ਨਾਲ ਪਿਆਸ ਦੇ ਸਭ ਉਦਾਸ ਹੋਏ
ਸਖ਼ਤ ਧੁੱਪ ਲੱਗੀ ਉੱਤੋਂ ਆਣ ਬੇਲੀ ।
ਪਾਂਦੇ ਡੰਡ ਪਰ ਕੰਡ ਨਾ ਮੂਲ ਦੇਂਦੇ
ਪਏ ਜਾਨ ਨੂੰ ਕਰਨ ਕੁਰਬਾਨ ਬੇਲੀ ।
ਕਾਦਰਯਾਰ ਮਰਦੇ ਉੱਤੇ ਮੋਰਚੇ ਦੇ
ਦੋਵੇਂ ਸਿੱਖ ਤੇ ਨਾਲੇ ਪਠਾਣ ਬੇਲੀ ।੪।

ਸੇ ਸਾਬਤੀ ਦੇ ਨਾਲ ਸਿੱਖ ਯਾਰੋ
ਵੇਖੋ ਤਰਫ਼ ਪਠਾਣਾਂ ਦੀ ਬੜ੍ਹਨ ਲੱਗੇ ।
ਪਰੇ ਸੱਟ ਬੰਦੂਕ ਤੇ ਘੁੱਟ ਕੇ ਜੀ
ਹੱਥ ਵਿਚ ਸ਼ਮਸ਼ੀਰ ਫੜਨ ਲੱਗੇ ।
ਵਸਦੇ ਗੋਲਿਆਂ ਨੂੰ ਜਿਵੇਂ ਜਾਣ ਓਲੇ
ਸਿੱਧੇ ਵਿਚ ਮੈਦਾਨ ਦੇ ਵੜਨ ਲੱਗੇ ।
ਕਾਦਰਯਾਰ ਤਲਵਾਰ ਦੀ ਝੰਬ ਦੇ ਕੇ
ਦੁਸ਼ਮਣ ਦਾਣਿਆਂ ਦੇ ਵਾਂਗ ਛੜਨ ਲੱਗੇ ।੫।

ਜੀਮ ਜੰਗ ਦਾ ਰੰਗ ਤਾਂ ਹੋਰ ਹੋਇਆ
ਜਦੋਂ ਦੌੜ ਕੇ ਆਏ ਨਿਹੰਗ ਯਾਰੋ ।
ਸ਼ੇਰ ਬੱਬਰ ਵਾਂਗੂੰ ਹਥ ਤਬਰ ਫੜਕੇ
ਨਾਹਰਾ ਮਾਰਦੇ ਜਿਵੇਂ ਮਲੰਗ ਯਾਰੋ ।
ਜਮਾਂ ਹੋਇ ਕੇ ਮੋਰਚੇ ਵਲ ਆਏ

ਜਿਵੇਂ ਲਕੜੀ ਦੀ ਹੁੰਦੀ ਛਾਂਗ ਯਾਰੋ ।
ਕਾਦਰਯਾਰ ਅਕਾਲੀਆਂ ਤਬਰ ਫੜ ਕੇ
ਕੀਤੀ ਆਣ ਪਠਾਣਾਂ ਦੀ ਛਾਂਗ ਯਾਰੋ ।੧੦।

ਡਾਲ ਡੌਰ ਹੋਏ ਨਾਲੇ ਭੌਰ ਹੋਏ
ਹੋਰ ਤੌਰ ਹੋਏ ਯਾਰੋ ਗ਼ਾਜ਼ੀਆਂ ਦੇ ।
ਹੋ ਕੇ ਚਾਕ ਰੁਲਦੇ ਵਿਚ ਖ਼ਾਕ ਦੇ ਜੀ
ਜੇਹੜੇ ਸਾਹਨ ਚੜ੍ਹਦੇ ਉਪਰ ਤਾਜ਼ੀਆਂ ਦੇ ।
ਧੁਰੋਂ ਹਾਰ ਨਸੀਬ ਨੂੰ ਧਾੜ ਪੈ ਗਈ
ਹੁਣ ਕੌਣ ਸੁਣਦਾ ਮਸਲੇ ਕਾਜ਼ੀਆਂ ਦੇ ।
ਕਾਦਰਯਾਰ ਵੁਜ਼ੂ ਨਾਲ ਲਹੂ ਕਰਦੇ
ਸੱਥਰ ਲੱਥੇ ਨੀ ਅੱਜ ਨਮਾਜ਼ੀਆਂ ਦੇ ।੧੧।

ਜ਼ਾਲ ਜ਼ਿਬਾਹ ਪਏ ਤਿੱਤਰਾਂ ਵਾਂਗ ਹੁੰਦੇ
ਦੇਂਦੇ ਕੰਡ ਨਾ ਮਿੱਤਰ ਪਿਆਰਿਆਂ ਨੂੰ ।
ਗਾਜ਼ੀ ਮਰਨ ਤੇ ਹੋਏ ਨੇ ਆਪ ਰਾਜ਼ੀ
ਕਰਕੇ ਯਾਦ ਆਪਣੇ ਪੀਰਾਂ ਸਾਰਿਆਂ ਨੂੰ ।
ਸਿੱਕ ਬੱਚਿਆਂ ਦੀ ਘਰ ਦੇ ਵਲ ਖਿੱਚੇ
ਦਿੱਸੇ ਰਾਹ ਨਾ ਕੋਈ ਵਿਚਾਰਿਆਂ ਨੂੰ ।
ਕਾਦਰਯਾਰ ਕਰਦੇ ਯਾਦ ਔਰਤਾਂ ਨੂੰ
ਜੇਹੜੀਆਂ ਗਿਣਦੀਆਂ ਪਈਆਂ ਨੇ ਤਾਰਿਆਂ ਨੂੰ ।੧੨।

ਰੇ ਰੱਖਿਆ ਜ਼ਰਾ ਨਾ ਫ਼ਰਕ ਬਾਕੀ
ਕੀਤੀ ਖ਼ਾਲਸੇ ਨੇ ਡਾਢੀ ਜ਼ੋਰੀਆਂ ਜੀ ।
ਬੇ-ਲਗਾਮ ਘੋੜੇ ਦੌੜੇ ਚਾਰ ਤਰਫ਼ੀਂ
ਤੇ ਸਵਾਰਾਂ ਦੀਆਂ ਕੀਤੀਆਂ ਪੋਰੀਆਂ ਜੀ ।
ਪਿਚਕਾਰੀ ਤਾਂ ਬਰਛੀ ਦੀ ਠੀਕ ਮਾਰੀ
ਖ਼ੂਬ ਖੇਡੀਆਂ ਖ਼ਾਲਸੇ ਹੋਰੀਆਂ ਜੀ ।
ਕਾਦਰਯਾਰ ਪਠਾਣਾਂ ਦੇ ਰੁਲਣ ਮੁਰਦੇ
ਜਿਵੇਂ ਰੁਲਦੀਆਂ ਬਾਗ਼ ਵਿਚ ਤੋਰੀਆਂ ਜੀ ।੧੩।

ਜ਼ੇ ਜ਼ੋਰ ਦੁੱਰਾਨੀਆਂ ਬਹੁਤ ਲਾਇਆ

ਹੈਸੀ ਚਾਰ ਹਜ਼ਾਰ ਅਸਵਾਰ ਮੀਆਂ ।
ਇੱਕ ਢਾਲ ਹੇਠਾਂ ਸੱਭੇ ਮਰਨ ਵਾਲੇ
ਵਿਚ ਲੜਨ ਦੇ ਬਹੁਤ ਹੁਸ਼ਿਆਰ ਮੀਆਂ ।
ਤੁਰਤ ਹੇਠ ਪਹਾੜੀ ਤੋਂ ਉੱਤਰ ਕੇ ਜੀ
ਨਾਲ ਜੁੱਰਤ ਦੇ ਬੱਧੀ ਕਤਾਰ ਮੀਆਂ ।
ਕਾਦਰਯਾਰ ਨੱਕਾਰੇ ਤੇ ਚੋਟ ਲਾਈ
ਆਈ ਜੰਗ ਦੇ ਵਲ ਸਰਕਾਰ ਮੀਆਂ ।੧੮।

ਤੋਏ ਤਰਫ ਮੈਦਾਨ ਦੇ ਚਟਕ ਆਏ
ਜਿਵੇਂ ਚੁੰਗੀਆਂ ਮਾਰਦੇ ਬੱਕ ਯਾਰੋ ।
ਹੱਥ ਪਕੜ ਨੇਜ਼ੇ ਮਾਰੋ ਮਾਰ ਕਰਦੇ
ਵੜਦੇ ਵਿਚ ਮੈਦਾਨ ਬੇ-ਝੱਕ ਯਾਰੋ ।
ਸਿਰ ਗਿਆ ਤੇ ਜਾਏ ਬੇ-ਸ਼ਕ ਉਸ ਦਾ
ਜਗ ਵਿਚ ਰਿਹਿਆ ਜਿਸ ਦਾ ਨੱਕ ਯਾਰੋ ।
ਕਾਦਰਯਾਰ ਸਰਕਾਰ ਨੂੰ ਵੇਖ ਕੇ ਤੇ
ਤਰੁੱਟ ਗਿਆ ਪਠਾਣਾਂ ਦਾ ਛੱਕ ਯਾਰੋ ।੧੯।

ਜ਼ੋਏ ਜ਼ਾਹਰਾ ਰਿਹਾ ਨਾ ਜ਼ਰਾ ਫ਼ਕਾ
ਲੱਗਾ ਜਦੋਂ ਅਸਵਾਰਾਂ ਦਾ ਆਣ ਧੱਕਾ ।
ਜਿਵੇਂ ਛੱਤ ਹੇਠੋਂ ਕੜੱਕ ਪਾਟ ਜਾਵੇ
ਢੈ ਪੈਂਦਾ ਏ ਝੱਟ ਮਕਾਨ ਪੱਕਾ ।
ਤਿਵੇਂ ਹਿੱਲ ਪੈ ਗਈ ਦੁੱਰਾਨੀਆਂ ਨੂੰ
ਕੇਹੜਾ ਵਲ ਕੇ ਦੇਵਸੀ ਆਣ ਡੱਕਾ ।
ਕਾਦਰਯਾਰ ਪਠਾਣ ਨਾ ਰਹੇ ਕਾਇਮ
ਸਾਰਾ ਜ਼ੋਰ ਅਲੀ ਅਕਬਰ ਲਾ ਥੱਕਾ ।੨੦।

ਐਨ ਅਕਲ ਸਾਰੀ ਮਾਰੀ ਗਈ ਯਾਰੋ
ਐਸੀ ਪਈ ਪਠਾਣਾਂ ਨੂੰ ਫੰਡ ਮੀਆਂ ।
ਇਕ ਘੜੀ ਦੇ ਵਿਚ ਅਕਾਲੀਆਂ ਨੇ
ਲਿਆ ਦਾਲ ਫੁਲਕਾ ਉਥੇ ਵੰਡ ਮੀਆਂ ।
ਕਖ ਰਿਹਾ ਨਾ ਪਲੇ ਦੁੱਰਾਨੀਆਂ ਦੇ
ਚਾਰੇ ਕੰਨੀਆਂ ਚਲੇ ਨੀ ਛੰਡ ਮੀਆਂ ।
ਕਾਦਰਯਾਰ ਪਠਾਣਾਂ ਨਮਾਣਿਆਂ ਨੇ

ਕਾਦਰਯਾਰ ਸ਼ਰਾਬ ਬਹਾਦੁਰੀ ਨੇ
ਕੀਤਾ ਸਿੰਘਾਂ ਨੂੰ ਬਹੁਤ ਮਖ਼ਮੂਰ ਯਾਰੋ ।੨੨।

ਫੇ ਫੇਰ ਨਾ ਪਵੇ ਅੰਧੇਰ ਐਸਾ
ਹੈ ਵਿਰਦ ਇਹ ਮੇਰੀ ਜ਼ਬਾਨ ਉੱਤੇ ।
ਬਾਦਸ਼ਾਹ ਕੁਰਾਹੇ ਨਾ ਪੈਣ ਯਾਰੋ
ਕਾਇਮ ਰਹਿਣ ਸਭ ਆਪਣੇ ਈਮਾਨ ਉੱਤੇ ।
ਪੂਰਾ ਅੱਸੀ ਹਜ਼ਾਰ ਪਠਾਣ ਯਾਰੋ
ਕਤਲ ਹੋਇਆ ਨੁਸ਼ਹਿਰੇ ਮੈਦਾਨ ਉੱਤੇ ।
ਕਾਦਰਯਾਰ ਸਰਕਾਰ ਨੇ ਫ਼ਤਿਹ ਪਾਈ
ਧੁੰਮ ਪਈ ਏ ਸਾਰੇ ਜਹਾਨ ਉੱਤੇ ।੨੩।

ਕਾਫ਼ ਕਾਬੁਲ ਸ਼ਿਕਸਤ ਦੀ ਖ਼ਬਰ ਪਹੁੰਚੀ
ਪਿਆ ਵਖਤ ਕੰਧਾਂ ਹੋਈਆਂ ਕਾਲੀਆਂ ਜੀ ।
ਤੇਰੇ ਖ਼ਾਨ ਸਾਰੇ ਸੋਹਣੀ ਸ਼ਾਨ ਵਾਲੇ
ਮਾਰੇ ਵਿਚ ਮੈਦਾਨ ਅਕਾਲੀਆਂ ਜੀ ।
ਤੇਰੇ ਬਾਗ਼ ਦੇ ਵਿਚ ਨਾ ਜ਼ਾਗ਼ ਲਭਦਾ
ਉੱਡ ਗਏ ਤੋਤੇ ਮੈਨਾ ਲਾਲੀਆਂ ਜੀ ।
ਕਾਦਰਯਾਰ ਨਿਹੰਗਾਂ ਨੇ ਪੀ ਭੰਗਾਂ
ਫ਼ਲ ਵੱਢ ਸੁੱਟੇ ਸਣੇ ਡਾਲੀਆਂ ਜੀ ।੨੪।

ਕਾਫ਼ ਕਹਿਰ ਖ਼ੁਦਾ ਦਾ ਪਵੇ ਸਿੱਖੋ
ਕਹਿਣ ਲਹਿਰ ਦੇ ਵਿਚ ਪਠਾਣੀਆਂ ਜੀ ।
ਅੱਛੀ ਕੀਤੀ ਜੇ ਜ਼ਾਲਮੋ ਨਾਲ ਸਾਡੇ
ਮਾਰੀ ਵਿਚ ਕ਼ਲੇਜੇ ਦੇ ਕਾਨੀਆਂ ਜੀ ।
ਰੱਬ ਕਰੇ ਜੇ ਚੜ੍ਹੇ ਗ਼ਨੀਮ ਕੋਈ
ਵਿਚੋਂ ਰੂਸ ਯਾ ਲਸ਼ਕਰ ਕੱਰਾਨੀਆਂ ਜੀ ।
ਕਾਦਰਯਾਰ ਅਜ ਗ਼ੈਬ ਦਾ ਪਵੇ ਗੋਲਾ
ਰੋਣ ਵਿਚ ਪੰਜਾਬ ਜ਼ਨਾਨੀਆਂ ਜੀ ।੨੫।

ਗਾਫ਼ ਗੁਰੂ ਨੇ ਰੱਖੀ ਹੈ ਲਾਜ ਮੇਰੀ
ਮੂੰਹੋਂ ਬੋਲਿਆ ਫੇਰ ਮਹਾਰਾਜ ਸਾਈਂ ।
ਗੁਰੂ ਮਾਲਕ ਹੈ ਦੋ ਜਹਾਨ ਦਾ ਜੀ

ਸਿੰਘ ਉੱਤੇ ਮੈਦਾਨ ਦੇ ਤਾਣ ਦਿੰਦੇ
ਛੌਲਦਾਰੀਆਂ ਤੰਬੂ ਕਨਾਤ ਯਾਰੋ ।
ਸਮਿਆਨ ਫਿਰ ਖਾਣ ਦਾ ਕਰਨ ਲੱਗੇ
ਆਣ ਚੜ੍ਹਨ ਲੱਗੀ ਦਾਲ ਭਾਤ ਯਾਰੋ ।
ਕਾਦਰਯਾਰ ਅਕਾਲੀਆਂ ਫੇਰ ਚੌਕੇ
ਆਟੇ ਗੁੱਧੇ ਨੀ ਵਿਚ ਪਰਾਤ ਯਾਰੋ ।੨੭।

ਮੀਮ ਮੂੰਹ ਅਨੇਰ੍ਹੇ ਨਿਹੰਗ ਸਾਰੇ
ਫੇਰਾ ਪਾਂਵਦੇ ਵਿਚ ਮੈਦਾਨ ਦੇ ਜੀ ।
ਵਿਚ ਮੁਰਦਿਆਂ ਦੇ ਟੁਰਦੇ ਨਜ਼ਰ ਕਰਕੇ
ਮੋਇਆਂ ਯਾਰਾਂ ਨੂੰ ਪਏ ਪਛਾਣਦੇ ਜੀ ।
ਹੱਥ ਜੋੜ ਅਰਦਾਸ ਕਰਨ ਗੁਰੂ ਅੱਗੇ
ਜਦੋਂ ਯਾਰ ਦਾ ਮੂੰਹ ਸਿੰਵਾਣਦੇ ਜੀ ।
ਕਾਦਰਯਾਰ ਨਿਹੰਗ ਮਲੰਗ ਬਣ ਕੇ
ਸਤਿ ਸ੍ਰੀ ਅਕਾਲ ਗਜਾਂਵਦੇ ਜੀ ।੨੮।

ਨੂੰਨ ਨਾਹਸ਼ ਫੂਲਾ ਸਿੰਘ ਸੂਰਮੇ ਦੇ
ਹੋਈ ਬਹੁਤ ਤਾਲਾਸ਼ ਮੈਦਾਨ ਉੱਤੇ ।
ਹੋਏ ਹੱਕੇ ਬੱਕੇ ਸੱਭੇ ਲੱਭ ਥੱਕੇ
ਮਹਾਰਾਜ ਦੇ ਖ਼ਾਸ ਫ਼ਰਮਾਨ ਉੱਤੇ ।
ਯਾ ਉਹ ਗ਼ਰਕ ਹੋ ਵੜੀ ਜ਼ਮੀਨ ਦੇ ਵਿੱਚ
ਯਾ ਕਿ ਬਰਕ ਹੋ ਕੇ ਚੜ੍ਹੀ ਅਸਮਾਨ ਉੱਤੇ ।
ਕਾਦਰਯਾਰ ਨਿਹੰਗ ਹੈਰਾਨ ਖੱਲ੍ਹੇ
ਨਹੀਂ ਠਹਿਰਦੇ ਕਿਸੇ ਕਮਾਨ ਉੱਤੇ ।੨੯।

ਵਾਓ ਵਿਚ ਮੈਦਾਨ ਦੇ ਮੁਰਦਿਆਂ ਦਾ
ਲੱਗਾ ਆਣ ਸੀ ਬੜਾ ਇਕ ਢੇਰ ਮੀਆਂ ।
ਐਸੀ ਹੋਰ ਕਤਲਾਮ-ਗਾਹ ਖਤਰ ਵਾਲੀ
ਨਜ਼ਰ ਆਵੇ ਨਾ ਚਾਰ ਚੁਫ਼ੇਰ ਮੀਆਂ ।

**ਡਾ ਨਿੰਦੀ ਸੰਧੂ ਫਰਿਜਨੋ ਅਤੇ**
**ਧੰਨਵਾਦ ਸਹਿਤ-**
**ਪੰਜਾਬੀ ਕਵਿਤਾ ਡਾਟ ਕਾਮ**

# ਧਨੌਲਾ 'ਚ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਨੇ ਅੰਤਰ ਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ

ਧਨੌਲਾ ਮੰਡੀ, (ਸੰਜੀਵ ਗਰਗ ਕਾਲੀ)- ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਬਰਨਾਲਾ ਐਸ.ਐਸ.ਪੀ ਸ.ਹਰਜੀਤ ਸਿੰਘ ਦੀ ਯੋਗ ਅਗਵਾਈ 'ਚ ਅੰਤਰ ਰਾਸ਼ਟਰੀ ਨਸ਼ਾ ਵਿਰੋਧੀ ਦਿਵਸ "ਜੀਵੋ ਜਵਾਨੀ" ਸਲੋਗਨ ਤਹਿਤ ਸ.ਸਰਨਜੀਤ ਸਿੰਘ ਐਸ.ਪੀ ਬਰਨਾਲਾ ਦੀ ਦੇਖ-ਰੇਖ ਹੇਠ ਮੈਰੀਲੈਂਡ ਰਿਜੋਰਟ ਧਨੌਲਾ ਵਿਖੇ ਮਨਾਇਆ ਗਿਆ। ਜਿਸ ਵਿੱਚ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਧਰਮਪਾਲ ਗੁਪਤਾ, ਐਸ.ਐਸ.ਪੀ ਬਰਨਾਲਾ,ਐਸ.ਡੀ.ਐਮ ਤਪਾ ਕਮ ਏ.ਡੀ.ਸੀ ਸੰਦੀਪ ਕੁਮਾਰ, ਐਸ.ਪੀ ਬਰਨਾਲਾ ਸ਼ਰਨਜੀਤ ਸਿੰਘ, ਐਸ.ਪੀ ਬਰਨਾਲਾ ਸ.ਸੁਖਦੇਵ ਸਿੰਘ ਵਿਰਕ , ਮੈਡਮ ਸੁਮਨ ਬਤਰਾ ਪਟਿਆਲਾ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ। ਵੱਖ-ਵੱਖ ਪਿੰਡਾਂ ਤੋਂ ਆਏ ਪੰਚ-ਸਰਪੰਚ, ਨੰਬਰਦਾਰਾਂ, ਨੌਜਵਾਨ ਅਤੇ ਹੋਰ ਸ਼ਹਿਰ ਵਾਸੀਆਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਦੂਸਰੀ ਸੰਸਾਰ ਜੰਗ ਤੋਂ ਬਾਅਦ ਅੰਤਰ ਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਹੋਂਦ ਵਿੱਚ ਆਇਆ ਜੋ ਪੂਰੀ ਦੁਨੀਆਂ ਵਿੱਚ 26 ਜੂਨ ਨੂੰ ਮਨਾਇਆਂ ਜਾਂਦਾ ਹੈ। ਸਾਡਾ ਪੰਜਾਬ ਗੁਰੂਆਂ ਪੀਰਾ ਦੀ ਧਰਤੀ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਸਾਡੀ ਪਹਿਚਾਨ ਵੱਖਰੀ ਬਣਾਕੇ ਸਾਨੂੰ ਸਿਰਡੀ, ਸਿਦਕੀ ਅਤੇ ਜਿੰਮੇਵਾਰ ਵਿਅਕਤੀ ਬਣਾਇਆ ਸੀ ਤਾਂ ਕਿ ਅਸੀ ਨਸ਼ਿਆ ਆਦਿ ਤੋਂ ਦੂਰ ਰਹਿਕੇ ਆਪਣੀ ਕੋਮ ਦੀ ਰੱਖਿਆਂ ਕਰ ਸਕੀਏ। ਹੁਣ ਪੰਜਾਬ ਦੇ ਨੌਜਵਾਨ ਨਸ਼ਿਆ ਦੀ ਅਜਿਹੀ ਦਲ-ਦਲ ਵਿੱਚ ਫਸ ਚੁੱਕੇ ਹਨ ਜਿਨ੍ਹਾਂ ਨੂੰ ਬਾਹਰ ਕੱਢਣਾ ਹਰ ਇੱਕ ਵਿਅਕਤੀ ਦਾ ਮੁੱਢਲਾ ਫਰਜ਼ ਹੈ। ਹੁਣ ਜਦੋਂ ਮੁੰਡੇ ਨੂੰ ਕੁੜੀ ਵਾਲੇ ਵੇਖਣ ਆਉਂਦੇ ਹਨ ਤਾਂ ਉਹ ਪਹਿਲਾ ਇਹ ਨਹੀ ਪੁੱਛਦੇ ਕਿ ਜਮੀਨ ਕਿੰਨੀ ਹੈ ਸਗੋਂ ਹੁਣ ਇਹ ਪੁੱਛਦੇ ਹਨ ਕਿ ਮੁੰਡਾ ਕਿਸੇ ਪ੍ਰਕਾਰ ਦਾ ਕੋਈ ਨਸ਼ਾ ਪੱਤਾ ਤਾ ਨਹੀ ਕਰਦਾ। ਪਹਿਲਾ ਪੰਜਾਬ ਦੇ ਕਿਸਾਨ ਕਰਜੇ ਦੀਆਂ ਕਿਸ਼ਤਾਂ ਭਰਦੇ ਸਨ ਪਰ ਹੁਣ ਵਧ ਰਹੇ ਨਸ਼ਿਆਂ ਕਾਰਨ ਪੰਜਾਬ ਦੇ ਨੌਜਵਾਨ ਪੁੱਤ ਕਿਸ਼ਤਾ ਵਿੱਚ ਮਰ ਰਹੇ ਹਨ। ਪੰਜਾਬ ਵਿੱਚ ਕਰੀਬ ਹਰ ਰੋਜ 7-8 ਨੌਜਵਾਨ ਨਸ਼ਿਆਂ ਕਾਰਨ ਮਰ ਰਹੇ ਹਨ। ਉਕਤ ਬੁਲਾਰਿਆਂ ਨੇ ਸੰਬੋਧਨ ਕਰਦਿਆ ਕਿਹਾ ਕਿ ਬਰਨਾਲਾ ਜਿਲ੍ਹੇ ਵਿੱਚੋਂ ਉੱਠੀ ਇਹ ਨਸ਼ੇ ਖਾਤਮੇ ਦੀ ਲਹਿਰ ਇੱਕ ਇਤਿਹਾਸ ਜਾਵੇ ਤਾਂ ਕਿ ਦੁਨੀਆਂ ਵਿੱਚ ਕਿਤੇ ਗੱਲ ਚੱਲੇ ਤਾਂ ਇਹ ਕਿਹਾ ਜਾਵੇ ਕਿ ਨਸ਼ਾ ਵਿਰੋਧੀ ਦੀ ਲਹਿਰ ਬਰਨਾਲਾ ਜਿਲ੍ਹੇ ਤੋਂ ਚੱਲੀ ਸੀ। ਸ਼ਾਝਾ ਰੰਗ ਮੰਚ ਪੰਜਾਬ ਕਲੱਬ ਦੇ ਕਲਾਂਕਾਰਾ ਵੱਲੋਂ ਨਸ਼ਾ ਵਿਰੋਧੀ ਨਾਟਕ ਖੇਡ ਕੇ ਵਾਹ-ਵਾਹ ਖੱਟੀ। ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਧਰਮ ਪਾਲ ਗੁਪਤਾ ਨੇ ਦੱਸਿਆ ਕਿ ਬਰਨਾਲਾ 'ਚੋਂ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਗਤੀਵਿਧੀਆਂ ਦੇ ਨਾਲ-ਨਾਲ ਜਲਦ ਹੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਰਨਾਲਾ ਪੁਲਿਸ ਨਾਲ ਦੇ ਨਾਲ ਮਿਲ ਕੇ ਇੱਕ ਬਹੁਤ




ਵੱਡੀ ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰ ਇੱਕ ਪਿੰਡ ਤੇ ਗਲੀ ਮੁਹੱਲੇ ਜਾ ਕੇ ਨਸ਼ਿਆਂ ਦੇ ਆਦੀ ਲੋਕਾਂ ਦੀ ਪਛਾਣ ਕੀਤੀ ਜਾਵੇਗੀ ਅਤੇ ਇਸਦੇ ਨਾਲ ਹੀ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਉਨ੍ਹਾਂ ਦਾ ਮੁਫ਼ਤ ਇਲਾਜ ਕਰਵਾਇਆ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਮੁਹਿੰਮ 'ਚ ਪ੍ਰਸ਼ਾਸਨ ਦਾ ਸਾਥ ਦੇਣ ਅਤੇ ਆਪਣੇ ਆਲੇ-ਦੁਆਲੇ ਨਸ਼ਾ ਕਰਨ ਵਾਲੇ ਨਸ਼ਈਆਂ ਬਾਰੇ ਉਨ੍ਹਾਂ ਨਾਲ ਜਾਣਕਾਰੀ ਸਾਂਝੀ ਕਰਨ ਤਾਂ ਜੋ ਬਿਹਤਰ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਕਿ ਅਗਰ ਕੋਈ ਵਿਅਕਤੀ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਉਸ ਦਾ ਸਾਰਾ ਖਰਚਾ ਸਰਕਾਰ ਵੱਲੋਂ ਦਿੱਤਾ ਜਾਵੇਗਾ ਇਹ ਸਭ ਕੁੱਝ ਪਬਲਿਕ ਦੇ ਸਹਿਯੋਗ ਨਾਲ ਸੰਭਵ ਹੋ ਸਕਦਾ ਹੈ। ਐਸ.ਐਸ.ਪੀ ਬਰਨਾਲਾ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਨਸ਼ਾ ਕਰਦਾ ਹੈ ਤਾਂ ਪਹਿਲਾ ਉਸ ਦਾ ਪਰਿਵਾਰ ਬਦਨਾਮ ਹੁੰਦਾ ਹੈ ਫਿਰ ਮਹੁੱਲਾ ਅਤੇ ਫਿਰ ਸ਼ਹਿਰ। ਇਸ ਲਈ ਆਉ ਆਪਾ ਸਾਰੇ ਰਲ ਮਿਲਕੇ ਹੰਭਲਾ ਮਾਰੀਏ ਤਾਂ ਕਿ ਆਪਾ ਬਰਨਾਲਾ ਜਿਲ੍ਹਾਂ ਨਸ਼ਾ ਮੁਕਤ ਕਰ ਸਕੀਏ। ਸ. ਹਰਜੀਤ ਸਿੰਘ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ 'ਚੋਂ ਨਸ਼ਿਆਂ ਦੇ ਖਾਤਮੇ ਲਈ ਅੱਗੇ ਆਉਣ ਅਤੇ ਨਸ਼ਾ ਵੇਚਣ ਤੇ ਕਰਨ ਵਾਲੇ ਹਰ ਇੱਕ ਵਿਅਕਤੀ ਦੀ ਸੂਚਨਾ ਪੁਲਿਸ ਨੂੰ ਦੇਣ ਤਾਂ ਜੋ ਇਸ ਭੈੜੀ ਅਲਾਮਤ ਨੂੰ ਨੱਥ ਪਾਈ ਜਾ ਸਕੇ। ਉਨ੍ਹਾਂ ਇਹ ਵੀ ਯਕੀਨ ਦਵਾਇਆ ਕਿ ਸੂਚਨਾ ਦੇਣ ਵਾਲੇ ਵਿਅਕਤੀ ਦੀ ਪਛਾਣ ਗੁਪਤ ਰੱਖੀ ਜਾਵੇਗੀ ਅਤੇ ਨਸ਼ਿਆਂ ਨਾਲ ਜੁੜੇ ਕਿਸੇ ਵੀ ਵਿਅਕਤੀ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸਟੇਜ ਸੰਚਾਲਨ ਦੀ ਜੁੰਮੇਵਾਰੀ ਮੈਡਮ ਸੁਮਨ ਬਤਰਾ ਪਟਿਆਲਾ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਸੁਖਦੇਵ, ਸ਼ਹੀਦ ਉੱਧਮ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਜੀ ਸਰਬੰਸਦਾਨੀ ਦੇ ਪਰਿਵਾਰ ਦਾ ਇਤਿਹਾਸ ਦੱਸਦੇ ਹੋਏ ਸਾਇਰਾਨਾਂ ਅੰਦਾਜ ਵਿੱਚ ਬਾਖੂਬੀ ਨਿਭਾਈ ਜਿਸ ਨੂੰ ਸੁਣਦੇ ਹੋਏ ਆਏ ਲੋਕਾਂ ਦੇ ਲੂਕੰਡੇ ਖੜ੍ਹੇ ਹੋ ਗਏ, ਜਦੋਂ ਮੈਡਮ ਸੁਮਨ ਬਤਰਾ ਨੇ ਸਹੀਦ ਭਗਤ ਸਿੰਘ, ਰਾਜਗੁਰੂ , ਸੁਖਦੇਵ, ਉੱਧਮ ਸਿੰਘ ਸੁਨਾਮ ਵਾਰੇ ਭਾਵੁਕ ਹੋ ਕੇ ਸਹੀਦਾਂ ਦੀਆਂ ਦਿੱਤੀਆਂ ਕੁਰਬਾਨੀਆਂ ਦਾ ਇਤਿਹਾਸ ਦੱਸਿਆ ਤਾਂ ਹਾਲ ਵਿੱਚ ਬੈਠੇ ਲੋਕਾਂ ਦੀਆਂ ਅੱਖਾਂ ਵਿੱਚੋ ਅੱਥਰੂ ਬਹਿ ਤੁਰੇ।

ਇਸ ਮੋਕੇ ਤੇ ਡੀ.ਐਸ.ਪੀ ਰਾਜੇਸ਼ ਕੁਮਾਰ ਛਿੱਬਰ, ਡੀ.ਐਸ.ਪੀ ਕੁਲਦੀਪ ਸਿੰਘ ਵਿਰਕ, ਡੀ.ਐਸ.ਪੀ ਜਸਵੀਰ ਸਿੰਘ ਮਹਿਲਕਲ੍ਹਾ, ਇਸਪੈਕਟਰ ਨਾਇਬ ਸਿੰਘ ਬੈਹਨੀਵਾਲ, ਇੰਸਪੈਕਟਰ ਕੁਲਦੀਪ ਸਿੰਘ, ਇੰਸਪੈਕਟਰ ਮਲਕੀਤ ਸਿੰਘ ਚੀਮਾਂ, ਇੰਸਪੈਕਟਰ ਗੁਰਵੀਰ ਸਿੰਘ, ਸਬ ਇੰਸਪੈਕਟਰ ਰਾਜਪਾਲ ਸਿੰਘ, ਇੰਚਾਰਜ ਸੁਵਿਧਾ ਕੇਂਦਰ ਤਪਾ ਹਰਵਿੰਦਰ ਸਿੰਘ ਹਿੰਦੀ, ਇੰਚਾਰਚ ਸਾਂਝ ਕੇਂਦਰ ਕੁਲਵੰਤ ਸਿੰਘ ਬਰਨਾਲਾ, ਟਰੈਫਿਕ ਐਜੂਕੇਸ਼ਨ ਸੈਲ ਦੇ ਇੰਚਾਰਜ ਸੁਖਦੇਵ ਸਿੰਘ, ਰਘਵੀਰ ਗਰਗ ਮੀਤ ਪ੍ਰਧਾਨ ਨਗਰ ਕੌਸਲ ਬਰਨਾਲਾ, ਅਜੇ ਕੁਮਾਰ ਧਨੌਲਾ, ਬਰਜਿੰਦਰ ਸਿੰਘ ਟੀਟੂ ਵਾਲੀਆਂ, ਭਰਭੂਰ ਸਿੰਘ ਭੂਰਾ, ਬਲਵੰਤ ਸਿੰਘ ਨੰਬਰਦਾਰ ਭੂਰੇ, ਸੁਖਵਿੰਦਰ ਸਿੰਘ ਜਟਾਣਾ, ਮਹਿੰਦਰ ਗਰੇਵਰ, ਦਰਸਨ ਸਿੰਘ ਰੂੜੇਕੇ ਕਲਾਂ, ਆਦਿ ਤੋਂ ਇਲਾਵਾ ਪਤਵੰਤੇ ਸੱਜਣ ਹਾਜਰ ਸਨ। ਆਖਿਰ ਵਿੱਚ ਐਸਐਸਪੀ ਬਰਨਾਲਾ ਸ. ਹਰਜੀਤ ਸਿੰਘ ਨੇ ਆਏ ਅਧਿਕਾਰੀਆਂ, ਵੱਖ ਵੱਖ ਪਿੰਡਾਂ, ਸ਼ਹਿਰਾਂ 'ਚੋਂ ਆਏ ਵਿਅਕਤੀਆਂ ਦਾ ਧੰਨਵਾਦ ਕੀਤਾ।

## 25 ਸਾਲ ਤੱਕ ਜੇਲ੍ਹ ਵਿਚ ਰਿਹਾ ਬੇਗੁਨਾਹ, ਆਖਿਰ ਦਿੱਤਾ 1 ਕਰੋੜ ਡਾਲਰ ਮੁਆਵਜ਼ਾ

ਅਮਰੀਕਾ ਦੀ ਜੇਲ੍ਹ ਇਕ ਵਿਅਕਤੀ ਨੂੰ 25 ਸਾਲ ਗੁਜ਼ਾਰਨ ਤੋਂ ਬਾਅਦ ਬੇਗੁਨਾਹ ਕਰਾਰ ਦਿੱਤਾ ਗਿਆ। ਖ਼ਬਰਾਂ ਮੁਤਾਬਕ ਇਹ ਮਾਮਲਾ ਅਮਰੀਕਾ ਵਿਚ ਪੈਨਸੇਲਵੇਨੀਆ ਰਾਜ ਦੇ ਫਿਲਾਡਲਫੀਆ ਸ਼ਹਿਰ ਦਾ ਹੈ। ਜਾਂਚ ਦੌਰਾਨ ਇਕ ਅਨੋਖਾ ਫੈਸਲਾ ਸੁਣਾਇਆ ਗਿਆ। ਇਹ ਕੇਸ ਆਪਣੇ ਆਪ ਵਿਚ ਇਕ ਰਿਕਾਰਡ ਦੱਸਿਆ ਜਾ ਰਿਹਾ ਹੈ। ਰਿਪੋਰਟ ਤੋਂ ਪਤਾ ਲੱਗਿਆ ਹੈ ਕਿ ਐਂਥਨੀ ਰਾਈਟ ਨਾਂ ਦੇ ਇਕ ਵਿਅਕਤੀ ਨੂੰ 1991 ਵਿਚ ਬਲਾਤਕਾਰ ਅਤੇ ਹੱਤਿਆ ਦੇ ਇਕ ਅਪਰਾਧ ਵਿਚ ਬਿਨਾਂ ਪੈਰੋਲ ਦੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਬਾਅਦ ਵਿਚ ਡੀ. ਐਨ. ਏ. ਜਾਂਚ ਤੋਂ ਬਾਅਦ ਹੋਇਆ ਕਿ ਰਾਈਟ ਨੇ ਇਹ ਅਪਰਾਧ ਦਰਅਸਲ ਕੀਤਾ ਹੀ ਨਹੀਂ ਸੀ, ਉਹ ਬੇਕਸੂਰ ਹੈ। ਜਾਂਚ ਦੀ ਰਿਪੋਰਟ ਦੇਖਣ ਤੋਂ ਬਾਅਦ ਫੈਸਲਾ ਦਿੱਤਾ ਗਿਆ ਕਿ ਰਾਈਟ ਨੂੰ ਫੌਰਨ ਰਿਹਾਅ ਕੀਤਾ ਜਾਵੇ। ਇਸਦੇ ਨਾਲ ਹੀ ਉਸਨੂੰ ਭਾਰੀ ਮੁਆਵਜ਼ਾ ਦੇਣ ਦਾ ਵੀ ਆਦੇਸ਼ ਦਿੱਤਾ ਗਿਆ। ਇਸ ਆਦੇਸ਼ ਵਿਚ ਮੁਆਵਜ਼ੇ ਦੀ ਰਾਸ਼ੀ ਇਕ ਕਰੋੜ ਰੁਪਏ ਤਹਿ ਕੀਤੀ ਗਈ। ਹਾਲਾਂਕਿ 25 ਸਾਲ ਦੀ ਬੇਗੁਨਾਹ ਸਜ਼ਾ ਕੱਟਣ ਤੋਂ ਬਾਅਦ ਮੁਆਵਜ਼ਾ ਕਿੰਨਾ ਅਹਿਮੀਅਤ ਰੱਖਦਾ ਹੈ, ਇਹ ਤਾਂ ਸਜ਼ਾ ਭੁਗਤਣ ਵਾਲਾ ਹੀ ਦੱਸ ਸਕਦਾ ਹੈ। ਇਸੇ ਵਿਚਕਾਰ ਪਤਾ ਲੱਗਿਆ ਕਿ ਅਜਿਹੀ ਜਾਂਚ ਤੋਂ ਬਾਅਦ ਨਿਰਦੋਸ਼ ਪਾਇਆ ਜਾਣ ਵਾਲਾ ਰਾਈਟ ਇਕੱਲਾ ਨਹੀਂ ਹੈ। ਇਸੇ ਵਿਚਕਾਰ ਅਮਰੀਕਾ ਵਿਚ ਅਪਰਾਧਿਕ ਜਾਂਚ ਵਿਚ ਡੀ. ਐਨ.ਏ. ਸਬੂਤ ਨੂੰ ਅਹਿਮੀਅਤ ਦੇਣ ਵਾਲੇ ਸੰਗਠਨ ਇਨੋਸੈਂਸ ਪ੍ਰਾਜੈਕਟ ਦੇ ਇਕ ਬਿਆਨ ਤੋਂ ਪਤਾ ਲੱਗਿਆ ਹੈ ਕਿ ਇਹਨਾਂ ਹਾਲਾਤਾਂ ਦੇ ਸ਼ਿਕਾਰ ਹੋਣ ਵਾਲੇ ਰਾਈਟ ਪਹਿਲੇ ਵਿਅਕਤੀ ਨਹੀਂ ਹਨ।

# ਫਰਿਜ਼ਨੋ ਵਿਖੇ ਗਾਇਕ ਰਣਜੀਤ ਬਾਵਾ ਅਤੇ ਗਾਇਕਾਂ ਅਨਮੋਲ ਗਗਨ ਮਾਨ ਨੇ ਆਪਣੀ ਗਾਇਕੀ ਰਾਹੀ ਬੰਨੇ ਰੰਗ

ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨੂੰ ਪ੍ਰੋਮੋਟ ਕਰਦੇ ਹੋਏ ਐਸ. ਐਮ. ਬ੍ਰਦਰਜ਼ ਇੰਨਕਲੇਵ, ਐਸ. ਡੀ.ਐਮ. ਸਟਾਰ ਅਤੇ ਬਿਲ ਨਿੱਝਰ ਵੱਲੋਂ 'ਪੰਜਾਬੀ ਫੋਕ' ਦੇ ਨਾਂ ਹੇਠ ਸ਼ਾਨਦਾਰ ਸ਼ੋਅ ਫਰਿਜ਼ਨੋ ਦੇ ਵਾਰਨਰ ਥੀਏਟਰ ਵਿੱਚ ਕਰਵਾਇਆ ਗਿਆ। ਜਿੱਥੇ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਦਰਸ਼ਕਾਂ ਨੇ ਅਨੰਦ ਮਾਣਿਆ। ਸ਼ੋਅ ਦੀ ਸ਼ੁਰੂਆਤ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਨੇ ਸਭ ਨੂੰ 'ਜੀ ਆਇਆ' ਅਤੇ ਸਹਿਯੋਗੀਆਂ ਦਾ ਧੰਨਵਾਦ ਕਰਨ ਨਾਲ ਕੀਤੀ। ਇਸ ਉਪਰੰਤ ਗਾਇਕਾ ਨੇਹਾ ਸ਼ਰਮਾਂ ਨੇ ਗੀਤ ਅਤੇ ਇਨ ਹੀਰ ਨੇ ਸ਼ਾਇਰੀ ਰਾਹੀ ਹਾਜ਼ਰੀ ਭਰੀ। ਇਸ ਬਾਅਦ ਗਾਇਕੇ ਦੇ ਚਲੇ ਖੁੱਲ੍ਹੇ ਪ੍ਰੋਗਰਾਮ ਵਿੱਚ ਅਨਮੋਲ ਗਗਨ ਮਾਨ ਨੇ ਆਪਣੇ ਅਤੇ ਹੋਰ ਗਾਇਕਾ ਦੇ ਗਾਏ ਗੀਤ ਗਾ ਸਭ ਦਾ ਮਨੋਰੰਜਨ ਕੀਤਾ। ਜਦਕਿ ਰਣਜੀਤ ਬਾਵੇ ਨੇ ਆਪਣੇ ਨਵੇਂ-ਪੁਰਾਣੇ ਗੀਤਾਂ ਤੋਂ ਇਲਾਵਾ ਆਪਣਾ ਨਵਾ ਰਿਕਾਰਡ ਗੀਤ ਜਿਸ ਨੂੰ ਫਰਿਜ਼ਨੋ ਦੇ ਪ੍ਰਸਿੱਧ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਦਾ ਲਿਖਿਆ 'ਬੋਹੜਾਂ ਦੀਆਂ ਛਾਵਾਂ' ਗਾ ਹਾਜ਼ਰੀਨ ਨੂੰ ਕੀਲੀ ਰੱਖਿਆਂ। ਪ੍ਰਬੰਧਕਾਂ ਵੱਲੋਂ ਸਾਰੇ ਪ੍ਰਬੰਧ ਬਹੁਤ ਵਧੀਆਂ ਢੰਗ ਨਾਲ ਕੀਤੇ ਗਏ ਸਨ। ਜੋ ਸਾਰੇ ਪ੍ਰੋਗਰਾਮ ਦੀ ਸਫਲਤਾ ਲਈ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਵਿੱਚ ਜਸਬੀਰ ਸਰਾਏ, ਸੰਨੀ ਮਹਿਤ, ਮਿੰਟੂ ਧਾਲੀਵਾਲ, ਰਾਜ ਧਾਲੀਵਾਲ, ਬਿੱਲ ਨਿੱਝਰ, ਬੌਬੀ ਸਿੱਧੂ, ਬਿੱਟੂ ਕੁੱਸਾ ਆਦਿਕ ਦੇ ਨਾਂ ਲਏ ਜਾ ਸਕਦੇ ਹਨ। ਸਮੁੱਚੇ ਤੌਰ 'ਤੇ ਕਹਿ ਸਕਦੇ ਹਾਂ ਕਿ ਜਿੱਥੇ ਅਨਮੋਲ ਗਗਨ ਮਾਨ ਨੇ ਸਭ ਦਾ ਮਨੋਰੰਜਨ ਕੀਤਾ। ਰਣਜੀਤ ਬਾਵੇ ਨੇ ਦਮਦਾਰ ਅਤੇ ਮਿਆਰੀ ਗਾਇਕੀ ਨਾਲ ਵੀ ਚੰਗਾ ਸਮਾਂ ਬੰਨਿਆ।



# ਫੀਫਾ ਵਰਲਡ ਕੱਪ- ਸਵੀਡਨ 24 ਸਾਲ ਮਗਰੋਂ ਆਖ਼ਰੀ ਅੱਠਾਂ 'ਚ ਪਹੁੰਚਿਆ

ਸੇਂਟ ਪੀਟਰਸਬਰਗ- ਐਮਿਲ ਫੋਰਸਬਰਗ ਦੇ ਇੱਕੋ-ਇੱਕ ਗੋਲ ਦੀ ਮਦਦ ਨਾਲ ਸਵੀਡਨ ਨੇ ਸਵਿਟਜ਼ਰਲੈਂਡ ਨੂੰ 1-0 ਨਾਲ ਹਰਾ ਕੇ 24 ਸਾਲ ਮਗਰੋਂ ਪਹਿਲੀ ਵਾਰ ਫੀਫਾ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਵਿੱਚ ਪਹੁੰਚਿਆ ਹੈ। ਸੇਂਟ ਪੀਟਰਸਬਰਗ ਸਟੇਡੀਅਮ 'ਤੇ ਖੇਡਿਆ ਗਿਆ ਇਹ ਮੁਕਾਬਲਾ ਬਹੁਤ ਹੀ ਅਕੇਵੇਂ ਭਰਿਆ ਰਿਹਾ ਅਤੇ ਕੋਈ ਵੀ ਟੀਮ ਉਮੀਦ ਮੁਤਾਬਕ ਫੁਟਬਾਲ ਦਾ ਪ੍ਰਦਰਸ਼ਨ ਨਹੀਂ ਕਰ ਸਕੀ। ਸਵਿਟਜ਼ਰਲੈਂਡ ਦੇ ਮਾਈਕਲ ਲਾਂਗ ਨੂੰ ਇੰਜਰੀ ਟਾਈਮ ਵਿੱਚ ਲਾਲ ਕਾਰਡ ਵੇਖਣਾ ਪਿਆ, ਜਿਸ ਨੇ ਮਾਰਟਿਨ ਓਲਸਨ ਨੂੰ ਧੱਕਾ ਦਿੱਤਾ ਸੀ। ਰੈਫਰੀ ਦਾਮਿਰ ਸਕੋਮਿਨਾ ਨੇ ਪੈਨਲਟੀ ਦਾ ਫ਼ੈਸਲਾ ਵੀਡੀਓ ਰੀਵਿਊ 'ਤੇ ਛੱਡਿਆ, ਪਰ ਪੈਨਲਟੀ ਖੇਤਰ ਦੇ ਬਾਹਰ ਧੱਕਾ ਦੇਣ ਕਾਰਨ ਸਵੀਡਨ ਦੇ ਖਿਡਾਰੀਆਂ ਦੀ ਮੰਗ ਰੱਦ ਕਰ ਦਿੱਤੀ ਗਈ। ਸਵੀਡਨ ਲਈ ਇੱਕੋ-ਇੱਕ ਗੋਲ ਦੂਜੇ ਹਾਫ਼ ਵਿੱਚ ਫੋਰਸਬਰਗ ਨੇ ਕੀਤਾ। ਸਵੀਡਨ 1994 ਮਗਰੋਂ ਪਹਿਲੀ ਵਾਰ ਵਿਸ਼ਵ ਕੱਪ ਦੇ ਆਖ਼ਰੀ ਅੱਠ ਵਿੱਚ ਪਹੁੰਚਿਆ ਹੈ। ਉਸ ਦੀ ਇੱਥੋਂ ਤੱਕ ਦੀ ਰਾਹ ਸੌਖੀ ਨਹੀਂ ਰਹੀ ਅਤੇ ਜਲਾਟਨ ਇਬਰਾਹਿਮੋਵਿਚ ਦੇ ਬਗ਼ੈਰ ਵੀ ਇੱਕ ਟੀਮ ਵਜੋਂ ਬਿਹਤਰ ਪ੍ਰਦਰਸ਼ਨ ਕਰਦਿਆਂ ਉਹ ਇੱਥੋਂ ਤੱਕ ਪਹੁੰਚੀ ਹੈ। ਹੁਣ ਆਖ਼ਰੀ ਅੱਠ ਵਿੱਚ ਉਸ ਨੂੰ ਹਲਕੀ ਟੀਮ ਨਹੀਂ ਸਮਝਿਆ ਜਾ ਸਕਦਾ। ਸਵੀਡਨ ਦੇ ਡਿਫੈਂਡਰ ਮਾਈਕਲ ਲਸਟਿਗ ਨੂੰ ਪੀਲਾ ਕਾਰਡ ਮਿਲਿਆ, ਜਿਸ ਕਾਰਨ ਉਹ ਸਮਾਰਾ ਵਿੱਚ ਸ਼ਨਿਚਰਵਾਰ ਨੂੰ ਕੁਆਰਟਰ ਫਾਈਨਲ ਨਹੀਂ ਖੇਡ ਸਕੇਗਾ। ਬ੍ਰਾਜ਼ੀਲ ਅਤੇ ਮੈਕਸਿਕੋ ਤੇ ਬੈਲਜੀਅਮ ਅਤੇ ਜਾਪਾਨ ਦੇ ਮੈਚ ਪੈਨਲਟੀ ਸ਼ੂਟਆਊਟ ਤੱਕ ਖਿੱਚਣ ਮਗਰੋਂ ਲੱਗ ਰਿਹਾ ਸੀ ਕਿ ਇਹ ਮੁਕਾਬਲਾ ਵੀ ਤੈਅ ਸਮੇਂ ਵਿੱਚ ਖ਼ਤਮ ਨਹੀਂ ਹੋਵੇਗਾ। ਦੋਵੇਂ ਟੀਮਾਂ ਬਹੁਤ ਡਿਫੈਂਸ ਨਾਲ ਖੇਡ ਰਹੀਆਂ ਵਿਖਾਈ ਦੇ ਰਹੀਆਂ ਸਨ। ਹੌਲੀ ਸ਼ੁਰੂਆਤ ਮਗਰੋਂ ਅਖ਼ੀਰ ਸਵੀਡਨ ਨੂੰ ਲਗਾਤਾਰ ਹਮਲਿਆਂ 'ਤੇ ਸਫਲਤਾ ਮਿਲੀ ਅਤੇ ਫੋਰਸਬਰਗ ਨੇ ਦੂਜੇ ਹਾਫ਼ ਵਿੱਚ ਗੋਲ ਦਾਗ਼ਿਆ।



ਸਵਿਟਜ਼ਰਲੈਂਡ ਦੋ ਵਾਰ ਬਰਾਬਰੀ ਦਾ ਗੋਲ ਕਰਨ ਦੇ ਕਰੀਬ ਪਹੁੰਚਿਆ, ਪਰ ਕਾਮਯਾਬੀ ਨਹੀਂ ਮਿਲੀ। ਇਹ ਮੁਕਾਬਲਾ ਕਾਫੀ ਸੰਘਰਸ਼ਪੂਰਨ ਰਿਹਾ ਅਤੇ ਇਸ ਜਿੱਤ ਵਿੱਚ ਫੋਰਸਬਰਗ ਦੇ ਸ਼ਾਟ 'ਤੇ ਸਵਿਟਜ਼ਰਲੈਂਡ ਦੇ ਡਿਫੈਂਡਰ ਦੇ ਪੈਰ ਦਾ ਵੀ ਯੋਗਦਾਨ ਰਿਹਾ। ਜੇਕਰ ਡਿਫੈਂਡਰ ਦਾ ਪੈਰ ਨਾ ਲਗਦਾ ਤਾਂ ਫੁਟਬਾਲ ਸਿੱਧੀ ਗੋਲਕੀਪਰ ਦੇ ਹੱਥਾਂ ਵਿੱਚ ਜਾਂਦੀ।

ਪਹਿਲਾ ਹਾਫ਼ ਗੋਲ ਰਹਿਤ ਰਹਿਣ ਮਗਰੋਂ ਦੂਜੇ ਹਾਫ਼ ਦੇ 66ਵੇਂ ਮਿੰਟ ਵਿੱਚ ਫੋਰਬਰਗ ਨੇ ਬੌਕਸ ਦੇ ਅੱਗੇ ਤੋਂ ਬਿਹਤਰੀਨ ਸ਼ਾਟ ਮਾਰਿਆ, ਗੋਲਕੀਪਰ ਯਾਨ ਸੋਮਰ ਇਸ ਸ਼ਾਟ ਨੂੰ ਰੋਕਣ ਲਈ ਮੁਸਤੈਦ ਸੀ, ਪਰ ਸਵਿੱਸ ਡਿਫੈਂਡਰ ਮੈਨੂਅਲ ਅਕਾਂਜੀ ਨੇ ਫੁਟਬਾਲ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਹ ਉਸ ਦੇ ਪੈਰ ਨਾਲ ਲੱਗ ਕੇ ਗੋਲ ਪੋਸਟ ਵਿੱਚ ਚਲੀ ਗਈ। ਗੋਲਕੀਪਰ ਕੋਲ ਇਸ ਨੂੰ ਰੋਕਣ ਦਾ ਕੋਈ ਮੌਕਾ ਨਹੀਂ ਸੀ।

ਇਸ ਗੋਲ ਨੂੰ ਆਤਮਘਾਤੀ ਗੋਲ ਨਹੀਂ ਮੰਨਿਆ ਗਿਆ ਅਤੇ ਇਹ ਗੋਲ ਫੋਰਸਬਰਗ ਦੇ ਹਿੱਸੇ ਆਇਆ। ਦੋਵੇਂ ਟੀਮਾਂ ਪਹਿਲੀ ਵਾਰ ਵਿਸ਼ਵ ਕੱਪ ਵਿੱਚ ਆਹਮੋ-ਸਾਹਮਣੇ ਹੋਈਆਂ ਹਨ। ਇਹ ਬਾਜ਼ੀ ਸਵੀਡਨ ਨੇ ਮਾਰ ਲਈ। ਸਵੀਡਨ ਨੇ ਮੈਚ ਵਿੱਚ ਜ਼ਿਆਦਾ ਮੌਕੇ ਬਣਾਏ ਅਤੇ 1-0 ਗੋਲ ਨਾਲ ਜਿੱਤ ਹਾਸਲ ਕਰ ਲਈ। ਸਵੀਡਨ 1994 ਵਿੱਚ ਵਿਸ਼ਵ ਕੱਪ ਦੇ ਸੈਮੀ ਫਾਈਨਲ ਵਿੱਚ ਪਹੁੰਚਣ ਤੋਂ 24 ਸਾਲ ਮਗਰੋਂ ਕੁਆਰਟਰ ਫਾਈਨਲ ਵਿੱਚ ਪਹੁੰਚਿਆ ਹੈ। ਰਿਕਾਰਡੋ ਰੌਡਰਿਗਜ਼, ਜੇਰਦਾਨ ਸ਼ਕੀਰੀ ਅਤੇ ਗ੍ਰਨਿਤ ਸ਼ਾਕਾ ਵਰਗੇ ਸਟਾਰ ਖਿਡਾਰੀ ਸਵਿਟਜ਼ਰਲੈਂਡ ਨੂੰ 1954 ਮਗਰੋਂ ਪਹਿਲੀ ਵਾਰ ਕੁਆਰਟਰ ਫਾਈਨਲ ਵਿੱਚ ਲਿਜਾਣ ਦਾ ਸੁਪਨਾ ਪੂਰਾ ਨਹੀਂ ਕਰ ਸਕੇ।

# ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵੱਧ ਰਹੀਆਂ ਬੇਦਬੀ ਦੀਆਂ ਘਟਨਾਵਾਂ ਚਿੰਤਾ ਵਾਲੀ ਗੱਲ : ਭਾਈ ਲੌਂਗੋਵਾਲ

ਧਨੌਲਾ ਮੰਡੀ ( ਸੰਜੀਵ ਗਰਗ ਕਾਲੀ)- ਦੁਨੀਆਂ ਭਰ ਦੀਆਂ ਸੰਗਤਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਮੰਗ ਸੀ ਕਿ ਗੁਰੂ ਸਾਹਿਬ ਜੀ ਦੇ ਚਲਾਏ ਲੰਗਰਾਂ ਤੇ ਸਰਕਾਰਾਂ ਵੱਲੋ ਵਸੂਲਿਆ ਜਾ ਰਿਹਾ ਟੈਕਸ ਜੀ.ਐਸ.ਟੀ ਨਹੀ ਲੱਗਣਾ ਚਾਹੀਦਾ। ਕੇਂਦਰ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਲੰਗਰਾਂ ਉੱਪਰ ਜੋ ਜੀ.ਐਸ.ਟੀ ਟੈਕਸ ਵਸੂਲਿਆ ਜਾ ਰਿਹਾ ਹੈ ਉਸਨੂੰ ਸੇਵਾ ਭੋਜ ਯੋਜਨਾ ਤਹਿਤ ਸ਼੍ਰੋਮਣੀ ਕਮੇਟੀ ਨੂੰ ਵਾਪਸ ਰਿਫੰਡ ਕਰ ਦਿੱਤਾ ਜਾਵੇਗਾ, ਜਿਸ ਨਾਲ ਸਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਕ੍ਰੋੜਾਂ ਰੁਪਏ ਦਾ ਫਾਇਦਾ ਹੋਵੇਗਾ, ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰੂਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਧਨੌਲਾ ਵਿਖੇ ਵਿਸ਼ੇਸ ਭੇਟ ਵਾਰਤਾ ਦੌਰਾਨ ਕੀਤਾ। ਭਾਈ ਲੋਗੋਵਾਲ ਨੇ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਘਟਨਾਵਾ ਲਗਾਤਾਰ ਹੋ ਰਹੀਆਂ ਹਨ ਜੋ ਬਹੁਤ ਚਿੰਤਾ ਵਾਲੀ ਗੱਲ ਹੈ, ਸਰਕਾਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪਾਂ ਨਾਲ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਵਿੱਚ ਇਸ ਗੱਲ ਦੀ ਜਾਂਚ ਕਰਨੀ ਚਾਹੀਦੀ ਹੈ ਕਿ ਇਹ ਸ਼ਰਾਰਤੀ ਅਨਸਰ ਕੋਣ ਨੇ ਅਤੇ ਕਿਹੜੀ ਏਜੰਸੀਆਂ ਇਸ ਪਿੱਛੇ ਕੰਮ ਕਰ ਰਹੀ ਹੈ । ਜੋ ਵੀ ਵਿਅਕਤੀ ਅਜਿਹੀਆਂ ਘਟਨਾਵਾਂ ਵਿੱਚ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਸਖ਼ਤ ਸਜਾਂ ਮਿਲਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਇਸ ਗੱਲ ਤੇ ਵੀ ਲੋਕਾਂ ਨਾਲ ਗੱਲਬਾਤ ਕਰ ਰਹੀ ਹੈ ਕਿ ਇੱਕ ਪਿੰਡ ਇੱਕ ਗੁਰਦੁਆਰਾ ਸਾਹਿਬ ਹੋਵੇ ਤਾਂ ਕਿ ਗੁਰਦੁਆਰਾ ਸਾਹਿਬ ਦੀ ਸਹੀ ਸੇਵਾ ਸੰਭਾਲ ਹੋਵੇ ਤਾਂ ਕਿ ਸੰਗਤ ਬਿਨਾ ਕਿਸੇ ਜਾਤੀ ਭੇਦ-ਭਾਵ ਤੋ ਇਕੱਠੇ ਹੋਕੇ ਸਾਰੇ ਧਰਮਾ ਦੇ ਲੋਕ ਗੁਰੂ ਸਾਹਿਬ ਜੀ ਦੇ



ਦਿੱਤੇ ਸੰਦੇਸ਼ ਜਾਤੀ ਭੇਦ-ਭਾਵ ਨੂੰ ਖਤਮ ਕਰਕੇ ਇੱਕ ਥਾਂ ਤੇ ਇਕੱਠੇ ਹੋ ਕੇ ਧਰਮ ਦਾ ਪ੍ਰਚਾਰ ਕਰਨ। ਭਾਈ ਲੋਗੋਵਾਲ ਨੇ ਕਿਹਾ ਕਿ ਅਸੀ ਤਾਂ ਇਹ ਵੀ ਚਾਹੁੰਦੇ ਹਾਂ ਕਿ ਪਿੰਡਾ ਵਿੱਚ ਸਮਸਾਨ ਘਾਟ ਵੀ ਇੱਕ ਹੀ ਹੋਵੇ, ਕਿਉਂਕਿ ਮਰਕੇ ਤਾਂ ਆਪਾਂ ਸਭ ਨੇ ਇੱਕੋ ਹੀ ਪ੍ਰਮਾਤਮਾ ਕੋਲ ਜਾਣਾ ਹੈ ਫਿਰ ਸਮਸ਼ਾਨਘਾਟ ਵੱਖਰੇ ਵੱਖਰੇ ਕਿਸ ਵਾਸਤੇ। ਸਮਸ਼ਾਂਨ ਘਾਟਾਂ ਦੀ ਸਾਂਭ ਸੰਭਾਲ ਵੀ ਸਾਰੇ ਧਰਮਾਂ ਦੇ ਲੋਕ ਰਲ-ਮਿਲ ਕੇ ਕਰਨ। ਸ਼੍ਰੋਮਣੀ ਕਮੇਟੀ ਧਾਰਮਿਕ ਲਹਿਰ ਨੂੰ ਘਰ-ਘਰ ਪਹੁੰਚਾਉਣ ਲਈ 100 ਨਵੇ ਪ੍ਰਚਾਰਕ ਅਤੇ ਗ੍ਰੰਥੀ ਅਤੇ ਟੀਚਰ ਨਵੇ ਰੱਖ ਰਹੀ ਹੈ ਜੋ ਆਪੋਂ-ਆਪਣੇ ਇਲਾਕੇ ਦੇ ਸ਼੍ਰੋਮਣੀ ਕਮੇਟੀ ਮੈਬਰ ਦੀ ਅਗਵਾਈ ਹੇਠ ਪਿੰਡਾ ਵਿੱਚ ਜਾ ਕੇ ਨੌਜਵਾਨਾਂ ਅਤੇ ਬੱਚਿਆਂ ਨੂੰ ਗੁਰਮਤਿ ਵਾਰੇ, ਕਥਾ ਕੀਰਤਨ ਵਾਰੇ ਜਾਣਕਾਰੀ ਦੇਣਗੇ ਅਤੇ ਨੌਜਵਾਨਾ ਨੂੰ ਨਸ਼ਿਆਂ ਤੋ ਦੂਰ ਰਹਿਣ ਲਈ ਅਤੇ ਵਾਤਾਵਰਨ ਨੂੰ ਸਾਫ ਰੱਖਣ ਲਈ ਜਾਗਰੁਕ ਕਰਨਗੇ।

ਭਾਈ ਲੋਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੁਆਰਾ ਗ੍ਰੰਥੀ ਸਿੰਘ ਨੂੰ ਟਰੇਨਿੰਗ ਦੇਣ ਵਾਸਤੇ ਇੱਕ ਮਹੀਨੇ ਦੇ ਪਾਠ ਬੋਧ ਸਮਾਗਮ ਤਖਤ ਸ਼੍ਰੀ ਦਮਦਮਾ ਸਾਹਿਬ, ਕੇਸ਼ਗੜ੍ਹ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ੁਰੂ ਕੀਤੇ ਗਏ ਹਨ ਜਿਸ ਵਿੱਚ ਗੁਰੂ ਗ੍ਰੰਥ ਦੀ ਮਰਿਯਾਦਾ ਸ਼ੁੱਧ ਪਾਠ ਕਰਨਾ ਆਦਿ ਦੀ ਸਖਲਾਈ ਦਿੱਤੀ ਜਾਵੇਗੀ ਅਤੇ ਸਖਲਾਈ ਲੈਣ ਵਾਲੇ ਗ੍ਰੰਥੀ ਸਿੰਘਾ ਨੂੰ ਸ਼੍ਰੋਮਣੀ ਕਮੇਟੀ ਵੱਲੋ ਬਣਦਾ ਮਾਣ ਭੱਤਾ 5100 ਰੁਪਏ ਵੀ ਦਿੱਤੇ ਜਾਣਗੇ। ਇਸ ਮੋਕੇ ਤੇ ਗੁਰਦੁਆਰਾ ਸ਼ਹੀਦ ਬਾਬਾ ਨੱਥਾ ਸਿੰਘ ਦੇ ਮੁੱਖ ਸੇਵਾਦਾਰ ਸੰਤ ਬਾਬਾ ਨੋਨਿਹਾਲ ਸਿੰਘ, ਗੁਰਨਾਮ ਸਿੰਘ ਵਾਹਿਗੁਰੂ, ਜਥੇਦਾਰ ਸੁਖਵੰਤ ਸਿੰਘ ਧਨੌਲਾ ਮੀਤ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ, ਸਤਨਾਮ ਸਿੰਘ, ਸਾਬਕਾ ਸ਼੍ਰੋਮਣੀ ਕਮੇਟੀ ਮੈਬਰ ਸ.ਊਦੇ ਸਿੰਘ ਲੋਗੋਵਾਲ, ਸ਼੍ਰੋਮਣੀ ਕਮੇਟੀ ਮੈਬਰ ਜੋਗਾ ਗੁਰਪ੍ਰੀਤ ਸਿੰਘ ਝੱਬਰ ਹਲਕਾ, ਸ਼੍ਰੋਮਣੀ ਕਮੇਟੀ ਮੈਬਰ ਡੱਬਵਾਲੀ ਜਗਸੀਰ ਸਿੰਘ ਮਾਗੇਆਣਾ, ਬਲਵਿੰਦਰ ਸਿੰਘ ਸਰਾਂ ਸਰਸਾ, ਜਗਸੀਰ ਸਿੰਘ ਚੇਅਰਮੈਨ ਲੋਗੋਵਾਲ, ਬਲਦੇਵ ਸਿੰਘ ਢਿੱਲਵਾ ਆਦਿ ਹਾਜਰ ਸਨ। ਆਖੀਰ ਵਿੱਚ ਭਾਈ ਗੋਬਿੰਦ ਸਿੰਘ ਲੋਗੋਵਾਲ, ਊਦੇ ਸਿੰਘ ਲੋਗੋਵਾਲ ਅਤੇ ਹੋਰ ਆਏ ਪਤਵੰਤਿਆਂ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ।

# ਜਲਾਲਾਬਾਦ ਹਮਲੇ ਦੇ ਰੋਸ ਵਜੋਂ ਸਿੱਖ ਜਥੇਬੰਦੀਆਂ ਵੱਲੋਂ ਅਫ਼ਗਾਨ ਦੂਤਘਰ ਤਕ ਰੋਸ ਮਾਰਚ

ਨਵੀਂ ਦਿੱਲੀ- ਅਫ਼ਗਾਨਿਸਤਾਨ ਦੇ ਸ਼ਹਿਰ ਜਲਾਲਾਬਾਦ ਵਿੱਚ ਬੀਤੇ ਦਿਨੀ ਸਿੱਖ ਆਗੂਆਂ ਉੱਤੇ ਹੋਏ ਆਤਮਘਾਤੀ ਹਮਲੇ ਦੇ ਵਿਰੋਧ ਵਿੱਚ ਸਿੱਖ ਸੰਗਠਨਾਂ ਵੱਲੋਂ ਅਫ਼ਗਾਨ ਦੂਤਘਰ ਤੱਕ ਰੋਸ ਮਾਰਚ ਕੱਢਿਆ ਗਿਆ ਤੇ ਅਫ਼ਗਾਨਿਸਤਾਨ ਦੇ ਰਾਜਦੂਤ ਐਚ.ਈ.ਸੈਇਦਾ ਮੁਹੰਮਦ ਅਬਦਾਲੀ ਨਾਲ ਮੁਲਾਕਾਤ ਕਰਕੇ ਸਿੱਖ ਮਨਾਂ ਵਿੱਚ ਪੈਦਾ ਹੋਏ ਦੁੱਖ ਤੇ ਗੁੱਸੇ ਤੋਂ ਜਾਣੂ ਕਰਵਾਇਆ ਗਿਆ।

ਮੁਹੰਮਦ ਅਬਦਾਲੀ ਨੇ ਸਿੱਖ ਵਫ਼ਦ ਦੀਆਂ ਮੰਗਾਂ ਨੂੰ ਗੌਰ ਨਾਲ ਸੁਣਨ ਉਪਰੰਤ ਮੰਗਾਂ ਬਾਰੇ ਅਫ਼ਗਾਨ ਸਰਕਾਰ ਨੂੰ ਜਾਣੂ ਕਰਵਾਉਣ ਦਾ ਭਰੋਸਾ ਦਿੱਤਾ। ਜਨਾਬ ਅਬਦਾਲੀ ਨੇ ਘੱਟ ਗਿਣਤੀ ਕੋਟੇ ਦੀ ਸੰਸਦੀ ਸੀਟ ਲਈ ਕਿਸੇ ਸਿੱਖ ਆਗੂ ਨੂੰ ਨਾਮਜ਼ਦ ਕਰਨ, ਅਫ਼ਗਾਨੀ ਹਿੰਦੂਆਂ ਅਤੇ ਸਿੱਖਾਂ ਨੂੰ ਸੁਰੱਖਿਆ ਦੇਣ, ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਸਰਕਾਰ ਨਾਲ ਗੱਲਬਾਤ ਕਰਨ, ਸਥਾਨਕ ਪਾਸਪੋਰਟ ਦਫ਼ਤਰਾਂ ਵਿੱਚ ਸਿੱਖਾਂ ਅਤੇ ਹਿੰਦੂਆਂ ਨੂੰ ਦੇਣੀ ਪੈਂਦੀ ਫੀਸ ਨੂੰ ਹਟਾਉਣ ਸਣੇ ਅਫ਼ਗਾਨਿਸਤਾਨ ਜਾਣ ਦੇ ਇਛੁੱਕ ਵਫਦ ਨੂੰ ਵੀਜ਼ਾ ਦੇਣ ਦਾ ਭਰੋਸਾ ਦਿੱਤਾ ਹੈ।



ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਜਨਾਬ ਅਬਦਾਲੀ ਨੇ ਦੱਸਿਆ ਹੈ ਕਿ ਅਫ਼ਗਾਨਿਸਤਾਨ ਵਿੱਚ ਅਤਿਵਾਦ ਦਾ ਸ਼ਿਕਾਰ ਸਾਰੇ ਫਿਰਕੇ ਹੋ ਰਹੇ ਹਨ, ਮਰਨ ਵਾਲਿਆਂ ਵਿੱਚ ਮੁਸਲਮਾਨ ਵੀ ਸ਼ਾਮਲ ਹਨ। ਇਥੋਂ ਤੀਨ ਮੂਰਤੀ ਚੌਕ ਤੋਂ ਸ਼ੁਰੂ ਹੋਏ ਰੋਸ ਮਾਰਚ ਨੂੰ ਪੁਲੀਸ ਨੇ ਥਾਣਾ ਚਾਣਕਿਆਪੁਰੀ ਦੇ ਬਾਹਰ ਰੋਕ ਦਿੱਤਾ। ਇਸ ਤੋਂ ਪਹਿਲਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਮ੍ਰਿਤਕਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ, ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਮਾਰਚ ਦੀ ਅਗਵਾਈ ਕੀਤੀ। ਸ੍ਰੀ ਜੀ.ਕੇ. ਨੇ ਇਸ ਮੌਕੇ ਦੇਸ਼ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਹੋਈ ਗੱਲਬਾਤ ਤੋਂ ਹਾਜ਼ਰ ਲੋਕਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਵਿਦੇਸ਼ ਮੰਤਰੀ ਨੂੰ ਅਫ਼ਗਾਨਿਸਤਾਨ ਦੇ ਮੰਦਰਾਂ-ਗੁਰਦੁਆਰਿਆਂ ਅਤੇ ਲੋਕਾਂ ਦੀ ਸੁਰੱਖਿਆ ਲਈ ਅਫ਼ਗਾਨ ਸਰਕਾਰ ਨਾਲ ਗੱਲਬਾਤ ਕਰਨ, ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਭਾਰਤ ਸਰਕਾਰ ਵੱਲੋਂ ਮੁਆਵਜ਼ਾ ਦਿਵਾਉਣ, ਭਾਰਤ ਸਰਕਾਰ ਵੱਲੋਂ ਦਿੱਲੀ ਕਮੇਟੀ ਅਤੇ ਪੰਥਕ ਜਥੇਬੰਦੀਆਂ ਦਾ ਸਾਂਝਾ ਵਫ਼ਦ ਅਫ਼ਗਾਨਿਸਤਾਨ ਭੇਜਣ ਸਣੇ ਭਾਰਤ ਆਉਣ ਦੇ ਇਛੁੱਕ ਅਫ਼ਗਾਨੀ ਹਿੰਦੂ-ਸਿੱਖਾਂ ਬਾਰੇ ਸਰਕਾਰੀ ਨੀਤੀ ਦਾ ਖੁਲਾਸਾ ਕਰਨ ਦੀ ਬੇਨਤੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸਾਂਝੇ ਵਫ਼ਦ ਅਤੇ ਮੁਆਵਜ਼ੇ ਨੂੰ ਲੈ ਕੇ ਵਿਦੇਸ਼ ਮੰਤਰੀ ਨੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨ ਉਪਰੰਤ ਜਾਣਕਾਰੀ ਦੇਣ ਦੀ ਗੱਲ ਕਹੀ ਹੈ।

### ਮ੍ਰਿਤਕਾਂ ਦੇ ਪਰਿਵਾਰਾਂ ਲਈ ਵਿੱਤੀ ਸਹਾਇਤਾ ਦਾ ਐਲਾਨ

ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦਿੱਲੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਤੌਰ ਉੱਤੇ ਪ੍ਰਤੀ ਮ੍ਰਿਤਕ ਇੱਕ ਇੱਕ ਲੱਖ ਰੁਪਏ ਅਤੇ ਫੱਟੜਾਂ ਨੂੰ 50 ਹਜ਼ਾਰ ਰੁਪਏ ਸਹਾਇਤਾ ਰਾਸ਼ੀ ਅਤੇ ਯਤੀਮ ਹੋਏ ਬੱਚਿਆਂ ਨੂੰ ਦੋਵਾਂ ਕਮੇਟੀਆਂ ਵੱਲੋਂ ਭਾਰਤ ਵਿੱਚ ਮੁਫ਼ਤ ਵਿੱਦਿਅਕ ਸਹਾਇਤਾ ਦੇਣ ਦਾ ਫੈਸਲਾ ਲਿਆ ਗਿਆ ਹੈ।

ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਨੇ ਅਫ਼ਗਾਨਿਸਤਾਨ ਦੇ ਜਲਾਲਾਬਾਦ ਸ਼ਹਿਰ ਵਿੱਚ ਹੋਏ ਆਤਮਘਾਤੀ ਬੰਬ ਹਮਲੇ ਦੀ ਨਿਖੇਧੀ ਕੀਤੀ ਹੈ ਜਿਸ ਵਿੱਚ 19 ਜਣੇ ਮਾਰੇ ਗਏ ਸਨ ਜਿਨ੍ਹਾਂ 'ਚੋਂ ਬਹੁਤੇ ਸਿੱਖ ਤੇ ਹਿੰਦੂ ਸਨ। ਉਨ੍ਹਾਂ ਕਿਹਾ ਕਿ ਸ਼ਹਿਰੀਆਂ ਨੂੰ ਨਿਸ਼ਾਨਾ ਮਿੱਥ ਕੇ ਕੀਤਾ ਕਿਸੇ ਵੀ ਤਰ੍ਹਾਂ ਦਾ ਹਮਲਾ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਹੈ। ਸਕੱਤਰ ਜਨਰਲ ਨੇ ਪੀੜਤ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕਰਦਿਆਂ ਸਾਰੀਆਂ ਧਿਰਾਂ ਨੂੰ ਘੱਟਗਿਣਤੀਆਂ ਸਮੇਤ ਸਾਰੇ ਸ਼ਹਿਰੀਆਂ ਦੀ ਰਾਖੀ ਦਾ ਅਹਿਦ ਬੁਲੰਦ ਕਰਨ ਲਈ ਕਿਹਾ ਹੈ। ਕੁਝ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਹਮਲੇ ਵਿੱਚ ਮਾਰੇ ਗਏ 19 ਲੋਕਾਂ 'ਚੋਂ 17 ਸਿੱਖ ਤੇ ਹਿੰਦੂ ਭਾਈਚਾਰਿਆਂ ਨਾਲ ਸਬੰਧਤ ਸਨ। ਇਸ ਹਮਲੇ ਵਿੱਚ ਸਿੱਖ ਭਾਈਚਾਰੇ ਦਾ ਇਕ ਪੁਰਾਣਾ ਆਗੂ ਅਵਤਾਰ ਸਿੰਘ ਖ਼ਾਲਸਾ ਵੀ ਮਾਰਿਆ ਗਿਆ ਜੋ ਅਕਤੂਬਰ ਮਹੀਨੇ ਹੋਣ ਵਾਲੀਆਂ ਸੰਸਦੀ ਚੋਣਾਂ ਲੜਨ ਦੀ ਤਿਆਰੀ ਕਰ ਰਿਹਾ ਸੀ। ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਨੇ ਵੀ ਇਸ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਕੌਂਸਲ ਨੇ ਮੁੜ ਦ੍ਰਿੜਾਇਆ ਹੈ ਕਿ ਹਰ ਕਿਸਮ ਦਾ ਅਤਿਵਾਦ ਕੌਮਾਂਤਰੀ ਅਮਨ ਤੇ ਸੁਰੱਖਿਆ ਲਈ ਸਭ ਤੋਂ ਘਾਤਕ ਖ਼ਤਰਾ ਹੈ।

# ਪੀਸੀਏ ਮੈਂਬਰ ਪਰਮੋਧ ਲੋਈ ਨੂੰ ਸਦਮਾ, ਜੀਜੇ ਦਾ ਦਿਹਾਂਤ

ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ- ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਮੋਢੀ ਮੈਂਬਰ ਪਰਮੋਧ ਲੋਈ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਲੱਗਾ ਜਦੋਂ ਉਨ੍ਹਾਂ ਦੇ ਜੀਜਾ ਜੀ ਸੁਰਿੰਦਰ ਕੁਮਾਰ ਬੰਧਨ (70) ਫਰਿਜ਼ਨੋ 'ਚ ਆਪਣੇ ਗ੍ਰਹਿ ਵਿਖੇ ਦਿਲ ਦਾ ਦੌਰਾ ਪੈਣ ਕਰਕੇ ਅਚਾਨਕ ਪ੍ਰਲੋਕ ਸਧਾਰ ਗਏ। ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ 7 ਜੁਲਾਈ ਦਿਨ ਸਨੀਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਵਿਖੇ ਦੁਪਹਿਰ 11 ਤੋਂ 1 ਵਜੇ ਦਰਮਿਆਨ ਹੋਵੇਗਾ, ਫਿਊਨਰਲ ਹੋਮ ਦਾ ਪਤਾ 4800 E Clayton Ave Fowler, CA 93625 ਉਪਰੰਤ ਭੋਗ ਰਵਿਦਾਸ ਟੈਂਪਲ ਚੈਰੀ ਰੋਡ ਫਰਿਜ਼ਨੋ ਵਿਖੇ ਪਵੇਗਾ । ਦੁੱਖ ਸਾਂਝਾ ਕਰਨ ਲਈ ਪਰਮੋਧ ਲੋਈ ਨਾਲ (559) 903-5667 ਤੇ ਸੰਪਰਕ ਕਰ ਸਕਦੇ ਹੋ।



## Matrimonial

ਗੁਰਸਿਖ ਲੜਕਾ, ਉਮਰ 27 ਸਾਲ ਕੱਦ 5 ਫੁੱਟ 6 ਇੰਚ, ਪੰਜਾਬ ਨਾਲ ਸਬੰਧਤ, ਐਨ. ਡੀ. ਏ. ਦੀ ਸਟੱਡੀ ਕੀਤੀ ਹੋਈ ਹੈ, ਇੰਸ਼ੋਰੈਂਸ ਪ੍ਰੋਫੈਸ਼ਨਲ ਦੇ ਤੌਰ ਤੇ ਕੰਮ ਕਰ ਰਿਹਾ ਹੈ, ਲਈ ਯੂ. ਐਸ. ਏ. ਵਿਚ ਪੜ੍ਹੀ-ਲਿਖੀ, ਚੰਗੇ ਖਾਨਦਾਨ ਦੀ ਲੜਕੀ ਦੀ ਲੋੜ ਹੈ। ਫੋਨ ਕਰੋ:
98140-49988, 99140-45988 ਜਾਂ ਸੰਪਰਕ ਕਰੋ hshhora@gmail.com

-----------------------------

Punjabi (Ramdasia Sikh) Clean shave boy age 27 yrs. 5 "7" In San Jose, California. BA degree in Accounting. Working in a corporate office as a Sr. Accountant We are looking for a girl in a Sikh family.
Caste: No Bar Contact: 408.528.4489
Email: tsumman@yahoo.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
IRS e-file
CTEC

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com




# ਖੜ੍ਹੇ ਹੋ ਕੇ ਪਾਣੀ ਪੀਣ ਨਾਲ ਸਰੀਰ ਨੂੰ ਹੁੰਦਾ ਹੈ ਨੁਕਸਾਨ



ਇਨਸਾਨ ਦੇ ਸਰੀਰ ਵਿਚ 70 ਫੀਸਦੀ ਹਿੱਸਾ ਪਾਣੀ ਨਾਲ ਬਣਿਆ ਹੁੰਦਾ ਹੈ। ਇਸ ਕਰਕੇ ਪਾਣੀ ਸਾਡੇ ਸਰੀਰ ਦੇ ਲਈ ਸਭ ਤੋਂ ਜਰੂਰੀ ਹੈ। ਸਰੀਰ ਦੀਆਂ ਸਾਰੀਆਂ ਬਾਇਓਲਾਜੀਕਲ ਕਿਰਿਆਵਾਂ ਸਹੀ ਢੰਗ ਨਾਲ ਹੁੰਦੀਆਂ ਰਹਿਣ, ਇਸਦੇ ਲਈ ਜ਼ਰੂਰੀ ਹੈ ਕਿ ਸਾਡਾ ਸਰੀਰ ਹਾਈਡ੍ਰੇਟਡ ਰਹੇ ਅਤੇ ਸਰੀਰ ਨੂੰ ਹਾਈਡ੍ਰੇਟਡ ਰੱਖਣ ਦਾ ਸਭ ਤੋਂ ਚੰਗਾ ਤਰੀਕਾ ਹੈ ਪਾਣੀ। ਵੈਸੇ ਤਾਂ ਤੁਸੀਂ ਅਕਸਰ ਬਜ਼ੁਰਗਾਂ ਤੋਂ ਸੁਣਿਆ ਹੋਵੇਗਾ ਕਿ ਸਾਨੂੰ ਖੜ੍ਹੇ ਹੋ ਕੇ ਪਾਣੀ ਨਹੀਂ ਪੀਣਾ ਚਾਹੀਦਾ ਪਰ ਕੀ ਤੁਸੀਂ ਇਸਦਾ ਕਾਰਨ ਜਾਣਦੇ ਹੋ। ਜੇਕਰ ਨਹੀਂ ਤਾਂ ਜਾਣੋ:

ਆਯੁਰਵੈਦ ਮੁਤਾਬਕ ਜਦੋਂ ਅਸੀਂ ਖੜ੍ਹੇ ਹੋ ਕੇ ਪਾਣੀ ਪੀਂਦੇ ਹਾਂ ਤਾਂ ਪੇਟ ਦੀਆਂ ਦੀਵਾਰਾਂ (ਸਟਮਕ ਵਾਲ) ’ਤੇ ਜ਼ਰੂਰਤ ਤੋਂ ਜ਼ਿਆਦਾ ਪ੍ਰੈਸ਼ਰ ਪੈਂਦਾ ਹੈ ਕਿਉਂਕਿ ਜਦੋਂ ਅਸੀਂ ਖੜ੍ਹੇ ਹੋ ਕੇ ਪਾਣੀ ਪੀਂਦੇ ਹਾਂ ਤਾਂ ਪਾਣੀ ਭੋਜਨ-ਨਾਲੀ ਤੋਂ ਸਿੱਧਾ ਪੇਟ ਵਿਚ ਪਹੁੰਚ ਜਾਂਦਾ ਹੈ, ਜਿਸ ਕਾਰਨ ਉਹ ਪੇਟ ਦੇ ਆਸ-ਪਾਸ ਦੇ ਹਿੱਸੇ ਨੂੰ ਨੁਕਸਾਨ ਪਹੁੰਚਾਉਂਦਾ ਹੈ। ਅਜਿਹਾ ਇਸ ਕਰਕੇ ਹੁੰਦਾ ਹੈ ਕਿਉਂਕਿ ਖੜ੍ਹੇ ਹੋ ਕੇ ਪਾਣੀ ਪੀਣ ਦੇ ਦੌਰਾਨ ਪਾਣੀ ਦੇ ਪੋਸ਼ਕ ਤੱਕ ਸਰੀਰ ਤੱਕ ਆਬਜਰਬ ਨਹੀਂ ਹੋ ਪਾਉਂਦੇ ਅਤੇ ਇਹਨਾਂ ਪੋਸ਼ਕ ਤੱਤਾਂ ਨੂੰ ਸਰੀਰ ਅਸਵੀਕਾਰ ਕਰ ਦਿੰਦਾ ਹੈ। ਅਜਿਹਾ ਜੇਕਰ ਵਾਰ-ਵਾਰ ਹੁੰਦਾ ਹੈ ਤਾਂ ਇਸ ਨਾਲ ਪਾਚਨ ਤੰਤਰ ਦੀ ਫੰਕਸ਼ਨਿੰਗ ਪ੍ਰਭਾਵਿਤ ਹੁੰਦੀ ਹੈ।

ਜਦੋਂ ਅਸੀਂ ਖੜ੍ਹੇ ਹੋ ਕੇ ਪਾਣੀ ਪੀਂਦੇ ਹਾਂ ਤਾਂ ਪਾਣੀ ਬਿਨਾਂ ਕਿਡਨੀ ਤੋਂ ਛਣੇ ਸਿੱਧਾ ਵਹਿ ਜਾਂਦਾ ਹੈ। ਇਸ ਨਾਲ ਕਿਡਨ. ਅਤੇ ਮੂਤਰ ਥੈਲੀ ਵਿਚ ਗੰਦਗੀ ਰਹਿ ਜਾਂਦੀ ਹੈ, ਜਿਸ ਕਾਰਨ ਪਿਸ਼ਾਬ ਮਾਰਗ ਵਿਚ ਇਨਫੈਕਸ਼ਨ ਜਾਂ ਫਿਰ ਕਿਡਨੀ ਦੀ ਬਿਮਾਰੀ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਪਾਣੀ ਪੀਣ ਦਾ ਤਰੀਕਾ ਅਤੇ ਸਰੀਰ ਦੇ ਪਾਸਚਰ ਯਾਨਿ ਮੁਦਰਾ ਦਾ ਆਪਸ ਵਿਚ ਡੂੰਘਾ ਸਬੰਧ ਹੈ। ਖੜ੍ਹੇ ਹੋ ਕੇ ਪਾਣੀ ਪੀਣ ਦੌਰਾਨ ਪੈਦਾ ਹੋਣ ਵਾਲੀ ਹਾਈ ਪ੍ਰੈਸ਼ਰ ਦਾ ਅਸਰ ਸਰੀਰ ਦੇ ਸਾਰੇ ਬਾਇਓਲਾਜੀਕਲ ਸਿਸਟਮ ’ਤੇ ਪੈਂਦਾ ਹੈ, ਜਿਸ ਕਾਰਨ ਜੋੜਾਂ ਵਿਚ ਦਰਦ ਦੀ ਸਮੱਸਿਆ ਵੀ ਪੈਦਾ ਹੋ ਸਕਦੀ ਹੈ। ਇਸ ਤੋਂ ਇਲਾਵਾ ਖੜ੍ਹੇ ਹੋ ਕੇ ਪਾਣੀ ਪੀਣ ਨਾਲ ਸਰੀਰ ਦੇ ਜੋੜਾਂ ਵਿਚ ਮੌਜੂਦ ਤਰਲ ਪਦਾਰਥਾਂ ਦਾ ਸੰਤੁਲਨ ਵਿਗੜ ਜਾਂਦਾ ਹੈ, ਜਿਸ ਨਾਲ ਆਰਥਰਾਈਟਿਸ ਦੀ ਸਮੱਸਿਆ ਜਨਮ ਲੈਂਦੀ ਹੈ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਖੜ੍ਹੇ ਹੋ ਕੇ ਪਾਣੀ ਪੀਣ ਨਾਲ ਫੇਫੜਿਆਂ ਨੂੰ ਵੀ ਨੁਕਸਾਨ ਹੁੰਦਾ ਹੈ। ਦਰਅਸਲ ਜਦੋਂ ਤੁਸੀਂ ਖੜ੍ਹੇ ਹੋ ਕੇ ਪਾਣੀ ਪੀਂਦੇ ਹੋ ਤਾਂ ਫੂਡ ਪਾਈਪ ਯਾਨਿ ਭੋਜਨ-ਨਾਲੀ ਅਤੇ ਵਿੰਡ ਪਾਈਪ ਵਿਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ। ਜੇਕਰ ਅਜਿਹਾ ਵਾਰ-ਵਾਰ ਹੁੰਦਾ ਹੈ ਯਾਨਿ ਜੇਕਰ ਤੁਸੀਂ ਰੈਗੂਲਰ ਤੌਰ ਤੇ ਖੜ੍ਹੇ ਹੋ ਕੇ ਪਾਣੀ ਪੀਂਦੇ ਹੋ ਤਾਂ ਇਸ ਨਾਲ ਫੇਫੜਿਆਂ ਅਤੇ ਦਿਲ ਦੇ ਰੋਗਾਂ ਦਾ ਖਤਰਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਪਾਣੀ ਹਮੇਸ਼ਾ ਬੈਠ ਕੇ ਪੀਣਾ ਚਾਹੀਦਾ ਹੈ। ਬੈਠ ਕੇ ਪਾਣੀ ਪੀਣ ਦੌਰਾਨ ਪਾਣੀ ਦਾ ਫਲੋ ਧੀਮਾ ਰਹਿੰਦਾ ਹੈ, ਸਰੀਰ ਪਾਣੀ ਨੂੰ ਆਸਾਨੀ ਨਾਲ ਡਾਈਜਸਟ ਕਰ ਪਾਉਂਦਾ ਹੈ ਅਤੇ ਸਰੀਰ ਦੀਆਂ ਤੰਤਰਿਕਾਵਾਂ ਰਿਲੈਕਸਡ ਰਹਿੰਦੀਆਂ ਹਨ। ਜਦੋਂ ਪਾਣੀ ਦਾ ਪ੍ਰੈਸ਼ਰ ਸਰੀਰ ਵਿਚ ਤੇਜ਼ ਹੁੰਦਾ ਹੈ ਤਾਂ ਤੰਤਰਿਕਾਵਾਂ ਵਿਚ ਪ੍ਰੈਸ਼ਰ ਵੱਧ ਜਾਂਦਾ ਹੈ।

# ਰਸੋਈ ’ਚ ਭੁੱਲ ਕੇ ਵੀ ਨਾ ਕਰੋ ਇਹ ਗਲਤੀਆਂ

ਸਿਹਤਮੰਦ ਰਹਿਣ ਲਈ ਘਰ ’ਚ ਸਾਫ-ਸਫਾਈ ਦਾ ਹੋਣਾ ਬਹੁਤ ਜ਼ਰੂਰੀ ਹੈ। ਉਂਝ ਹੀ ਰਸੋਈ ਘਰ ਦਾ ਬੇਹੱਦ ਜ਼ਰੂਰੀ ਹਿੱਸਾ ਹੈ ਜੇ ਇਹ ਸਾਫ ਨਾ ਹੋਵੇ ਤਾਂ ਸਰੀਰ ਨੂੰ ਕਈ ਬੀਮਾਰੀਆਂ ਘੇਰ ਲੈਂਦੀਆਂ ਹਨ। ਵਾਸਤੂ ਮੁਤਾਬਕ ਰਸੋਈ ’ਚ ਗੰਦਗੀ ਹੋਣ ’ਤੇ ਸਿਹਤ ਅਤੇ ਰਿਲੇਸ਼ਨਸ਼ਿਪ ’ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਤੋਂ ਇਲਾਵਾ ਜੇ ਰਸੋਈ ਗਲਤ ਜੋਨ ’ਚ ਬਣੀ ਹੋਵੇ ਤਾਂ ਇਸ ਨਾਲ ਘਰ ’ਚ ਨੈ-ਗੇਟਿਵ ਐਨਰਜੀ ਵੀ ਵਧਦੀ ਹੈ। ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਟਿਪਸ ਬਾਰੇ ਦੱਸਣ ਜਾ ਰਹੇ ਹਾਂ ਜਿਸ ਨਾਲ



ਰਸੋਈ ਦੇ ਵਾਸਤੂ ਦੋਸ਼ ਨੂੰ ਦੂਰ ਕੀਤਾ ਜਾ ਸਕਦਾ ਹੈ।

1. ਰਸੋਈ ’ਚ ਮੌਜੂਦ ਟੁੱਟੀ ਹੋਈ ਕ੍ਰਾਕਰੀ ਸੁੱਟ ਦਿਓ। ਟੁੱਟੇ ਹੋਏ ਭਾਂਡਿਆਂ ’ਚ ਖਾਣਾ ਪਰੋਸਨ ਨਾਲ ਬੈਡਲਕ ਵਧਦਾ ਹੈ।
2. ਚੌਲਾਂ ਅਤੇ ਆਟੇ ਨੂੰ ਮੈਟਲ ਕੰਟੇਨਰਸ ’ਚ ਸਟੋਰ ਕਰੋ। ਇਸ ਨਾਲ ਧਨ ’ਚ ਵਾਧਾ ਹੁੰਦਾ ਹੈ।
3. ਰਸੋਈ ਦੇ ਦੱਖਣ ਦਿਸ਼ਾ ’ਚ ਡਸਟਬੀਨ ਰੱਖੋ ਅਤੇ ਇਸ ਦੀ ਸਫਾਈ ਰੋਜ਼ਾਨਾ ਕਰੋ।
4. ਜੇ ਰਸੋਈ ਦੀ ਨਲ ’ਚੋਂ ਪਾਣੀ ਟਪਕਦਾ ਹੋਵੇ ਤਾਂ ਉਸ ਨੂੰ ਤੁਰੰਤ ਠੀਕ ਕਰਵਾਓ। ਇਸ ਨਾਲ ਆਰਥਿਕ ਸਥਿਤੀ ਖਰਾਬ ਹੁੰਦੀ ਹੈ।
5. ਰਸੋਈ ਦੀ ਸਾਫ-ਸਫਾਈ ਦਾ ਖਾਸ ਧਿਆਨ ਰੱਖੋ। ਰਸੋਈ ਅਤੇ ਫਰਿੱਜ ’ਚ ਖਰਾਬ ਸਬਜ਼ੀਆਂ ਨਾ ਰੱਖੋ। ਇਸ ਨਾਲ ਸਿਹਤ ’ਤੇ ਮਾੜਾ ਪ੍ਰਭਾਵ ਪੈਂਦਾ ਹੈ।
6. ਰਸੋਈ ਦੀਆਂ ਦੀਵਾਰਾਂ ਦਾ ਰੰਗ ਲਾਈਟ ਰੱਖੋ। ਡਾਰਕ ਰੰਗ ਕਰਵਾਉਣ ਨਾਲ ਘਰ ਦੇ ਲੋਕਾਂ ਦੀ ਸਿਹਤ ਵਾਰ-ਵਾਰ ਖਰਾਬ ਹੁੰਦੀ ਹੈ।

# ਸਰੀਰ ਦੇ ਇਨ੍ਹਾਂ ਲੱਛਣਾਂ ਨੂੰ ਅਣਗੌਲਿਆ ਨਾ ਕਰੋ...

ਕਈ ਵਾਰ ਬਿਸਤਰ ਤੋਂ ਉੱਠਦੇ ਸਾਰ ਤੇਜ਼ ਬੁਖ਼ਾਰ ਜਾਂ ਫਿਰ ਸਰੀਰ ਦੇ ਕਿਸੇ ਹਿੱਸੇ ਵਿੱਚ ਤੇਜ਼ ਦਰਦ ਵਰਗੀ ਸਮੱਸਿਆ ਸਤਾਉਣ ਲੱਗਦੀ ਹੈ। ਆਮ ਤੌਰ ’ਤੇ ਅਸੀਂ ਇਸ ਸਮੱਸਿਆ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ; ਲੇਕਿਨ ਅਜਿਹੀ ਸਮੱਸਿਆ ਜੇ ਲਗਾਤਾਰ ਸਤਾਉਣ ਲੱਗੇ ਤਾਂ ਫਿਰ ਮਾਮਲਾ ਗੰਭੀਰ ਹੈ।

ਆਧੁਨਿਕ ਜੀਵਨ ਸ਼ੈਲੀ ਨੇ ਸਾਨੂੰ ਐਸ਼ੋ-ਆਰਾਮ ਦੇ ਤਮਾਮ ਸਾਧਨਾਂ ਨਾਲ ਬਿਮਾਰੀਆਂ ਵੀ ਦਿੱਤੀਆਂ ਹਨ। ਇਸ ਲਈ ਕਈ ਸਰੀਰਕ ਸਮੱਸਿਆਵਾਂ ਆਏ ਦਿਨ ਤੰਗ ਕਰਦੀ ਰਹਿੰਦੀਆਂ ਹਨ। ਇਨ੍ਹਾਂ ਵਿੱਚੋਂ ਕਈ ਤਕਲੀਫਾਂ ਅਸਥਾਈ ਹੁੰਦੀਆਂ ਹਨ ਜੋ ਕੁੱਝ ਸਮੇਂ ਬਾਅਦ ਆਪੇ ਠੀਕ ਹੋ ਜਾਂਦੀਆਂ ਹਨ। ਹੋ ਸਕਦਾ ਹੈ, ਇਹ ਲੱਛਣ ਅੱਜ ਮਾਮੂਲੀ ਲੱਗਣ ਪਰ ਇਹ ਕਿਸੇ ਖ਼ਤਰਨਾਕ ਰੋਗ ਦਾ ਸੰਕੇਤ ਵੀ ਹੋ ਸਕਦੇ ਹਨ। ਇਸ ਸੂਰਤ ਵਿਚ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।



ਅਚਾਨਕ ਸਿਰ ਦਰਦ ਹੋਣਾ: ਦਫ਼ਤਰ ਵਿੱਚ ਕੰਮ ਕਰਨ ਸਮੇਂ, ਸਵੇਰੇ ਉੱਠਣ ਤੋਂ ਬਾਅਦ ਜਾਂ ਕਿਸੇ ਹੋਰ ਸਮੇਂ ਅਚਾਨਕ ਸਿਰ ਦਰਦ ਹੁੰਦਾ ਹੈ ਤਾਂ ਇਹ ਸਾਧਾਰਨ ਕਾਰਨ ਨਹੀਂ। ਅਮੂਮਨ ਅਜਿਹਾ ਦਰਦ ਸਿਰ ਦੇ ਕਿਸੇ ਇੱਕ ਹਿੱਸੇ ਵਿਚ ਵਿੱਚ ਅਚਾਨਕ ਅਤੇ ਕੁੱਝ ਸੈਕਿੰਡ ਜਾਂ ਮਿੰਟਾਂ ਲਈ ਹੁੰਦਾ ਹੈ। ਕੁੱਝ ਸਮੇਂ ਬਾਅਦ ਦਰਦ ਬਿਨਾਂ ਇਲਾਜ ਦੇ ਹੀ ਠੀਕ ਹੋ ਜਾਂਦਾ ਹੈ। ਇਸ ਤੋਂ ਬਾਅਦ ਅਸੀਂ ਇਸ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਇਹ ਦਰਦ ਮਾਇਗਰੇਨ ਦਾ ਵੀ ਹੋ ਸਕਦਾ ਹੈ ਅਤੇ ਅੱਖਾਂ ਵਿੱਚ ਤਕਲੀਫ ਦਾ ਵੀ। ਬਿਨਾਂ ਡਾਕਟਰੀ ਜਾਂਚ ਇਸ ਦੀ ਅਸਲ ਵਜ੍ਹਾ ਦਾ ਪਤਾ ਲਗਾਉਣਾ ਮੁਸ਼ਕਿਲ ਹੁੰਦਾ ਹੈ।

ਤੇਜ਼ੀ ਨਾਲ ਭਾਰ ਘਟਣਾ: ਸਰੀਰ ਦਾ ਤੇਜ਼ੀ ਨਾਲ ਭਾਰ ਘਟਣਾ ਚੰਗਾ ਨਹੀਂ ਹੁੰਦਾ। ਜੇ ਤੁਸੀਂ ਭਾਰ ਘਟਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ ਅਤੇ ਤੁਹਾਡਾ ਭਾਰ 5 ਫੀਸਦੀ ਅਚਾਨਕ ਘਟ ਜਾਂਦਾ ਹੈ ਤਾਂ ਇਹ ਕੈਂਸਰ ਹੋ ਸਕਦਾ ਹੈ। ਵਡੇਰੀ ਉਮਰ ਦੇ ਬੰਦਿਆਂ ਵਿੱਚ ਅਚਾਨਕ ਭਾਰ ਘਟਣ ਦੇ 38 ਫੀਸਦ ਮਾਮਲਿਆਂ ਦੀ ਪੁਸ਼ਟੀ ਕੈਂਸਰ ਦੇ ਰੂਪ ਵਿੱਚ ਹੋਈ ਹੈ। ਜੇ ਭਾਰ ਘਟਣ ਦੇ ਨਾਲ ਹੀ ਬਹੁਤ ਪਿਆਸ, ਭੁੱਖ, ਥਕਾਵਟ ਅਤੇ ਜ਼ਿਆਦਾ ਪਿਸ਼ਾਬ ਆਉਣ ਦੀ ਵੀ ਸਮੱਸਿਆ ਆ ਰਹੀ ਹੈ ਤਾਂ ਇਹ ਡਾਇਬਿਟੀਜ਼ ਦਾ ਸੰਕੇਤ ਹੋ ਸਕਦਾ ਹੈ।

ਲੱਤਾਂ ਵਿੱਚ ਸੋਜ: ਤਰਲ ਪਦਾਰਥਾਂ ਦਾ ਇਕ-ੱਤਰੀਕਰਨ ਹੋਣ ਉੱਤੇ ਲੱਤਾਂ ਵਿੱਚ ਸੋਜ ਦੀ ਤਕਲੀਫ ਹੁੰਦੀ ਹੈ। ਡਾਕਟਰ ਇਸ ਨੂੰ ਹਾਰਟ ਫੇਲ੍ਹ ਹੋਣ ਦਾ ਲੱਛਣ ਵੀ ਮੰਨਦੇ ਹਨ। ਜਿੰਨੀ ਮਾਤਰਾ ਵਿੱਚ ਸਰੀਰ ਨੂੰ ਖ਼ੂਨ ਦੀ ਜ਼ਰੂਰਤ ਹੁੰਦੀ ਹੈ, ਜਦੋਂ ਦਿਲ ਉਸ ਮਾਤਰਾ ਵਿੱਚ ਖ਼ੂਨ ਦਾ ਸੰਚਾਰ ਨਹੀਂ ਕਰ ਸਕਦਾ ਅਤੇ ਲਹੂ ਨਸਾਂ ਵਿੱਚ ਵਾਪਸ ਜਾਣ ਲੱਗਦਾ ਹੈ, ਸਿੱਟੇ ਵਜੋਂ ਲੱਤਾਂ ਵਿੱਚ ਸੋਜ ਆ ਜਾਂਦੀ ਹੈ। ਲੱਤਾਂ ਵਿੱਚ ਲੰਮੇ ਸਮਾਂ ਤੱਕ ਸੋਜ ਰਹਿਣ ਉੱਤੇ ਡਾਕਟਰ ਨਾਲ ਸੰਪਰਕ ਜ਼ਰੂਰੀ ਹੈ।

ਛੋਟ ਸਾਹ ਆਉਣਾ: ਕਦੇ ਕਦੇ ਅਚਾਨਕ ਛੋਟਾ ਸਾਹ ਆਉਣਾ ਫੇਫੜਿਆਂ ਸਬੰਧੀ ਬਿਮਾਰੀ ਹੋ ਸਕਦੀ ਹੈ। ਜੇ ਪੌੜੀ ਚੜ੍ਹਨ ’ਤੇ ਸਾਹ ਵਿੱਚ ਪਰੇਸ਼ਾਨੀ ਹੁੰਦੀ ਹੈ ਜਾਂ ਤੁਸੀ ਆਪਣੇ ਆਪ ਨੂੰ ਥੱਕਿਆ ਮਹਿਸੂਸ ਕਰਦੇ ਹੋ ਤਾਂ ਇਸ ਨੂੰ ਮਾਮੂਲੀ ਨਾ ਸਮਝੋ। ਇਹ ਦਿਲ ਦੀ ਧੜਕਣ ਅਨਿਯਮਿਤ ਹੋਣ ਦਾ ਇਸ਼ਾਰਾ ਹੋ ਸਕਦਾ ਹੈ। ਇਹ ਹਾਰਟ ਫੇਲ੍ਹ ਹੋਣ ਜਾਂ ਫਿਰ ਹੋਰ ਕਿਸਮ ਦੀ ਦਿਲ ਦੀ ਬਿਮਾਰੀ ਦਾ ਕਾਰਨ ਬਣ ਸਕਦੀ ਹੈ। ਅਜਿਹਾ ਦਮੇ ਕਾਰਨ ਵੀ ਹੋ ਸਕਦਾ ਹੈ।

ਸੀਨੇ ਵਿੱਚ ਦਰਦ: ਕਈ ਵਾਰ ਲੋਕ ਅਚਾਨਕ ਸੀਨੇ ਵਿੱਚ ਹੋਣ ਵਾਲੇ ਦਰਦ ਨੂੰ ਸਿਹਤ ਸਮੱਸਿਆ ਨਾ ਮੰਨਦੇ ਹੋਏ ਨਜ਼ਰਅੰਦਾਜ਼ ਕਰ ਦਿੰਦੇ ਹਨ। ਜੇ ਦਰਦ ਕਾਰਨ ਠੀਕ ਤਰ੍ਹਾਂ ਕੰਮ ਨਹੀਂ ਹੁੰਦਾ ਜਾਂ ਦਬਾਅ ਮਹਿਸੂਸ ਕਰਦੇ ਹੋ ਜਾਂ ਬੈਠਣ ਵਿੱਚ ਤਕਲੀਫ ਹੁੰਦੀ ਹੈ ਤਾਂ ਇਹ ਹਾਰਟ ਅਟੈਕ ਦਾ ਕਾਰਨ ਹੋ ਸਕਦਾ ਹੈ। ਸੀਨੇ ਵਿੱਚ ਦਰਦ ਹੋਣ ਉੱਤੇ ਜੀਅ ਕੱਚਾ ਹੋਣਾ, ਉਲਟੀ ਹੋਣ ਅਤੇ ਛੋਟੀ ਸਾਹ ਆਉਣ ਦੀ ਤਕਲੀਫ ਵੀ ਹੋ ਸਕਦੀ ਹੈ। ਕੰਮ ਦੌਰਾਨ ਸੀਨੇ ਵਿੱਚ ਦਰਦ ਦੀ ਪਰੇਸ਼ਾਨੀ ਐਨਜ਼ਾਇਨਾ ਕਾਰਨ ਵੀ ਹੋ ਸਕਦੀ ਹੈ। ਇਸ ਵਿੱਚ ਦਿਲ ਦੀਆਂ ਨਸਾਂ ਨੂੰ ਸਹੀ ਮਾਤਰਾ ਵਿੱਚ ਖ਼ੂਨ ਨਹੀਂ ਮਿਲਦਾ।

ਤੇਜ਼ ਜਾਂ ਲਗਾਤਾਰ ਬੁਖ਼ਾਰ: ਕਿਸੇ ਨੂੰ ਲੰਮੇ ਸਮੇਂ ਤੋਂ ਬੁਖ਼ਾਰ ਹੈ ਜਾਂ 103 ਡਿਗਰੀ ਫਾਰਨਹਾਇਟ ਜਾਂ ਇਸ ਤੋਂ ਜ਼ਿਆਦਾ ਬੁਖ਼ਾਰ ਹੈ ਤਾਂ ਇਹ ਖ਼ਤਰਨਾਕ ਹੋ ਸਕਦਾ ਹੈ। ਅਜਿਹਾ ਪਿਸ਼ਾਬ ਦੇ ਬਲੈਡਰ ਦੀ ਲਾਗ, ਨਿਮੋਨੀਆ ਅਤੇ ਦਿਮਾਗੀ ਬੁਖ਼ਾਰ ਆਦਿ ਦੀ ਤਕਲੀਫ਼ ਹੋ ਸਕਦੀ ਹੈ। ਕਈ ਹਫ਼ਤਿਆਂ ਤੱਕ ਬੁਖ਼ਾਰ ਕਿਸੇ ਵੱਡੇ ਰੋਗ ਦਾ ਕਾਰਨ ਅਤੇ ਇਸ਼ਾਰਾ ਹੋ ਸਕਦਾ ਹੈ। ਇਸ ਨੂੰ ਅਣਡਿੱਠਾ ਨਾ ਕਰੋ।

# ਰੋਜ਼ਾਨਾ ਆਚਾਰ ਖਾਣ ਨਾਲ ਸਰੀਰ ਨੂੰ ਹੁੰਦੇ ਹਨ ਕਈ ਨੁਕਸਾਨ

ਆਚਾਰ ਸਾਡੀ ਡਾਈਟ ਦਾ ਇਕ ਬਹੁਤ ਹੀ ਜ਼ਰੂਰੀ ਹਿੱਸਾ ਹੁੰਦਾ ਹੈ। ਅੰਬ, ਨਿੰਬੂ, ਗਾਜਰ, ਲਸਣ ਆਦਿ ਕਈ ਤਰ੍ਹਾਂ ਦੇ ਆਚਾਰ ਅਸੀਂ ਖਾਂਦੇ ਹਾਂ। ਭੋਜਨ ਦਾ ਸੁਆਦ ਵਧਾਉਣ ਲਈ ਅਸੀਂ ਇਸ ਦੀ ਖ਼ੂਬ ਵਰਤੋਂ ਕਰਦੇ ਹਾਂ। ਬਹੁਤ ਸਾਰੇ ਲੋਕ ਇਸ ਨੂੰ ਹਰ ਰੋਜ਼ ਖਾਣੇ ਦੇ ਨਾਲ ਲੈਂਦੇ ਹਨ ਜਦਕਿ ਕੁਝ ਲੋਕ ਕਦੇ-ਕਦੇ ਇਸ ਦੀ ਵਰਤੋਂ ਕਰਦੇ ਹਨ। ਹਰ ਰੋਜ਼ ਖਾਣੇ ਦੇ ਨਾਲ ਆਚਾਰ ਖਾਣਾ ਸਿਹਤਮੰਦ ਨਹੀਂ ਹੁੰਦਾ। ਜ਼ਿਆਦਾ ਮਾਤਰਾ ’ਚ ਆਚਾਰ ਖਾਣ ਨਾਲ ਕੈਂਸਰ ਦਾ ਖਤਰਾ ਵਧ ਜਾਂਦਾ ਹੈ। ਆਚਾਰ ’ਚ ਕਾਫੀ ਮਾਤਰਾ ’ਚ ਨਮਕ ਦੀ ਵਰਤੋਂ ਕੀਤੀ ਜਾਂਦੀ ਹੈ।

ਇਹ ਬਲੱਡ ਪ੍ਰੈਸ਼ਰ ਦੇ ਮਰੀਜਾਂ ਲਈ ਸਹੀ ਨਹੀਂ ਹੁੰਦਾ। ਬਾਜਾਰ ’ਚ ਜੋ ਆਚਾਰ ਮਿਲਦੇ ਹਨ ਉਨ੍ਹਾਂ ਨੂੰ ਬਣ-ਾਉਣ ਦੌਰਾਨ ਉਨ੍ਹਾਂ ਦੇ ਸਾਰੇ ਪੋਸ਼ਕ ਤੱਤ ਨਸ਼ਟ ਹੋ ਜਾਂਦੇ ਹਨ। ਅਜਿਹੇ ’ਚ ਉਹ ਸਾਨੂੰ ਸਿਰਫ ਨੁਕਸਾਨ ਹੀ ਪਹੁੰਚਾ ਸਕਦੇ ਹਨ। ਇਸ ਤੋਂ ਇਲਾਵਾ ਵੀ ਰੋਜ਼ਾਨਾ ਆਚਾਰ ਖਾਣ



ਨਾਲ ਕਈ ਨੁਕਸਾਨ ਹੁੰਦੇ ਹਨ।

**ਸਰੀਰ ’ਚ ਸੋਜ**

ਜ਼ਿਆਦਾ ਮਾਤਰਾ ’ਚ ਆਚਾਰ ਖਾਣ ਨਾਲ ਸਰੀਰ ’ਚ ਸੋਜ ਦੀ ਸਮੱਸਿਆ ਹੋ ਸਕਦੀ ਹੈ। ਆਚਾਰ ’ਚ ਨਮਕ ਦੀ ਬਹੁਤ ਜ਼ਿਆਦਾ ਮਾਤਰਾ ਹੁੰਦੀ ਹੈ ਜਿਸ ’ਚ ਸੋਡੀਅਮ ਮੌਜੂਦ ਹੁੰਦਾ ਹੈ ਜੋ ਸਰੀਰ ’ਚ ਸੋਜ ਪੈਦਾ ਕਰਦਾ ਹੈ।

**ਪੇਟ ਦੀਆਂ ਸਮੱਸਿਆਵਾਂ**

ਰੋਜ਼ ਆਚਾਰ ਖਾਣ ਨਾਲ ਤੁਹਾਡਾ ਪਾਚਨ ਤੰਤਰ ਵੀ ਪ੍ਰਭਾਵਿਤ ਹੁੰਦਾ ਹੈ। ਆਚਾਰ ਨੂੰ ਬਣਾਉਣ ਨਾਲ ਤੇਲ ਦੀ ਵਰਤੋਂ ਵੀ ਬਹੁਤ ਜ਼ਿਆਦਾ ਕੀਤੀ ਜਾਂਦੀ ਹੈ। ਇਸ ਨਾਲ ਸਰੀਰ ’ਚ ਟ੍ਰਾਈਗਿਲਸਰਾਈਡ ਦਾ ਲੈਵਲ ਵਧਦਾ ਹੈ ਜੋ ਪੇਟ ਨਾਲ ਜੁੜੀਆਂ ਸਮੱਸਿਆਵਾਂ ਦੇ ਜਾਂਦਾ ਹੈ।

**ਦਿਲ ਦੀ ਬੀਮਾਰੀ**

ਆਚਾਰ ਨੂੰ ਲੰਬੇ ਸਮੇਂ ਤਕ ਸਹੀ ਅਤੇ ਨਮੀ ਤੋਂ ਬਚਾ ਕੇ ਰੱਖਣ ਲਈ ਉਸ ’ਚ ਭਰਪੂਰ ਮਾਤਰਾ ’ਚ ਤੇਲ ਪਾਇਆ ਜਾਂਦਾ ਹੈ। ਇਹ ਤੇਲ ਕੋਲੈਸਟਰੋਲ ਵਧਣ ਦਾ ਕਾਰਨ ਹੋ ਸਕਦਾ ਹੈ। ਕੋਲੈਸਟਰੋਲ ਵਧਣ ਨਾਲ ਦਿਲ ਦੀਆਂ ਬੀਮਾਰੀਆਂ ਦਾ ਖਤਰਾ ਬਹੁਤ ਵਧ ਜਾਂਦਾ ਹੈ। ਇਹ ਲੀਵਰ ਲਈ ਵੀ ਖਤਰਨਾਕ ਹੈ।

# ਭਾਰਤ ਦਾ ਆਖ਼ਰੀ ਪਿੰਡ ਮਾਨਾ



ਅੰਦਲੀਬ ਕੌਰ

ਦੁਨੀਆ ਵਿੱਚ ਹਰ ਪਾਸੇ ਆਧੁਨਿਕਤਾ ਪੂਰੀ ਤਰ੍ਹਾਂ ਆਪਣੇ ਪੈਰ ਪਸਾਰ ਚੁੱਕੀ ਹੈ, ਪਰ ਅਜੇ ਵੀ ਸਾਡੇ ਦੇਸ਼ ਭਾਰਤ ਦੇ ਕੁਝ ਅਜਿਹੇ ਇਲਾਕੇ ਬਚੇ ਹਨ ਜੋ ਆਪਣੀ ਸੱਭਿਅਤਾ, ਵਿਰਾਸਤ ਨਾਲ ਪੁਰਾਣੇ ਵੇਲਿਆਂ ਤੋਂ ਪੂਰੀ ਤਰ੍ਹਾਂ ਜੁੜੇ ਹੋਏ ਹਨ ਤੇ ਅੱਜ ਵੀ ਉਸੇ ਸਾਦਗੀ ਨਾਲ ਜੀਵਨ ਜਿਊਣ ਦੇ ਇੱਛੁਕ ਹਨ। ਇਸ ਦੀ ਇੱਕ ਮਿਸਾਲ ਭਾਰਤ ਦੇ ਉੱਤਰ-ਪੂਰਬੀ ਕਿਨਾਰੇ 'ਤੇ ਵਸਿਆ ਆਖ਼ਰੀ ਪਿੰਡ ਮਾਨਾ ਹੈ। ਚੀਨ ਦੀ ਸਰਹੱਦ ਤੋਂ ਤਕਰੀਬਨ 60-70 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇੱਕ ਬਹੁਤ ਹੀ ਛੋਟਾ ਜਿਹਾ ਪਿੰਡ। ਇਸ ਵਾਰ ਸਾਨੂੰ ਛੁੱਟੀਆਂ ਵਿੱਚ ਕੁਦਰਤ ਦੀ ਗੋਦ ਵਿੱਚ ਵਸਿਆ ਇਹ ਪਿੰਡ ਘੁੰਮਣ ਦਾ ਮੌਕਾ ਮਿਲਿਆ।

ਪੰਜਾਬ ਤੋਂ ਅੰਬਾਲਾ, ਪਾਉਂਟਾ ਸਾਹਿਬ, ਦੇਹਰਾ-ਦੂਨ, ਰਿਸ਼ੀਕੇਸ਼, ਸ੍ਰੀਨਗਰ, ਪਿੱਪਲ ਕੋਟੀ, ਜੋਸ਼ੀ ਮੱਠ, ਗੋਬਿੰਦਘਾਟ, ਬਦਰੀਨਾਥ ਹੁੰਦੇ ਹੋਏ ਅਤੇ ਬਦਰੀਨਾਥ ਤੋਂ ਚਾਰ ਕਿਲੋਮੀਟਰ ਦੂਰੀ 'ਤੇ ਸਥਿਤ ਹੈ ਮਾਨਾ। ਪਿੰਡ ਵਿੱਚ ਦਾਖਲ ਹੋਣ ਲਈ ਇੱਕ ਬਹੁਤ ਉੱਚਾ ਤੇ ਵੱਡਾ ਗੇਟ ਹੈ ਜਿਸ 'ਤੇ ਲਿਖਿਆ 'ਭਾਰਤ ਦਾ ਆਖ਼ਰੀ ਪਿੰਡ'। ਸਮੁੰਦਰ ਸਤਹਿ ਤੋਂ ਤਕਰੀਬਨ 3,200 ਮੀਟਰ ਉਚਾਈ 'ਤੇ ਸਥਿਤ ਇਹ ਪਿੰਡ ਚਮੋਲੀ ਜ਼ਿਲ੍ਹੇ ਅਤੇ ਉੱਤਰਾਖੰਡ ਰਾਜ ਵਿੱਚ ਸਥਿਤ ਪਹਾੜਾਂ ਨਾਲ ਘਿਰਿਆ ਹੈ। ਜੂਨ ਮਹੀਨੇ ਛੁੱਟੀਆਂ ਹੋਣ ਕਾਰਨ ਮੁੱਖ ਸੜਕ 'ਤੇ ਵਾਹਨਾਂ ਦੀ ਭੀੜ ਸੀ। ਬੱਸਾਂ, ਜੀਪਾਂ, ਕਾਰਾਂ ਰਾਹੀਂ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ ਲੋਕ ਇੱਥੋਂ ਦੀ ਕੁਦਰਤੀ ਸੁੰਦਰਤਾ ਵੇਖਣ ਪਹੁੰਚੇ ਹੋਏ ਸਨ। ਅਸੀਂ ਵੀ ਆਪਣੀ ਕਾਰ ਖਾਲੀ ਜਗ੍ਹਾ ਵੇਖ ਕੇ ਪਾਰਕ ਕੀਤੀ ਤੇ ਅੱਗੇ ਮਾਨਾ ਪਿੰਡ ਦੀ ਸੈਰ ਲਈ ਨਿਕਲ ਪਏ। ਪਿੰਡ ਦੇ ਅੰਦਰ ਕੋਈ ਵੱਡਾ ਵਾਹਨ ਨਹੀਂ ਜਾ ਸਕਦਾ। ਭੀੜੀ ਗਲੀ ਰਾਹੀਂ ਸਾਰਾ ਪਿੰਡ ਪੈਦਲ ਉਚਾਈ ਵੱਲ ਘੁੰਮਣਾ ਪੈਂਦਾ ਹੈ। ਇਸ ਪਿੰਡ ਦੇ ਆਲੇ-ਦੁਆਲੇ ਉੱਚੇ ਉੱਚੇ ਪਹਾੜ ਹਨ। ਸਾਡੇ ਉੱਥੇ ਪਹੁੰਚਣ ਤੋਂ ਕੁਝ ਸਮਾਂ ਪਹਿਲਾਂ ਮੀਂਹ ਪੈ ਕੇ ਹਟਿਆ ਸੀ। ਇਸ ਕਾਰਨ ਹਰ ਪਾਸਾ ਬੜਾ ਨਿਖਰਿਆ ਪ੍ਰਤੀਤ ਹੋ ਰਿਹਾ ਸੀ। ਇਸ ਪਿੰਡ ਦਾ ਨਾਂ ਭਗਵਾਨ ਸ਼ਿਵ ਦੇ ਭਗਤ ਮਾਨਾਭਦਰ ਦੇ ਨਾਮ 'ਤੇ ਰੱਖਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਇਹ ਪਿੰਡ ਸਰਾਪ ਮੁਕਤ ਹੈ, ਇੱਥੇ ਆਉਣ ਵਾਲੇ ਵਿਅਕਤੀ ਨੂੰ ਪਾਪਾਂ ਤੋਂ ਮੁਕਤੀ ਮਿਲਦੀ ਹੈ। ਫ਼ੌਜ ਨੇ ਪਹਾੜੀ ਤੋਂ ਕੁਝ ਨੀਚੇ ਵੱਲ ਕਾਫ਼ੀ ਇਲਾਕਾ ਘੇਰਿਆ ਹੋਇਆ ਸੀ। ਪਿੰਡ ਦੇ ਗੇਟ ਤੋਂ ਅਸੀਂ ਇਉਂ ਦਾਖਲ ਹੋਏ ਜਿਵੇਂ ਪੁਰਾਣੇ ਵੇਲੇ ਪਿੰਡਾਂ ਦੀਆਂ ਡਿਓਢੀਆਂ ਤੋਂ ਘਰ ਅੰਦਰ ਦਾਖਲ ਹੁੰਦੇ ਸਾਂ। ਹਰਿਆਲੀ ਨਾਲ ਭਰਪੂਰ ਕੁਦਰਤ ਦੀ ਸੁੰਦਰਤਾ ਵਾਲਾ ਸਾਰਾ ਵਾਤਾਵਰਨ ਮਨ ਨੂੰ ਮੋਹ ਲੈਣ ਵਾਲਾ ਜਾਪ ਰਿਹਾ ਸੀ। ਇਸ ਪਿੰਡ ਹਰ ਘਰ, ਹਰ ਦੁਕਾਨ ਵਿੱਚ ਲੋਕ ਭਾਵੇਂ ਆਦਮੀ ਤੇ ਭਾਵੇਂ ਔਰਤਾਂ, ਬਸ ਸਲਾਈਆਂ ਬੁਣੀ ਜਾ ਰਹੇ ਸਨ। ਇਸ ਇਲਾਕੇ ਵਿੱਚ ਭੇਡਾਂ, ਬੱਕਰੀਆਂ ਨਹੀਂ ਪਾਲੀਆਂ ਜਾਂਦੀਆਂ। ਭੇਡ ਦੀ ਉੱਨ ਬਾਹਰੋਂ ਮੰਗਵਾਈ ਜਾਂਦੀ ਹੈ ਤੇ ਫਿਰ ਉਸ ਨੂੰ ਇੱਕ ਲੰਬੀ ਜਿਹੀ ਸਲਾਈ ਨੁਮਾ ਡੰਡੀ ਨਾਲ ਕੱਤ ਕੇ ਉੱਨ ਦੇ ਗੋਲੇ ਬਣਾਉਂਦੇ ਹਨ। ਭੇਡ ਦੀ ਉੱਨ ਨੂੰ ਨਾਲੋ ਨਾਲ ਕੱਤ ਕੇ ਉਸ ਦੇ ਬੁਣਨ ਲਈ ਗੋਲੇ ਤਿਆਰ ਹੋ ਰਹੇ ਸਨ। ਟੋਪੀਆਂ, ਸਕਾਫ, ਸਵੈਟਰ, ਜੁਰਾਬਾਂ, ਛੋਟੇ-ਛੋਟੇ ਗਲੀਚੇ, ਆਸਨ ਉਨ੍ਹਾਂ ਨੇ ਹੱਥੀਂ ਬਣਾ ਕੇ ਵੇਚਣ ਲਈ ਰੱਖੇ ਹੋਏ ਸਨ।







ਲੋਕਾਂ ਦਾ ਰਹਿਣ-ਸਹਿਣ ਬਹੁਤ ਹੀ ਸਾਧਾਰਨ। ਛੋਟੇ-ਛੋਟੇ ਘਰ। ਰਵਾਇਤੀ ਪਹਾੜੀ ਲਿਬਾਸ। ਸੈਲਾਨੀਆਂ ਨੂੰ ਮੁਸਕਰਾਹਟ ਨਾਲ ਆਪਣੇ ਊਨੀ ਕੱਪੜੇ ਵੇਚਣ ਦੀ ਆਸ ਵਿੱਚ ਬੈਠੇ ਲੋਕ ਗਾਹਕਾਂ ਦੀ ਉਡੀਕ ਕਰਦੇ ਬੜੇ ਤਰਸਯੋਗ ਪ੍ਰਤੀਤ ਹੋ ਰਹੇ ਸਨ। ਪਿੰਡ ਦੀ ਮੁੱਖ ਗਲੀ ਪੱਥਰਾਂ ਦੀ ਬਣੀ ਹੋਈ ਸੀ। ਸਾਰੇ ਸੈਲਾਨੀ ਪਿੰਡ ਵਿੱਚ ਅੱਗੇ ਵਧਦੇ ਜਾ ਰਹੇ ਸੀ। ਅੱਗੇ ਵੱਲ ਇੱਕ ਪਾਸੇ ਕੁਝ ਲੋਕ ਛੋਟੇ ਛੋਟੇ ਪੈਕਟ ਵੇਚਦੇ ਨਜ਼ਰ ਅਏ। ਪੁੱਛਣ 'ਤੇ ਪਤਾ ਲੱਗਿਆ ਕਿ ਇਨ੍ਹਾਂ ਛੋਟੇ ਪੈਕਟਾਂ ਵਿੱਚ ਹਰੀ ਚਾਹ, ਜ਼ਿਮਬੂ (ਦਾਲ ਦਾ ਤੜਕਾ), ਕਟਕੀ (ਸ਼ੂਗਰ ਦੀ ਦਵਾਈ), ਕੇਦਾਰ ਬੂਟੀ (ਵਾਲਾਂ ਨੂੰ ਝੜਨ ਤੋਂ ਬਚਾਉਣ ਲਈ ਬੂਟੀ) ਆਦਿ ਸਨ। ਇੱਕ ਮੰਜੇ ਜਿੰਨੀ ਜਗ੍ਹਾ 'ਤੇ ਇੱਕ ਪਾਸੇ ਊਨੀ ਕੱਪੜੇ ਅਤੇ ਦੂਜੇ ਪਾਸੇ ਪਹਾੜੀ ਜੜ੍ਹੀ-ਬੂਟੀਆਂ ਦੇ ਪੈਕਟ ਰੱਖੇ ਹੋਏ ਸਨ। ਅਸੀਂ ਕਦੇ ਗਲੀ ਦੇ ਖੱਬੇ ਤੇ ਕਦੇ ਸੱਜੇ ਘਰਾਂ ਅੱਗੇ ਵੇਚਣ ਲਈ ਰੱਖਿਆ ਸਾਮਾਨ ਵੇਖਦਿਆਂ ਅੱਗੇ ਵਧਦੇ ਰਹੇ ਤੇ ਉਚਾਈ ਚੜ੍ਹਦੇ ਰਹੇ। ਹਰ ਘਰ ਅੱਗੇ ਜਾਂ ਜਿੱਥੇ ਵੀ ਖਾਲੀ ਥਾਂ ਹੋਵੇ ਹਰ ਜਗ੍ਹਾ ਔਰਤਾਂ ਪਾਲਕ, ਮਟਰ, ਗੋਭੀ, ਆਲੂ ਬੀਜ ਕੇ ਰੱਖਦੀਆਂ ਹਨ। ਘਰ ਦੇ ਵਿਹੜੇ ਵਿੱਚ ਅਤੇ ਛੱਤਾਂ 'ਤੇ ਜੰਗਲੀ ਜੜ੍ਹੀ-ਬੂਟੀਆਂ ਸੁੱਕਣ ਲਈ ਰੱਖੀਆਂ ਹੋਈਆਂ ਸਨ। ਘਰ ਦੀਆਂ ਛੱਤਾਂ ਟੀਨ ਦੀਆਂ ਤੇ ਉਪਰ ਭਾਰ ਲਈ ਛੋਟੀਆਂ ਚੱਟਾਨਾਂ ਰੱਖੀਆਂ ਹੋਈਆਂ ਸਨ। ਅਸੀਂ ਅੱਗੇ ਕਾਫ਼ੀ ਉਚਾਈ 'ਤੇ ਪਹੁੰਚ ਗਏ ਸੀ। ਸੱਜੇ ਹੱਥ ਇੱਕ ਰੰਗ-ਬਿਰੰਗਾ ਤੰਬੂ ਦੇਖ ਕੇ ਰੁਕੇ। ਵੇਖਣ 'ਤੇ ਪਤਾ ਲੱਗਿਆ ਕਿ ਉਸ ਤੰਬੂ ਵਿੱਚ ਇੱਕ ਛੋਟੀ ਜਿਹੀ ਕਾਲੀ ਗਾਂ ਤੇ ਦੋ ਸਾਲ ਦਾ ਯਾਕ ਬੰਨ੍ਹਿਆ ਹੋਇਆ ਸੀ। ਯਾਕ ਨਾਲ ਸਾਰੇ ਬੱਚੇ ਫੋਟੋ ਖਿਚਵਾ ਰਹੇ ਸਨ। ਇਸ ਦੇ ਨਾਲ ਹੀ ਪੌੜੀਆਂ ਚੜ੍ਹ ਕੇ ਅਸੀਂ ਵੇਦ ਵਿਆਸ ਗੁਫ਼ਾ ਤਕ ਪਹੁੰਚ ਗਏ। ਗੁਫ਼ਾ ਲਗਪਗ 5321 ਸਾਲ ਪੁਰਾਣੀ ਦੱਸੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਇਸ ਜਗ੍ਹਾ ਵੇਦ ਵਿਆਸ ਜੀ ਨੇ ਮਹਾਂਭਾਰਤ ਦੀ ਰਚਨਾ ਕੀਤੀ ਸੀ। ਗੁਫ਼ਾ ਅੰਦਰ ਫੋਟੋ ਲੈਣ ਦੀ ਮਨਾਹੀ ਹੈ। ਉਸ ਪਹਾੜ, ਚੱਟਾਨਾਂ, ਗੁਫ਼ਾ ਨੂੰ ਅਜੇ ਤਕ ਵੀ ਉਸੇ ਤਰ੍ਹਾਂ ਸੰਭਾਲ ਕੇ ਰੱਖਿਆ ਹੋਇਆ ਹੈ। ਉਸ ਜਗ੍ਹਾ ਦੇ ਦਰਸ਼ਨ ਕਰਕੇ ਸਭ ਸੈਲਾਨੀਆਂ ਅੰਦਰ ਧਾਰਮਿਕ ਆਦਰ ਉਮੜ ਰਿਹਾ ਸੀ। ਕੁਝ ਸਮਾਂ ਉੱਥੇ ਰੁਕਣ ਤੋਂ ਬਾਅਦ ਫਿਰ ਅੱਗੇ ਵੱਲ ਚੱਲ ਪਏ। ਇਸ ਛੋਟੇ ਜਿਹੇ ਪਿੰਡ ਵਿੱਚ ਥੋੜ੍ਹੇ ਸਮੇਂ ਬਾਅਦ ਹੀ ਕੁਝ ਨਵਾਂ ਵੇਖਣ ਲਈ ਮਿਲ ਰਿਹਾ ਸੀ। ਕੁਝ ਕਦਮ ਹੀ ਹੋਰ ਉਚਾਈ ਵੱਲ ਵਧੇ ਹੋਵਾਂਗੇ ਕਿ ਅੱਗੇ ਗਣੇਸ਼ ਗੁਫ਼ਾ ਦਾ ਮੁੱਖ ਦੁਆਰ ਦਿਸ ਗਿਆ।

ਇਸ ਗੁਫ਼ਾ ਬਾਰੇ ਮਿਥਿਹਾਸਕ ਕਥਾ ਪ੍ਰਚੱਲਿਤ ਹੈ ਕਿ ਗਣੇਸ਼ ਜੀ ਵੇਦਾਂ ਦੀ ਰਚਨਾ ਕਰ ਰਹੇ ਸੀ ਤਾਂ ਸਰਸਵਤੀ ਪੂਰੇ ਸ਼ੋਰ ਨਾਲ ਕੋਲੋਂ ਵਗ ਰਹੀ ਸੀ। ਸਰਸਵਤੀ ਦੀਆਂ ਲਹਿਰਾਂ ਦੇ ਸ਼ੋਰ ਕਾਰਨ ਗਣੇਸ਼ ਜੀ ਨੇ ਉਸ ਨੂੰ ਸ਼ਾਂਤ ਹੋਣ ਲਈ ਕਿਹਾ, ਪਰ ਉਹ ਨਾ ਮੰਨੀ ਤਾਂ ਉਨ੍ਹਾਂ ਨੇ ਸਰਸਵਤੀ ਨੂੰ ਸਰਾਪ ਦਿੱਤਾ ਕਿ ਉਹ ਅੱਗੇ ਕਿਸੇ ਨੂੰ ਦਿਖਾਈ ਨਹੀਂ ਦੇਵੇਗੀ। ਇਸੇ ਕਾਰਨ ਸਰਸਵਤੀ ਕੁਝ ਦੂਰੀ 'ਤੇ ਜਾ ਕੇ ਅਲਕਨੰਦਾ ਵਿੱਚ ਲੀਨ ਹੋ ਜਾਂਦੀ ਹੈ।

ਗੁਫ਼ਾਵਾਂ ਵੇਖਦਿਆਂ ਅਸੀਂ ਵੀ ਆਪਣੇ-ਆਪ ਨੂੰ ਉਸ ਪੁਰਾਣੇ ਵੇਲੇ ਵਿੱਚ ਹੀ ਮਹਿਸੂਸ ਕਰ ਰਹੇ ਸੀ। ਹੁਣ ਅਸੀਂ ਕਾਫ਼ੀ ਉਚਾਈ 'ਤੇ ਪਹੁੰਚ ਚੁੱਕੇ ਸੀ। ਕਾਲੇ ਬੱਦਲਾਂ ਨਾਲ ਘਿਰੇ ਪਰਬਤ ਦੇ ਲਗਪਗ ਬਰਾਬਰ ਹੀ ਚੱਲ ਰਹੇ ਸੀ। ਪਿੰਡ ਦੀ ਸਿਖਰ 'ਤੇ ਪਹੁੰਚੇ। ਇਸ ਉਚਾਈ 'ਤੇ ਸੱਜੇ ਹੱਥ ਇੱਕ ਦੁਕਾਨ 'ਤੇ ਲਿਖਿਆ ਸੀ: 'ਭਾਰਤ ਦੀ ਸਭ ਤੋਂ ਆਖ਼ਰੀ ਚਾਹ ਦੀ ਦੁਕਾਨ'। ਸੈਲਾਨੀ ਅਤੇ ਸ਼ਰਧਾਲੂ ਇੱਥੇ ਚਾਹ, ਕੌਫ਼ੀ ਪੀਣ ਜ਼ਰੂਰ ਰੁਕਦੇ ਹਨ। ਅੱਗੇ ਪੌੜੀਨੁਮਾ ਰਸਤਾ ਪੂਰੀ ਤਰ੍ਹਾਂ ਭੀੜ ਨਾਲ ਭਰਿਆ ਹੋਇਆ ਸੀ। ਅੱਗੇ ਪਹਾੜਾਂ ਤੇ ਚੱਟਾਨਾਂ ਦੀ ਭਰਮਾਰ ਸੀ। ਚੱਟਾਨਾਂ 'ਤੇ ਲਿਖਿਆ ਸੀ 'ਭੀਮ ਪੁਲ'। ਇਸ ਬਾਰੇ ਮਿਥਿਹਾਸਕ ਕਥਾ ਇਹ ਹੈ ਕਿ ਜਦੋਂ ਪੰਜ ਪਾਂਡਵ ਸਵਰਗ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੇ ਸਰਸਵਤੀ ਨਦੀ ਤੋਂ ਲਾਂਘਾ ਲੈਣ ਦੀ ਬੇਨਤੀ ਕੀਤੀ, ਪਰ ਨਦੀ ਨੇ ਲਾਂਘਾ ਦੇਣ ਤੋਂ ਮਨ੍ਹਾ ਕਰ ਦਿੱਤਾ। ਭੀਮ ਨੇ ਦੋ ਵੱਡੀਆਂ ਚੱਟਾਨਾਂ ਚੁੱਕ ਕੇ ਨਦੀ ਉਪਰ ਟਿਕਾ ਦਿੱਤੀਆਂ ਤੇ ਪੁਲ ਬਣਾ ਦਿੱਤਾ। ਉਦੋਂ ਤੋਂ ਲੋਕਾਂ ਦਾ ਇਸ ਗੱਲ ਵਿੱਚ ਵਿਸ਼ਵਾਸ ਹੋ ਗਿਆ ਕਿ ਜੇਕਰ ਉਸ ਜਗ੍ਹਾ ਪੱਥਰਾਂ ਦੇ ਪੁਲ ਬਣਾ ਦਿੱਤੇ ਜਾਣ ਤਾਂ ਅਸੀਂ ਵੀ ਸਵਰਗ ਜਾਵਾਂਗੇ। ਇਸ ਪਿੰਡ ਵਿੱਚ ਕੁੱਲ 160-170 ਹੀ ਘਰ ਬਣੇ ਹੋਏ ਹਨ। ਇਸ ਪਿੰਡ ਦੀ ਜ਼ਿਆਦਾ ਆਬਾਦੀ ਨਹੀਂ ਹੈ। ਇਸ ਛੋਟੇ ਜਿਹੇ ਪਿੰਡ ਵਿੱਚ ਹਰਿਆਲੀ ਬਹੁਤ ਹੈ। ਆਬਾਦੀ ਤਕਰੀਬਨ 600 ਹੈ।

ਭੀਮ ਪੁਲ ਤੋਂ ਥੋੜ੍ਹਾ ਨੀਚੇ ਬਹੁਤ ਵਧੀਆ ਖਾਣ-ਪੀਣ ਦਾ ਇੰਤਜ਼ਾਮ ਕੀਤਾ ਹੋਇਆ ਸੀ। ਇੱਕ ਛੋਟੀ ਜਿਹੀ ਚਬੂਤਰਾਨੁਮਾ ਜਗ੍ਹਾ 'ਤੇ ਕੁਰਸੀਆਂ ਮੇਜ਼ ਲੱਗੇ ਹੋਏ ਸਨ। ਖਾਣ ਪੀਣ ਲਈ ਬਹੁਤ ਕੁਝ ਉਪਲੱਬਧ ਸੀ। ਇਸ ਜਗ੍ਹਾ ਦੇ ਬਿਲਕੁਲ ਸਾਹਮਣੇ ਥੱਲੇ ਵੱਲ ਪੌੜੀਆਂ ਜਾ ਰਹੀਆਂ ਸਨ ਜਿੱਥੇ ਚੱਟਾਨ ਵਿੱਚੋਂ ਇੱਕ ਜਲਧਾਰਾ ਨਿਕਲ ਰਹੀ ਸੀ। ਇੱਕ ਪੰਡਿਤ ਜੀ ਉੱਥੇ ਖੜ੍ਹੇ ਸਭ ਨੂੰ ਕਹਿ ਰਹੇ ਸਨ ਕਿ ਇਹ ਅੰਮ੍ਰਿਤ ਰੂਪੀ ਪਾਣੀ ਮਾਨਸਰੋਵਰ ਤੋਂ ਆ ਰਿਹਾ ਹੈ। ਲੋਕ ਛੋਟੀਆਂ ਛੋਟੀਆਂ ਬੋਤਲਾਂ ਵਿੱਚ ਇੱਥੋਂ ਪਾਣੀ ਨਾਲ ਲੈ ਕੇ ਜਾ ਰਹੇ ਸਨ।

ਇਸ ਪਿੰਡ ਵਿੱਚ ਮੁੱਖ ਤੌਰ 'ਤੇ ਮਰਛਾ, ਜਡ, ਭੂਤੀਆ ਜਾਤੀ ਦੇ ਲੋਕ ਵਸਦੇ ਹਨ। ਜੰਗਲੀ ਜੜ੍ਹੀ-ਬੂਟੀਆਂ, ਜੰਗਲੀ ਰੁੱਖ-ਬੂਟੇ, ਅਖਰੋਟ ਦੇ ਉੱਚੇ ਹਰੇ ਭਰੇ ਦਰੱਖਤ ਹਰ ਮੋੜ 'ਤੇ ਵੇਖੇ ਜਾ ਸਕਦੇ ਹਨ। ਇਸ ਇਲਾਕੇ ਵਿੱਚ ਘੁੰਮਣ ਦਾ ਸਭ ਤੋਂ ਬਿਹਤਰੀਨ ਸਮਾਂ ਮਈ ਤੋਂ ਸਤੰਬਰ ਤਕ ਦਾ ਹੈ।

ਇਸ ਪਿੰਡ ਤੋਂ ਕੋਈ ਪੰਜ ਕੁ ਕਿਲੋਮੀਟਰ ਵਸੰਧਰਾ ਝਰਨਾ (ਵਸੂਧਾਰਾ) ਵਗਦਾ ਹੈ। ਇੱਥੋਂ ਦੇ ਲੋਕਾਂ ਦੀ ਮਾਨਤਾ ਹੈ ਕਿ ਇਹ ਧਾਰਾ ਜਿਸ ਇਨਸਾਨ ਉਪਰ ਪੈ ਜਾਂਦੀ ਹੈ, ਉਹ ਕਿਸਮਤ ਵਾਲਾ ਹੁੰਦਾ ਹੈ ਤੇ ਜੋ ਇਸ ਧਾਰਾ ਤੋਂ ਵਾਂਝਾ ਰਹਿ ਜਾਂਦਾ ਹੈ ਉਹ ਬਦਕਿਸਮਤ, ਪਾਪੀ ਮੰਨਿਆ ਜਾਂਦਾ ਹੈ। ਇਸ ਕਾਰਨ ਹਰ ਸੈਲਾਨੀ ਇਸ ਜਗ੍ਹਾ ਜ਼ਰੂਰ ਹਾਜ਼ਰੀ ਭਰਦਾ ਹੈ। ਇਸ ਪਿੰਡ ਤੋਂ ਚੀਨ ਦੀ ਸੀਮਾ 65-70 ਕਿਲੋਮੀਟਰ ਦੂਰੀ 'ਤੇ ਹੈ। ਪਿੰਡ ਤੋਂ ਅੱਗੇ ਚੀਨ ਸੀਮਾ ਤਕ ਸਾਰੇ ਇਲਾਕੇ 'ਤੇ ਫ਼ੌਜ ਤਾਇਨਾਤ ਹੈ। ਮਾਨਾ ਪਾਸ ਤਕ ਜਾਣ ਲਈ ਵੀ ਇੱਥੇ ਜ਼ਿਲ੍ਹਾ ਦਫ਼ਤਰ, ਫ਼ੌਜ ਦੀ ਇਜਾਜ਼ਤ ਲੈਣੀ ਪੈਂਦੀ ਹੈ। ਪਦਯਾਤਰਾ ਦੇ ਸ਼ੌਕੀਨ ਇੱਥੇ ਆਲੇ-ਦੁਆਲੇ ਕੁਦਰਤੀ ਸੁੰਦਰਤਾ ਮਾਣਨ ਜ਼ਰੂਰ ਆਉਂਦੇ ਹਨ। ਇਸ ਪਿੰਡ ਵਿੱਚ ਕੋਈ ਦਵਾਈ ਦੀ ਦੁਕਾਨ ਅਤੇ ਹਸਪਤਾਲ ਨਹੀਂ ਹੈ। ਜਦੋਂ ਵੀ ਕਿਸੇ ਨੂੰ ਬਿਮਾਰੀ ਵੇਲੇ ਲੋੜ ਪਵੇ ਤਾਂ ਫ਼ੌਜੀ ਹਸਪਤਾਲ ਹੀ ਲਿਜਾਇਆ ਜਾਂਦਾ ਹੈ। ਇਸ ਪਿੰਡ ਦੇ ਲੋਕ ਕੁਦਰਤ ਦੇ ਬਹੁਤ ਨਜ਼ਦੀਕ ਵਿਚਰਦੇ ਹਨ। ਪਰਮਾਤਮਾ 'ਤੇ ਅਥਾਹ ਆਸਥਾ ਰੱਖਦੇ ਹਨ। ਇਸੇ ਕਾਰਨ ਥੋੜ੍ਹੇ ਵਿੱਚ ਹੀ ਸੰਤੁਸ਼ਟੀ ਨਾਲ ਜੀਵਨ ਜੀਅ ਰਹੇ ਹਨ।

ਪਿੰਡ ਦੇ ਹਰ ਘਰ ਦੇ ਅੱਗੇ ਕੰਡਿਆਲੀ ਡੰਡੀ ਟੰਗੀ ਹੋਈ ਦਿਖੀ। ਦਰਅਸਲ ਇਹ 'ਤੇਜ਼ ਬਲ' ਲੱਕੜ ਸੀ ਜਿਸ ਨੂੰ ਘਰ ਦੀ ਦਹਿਲੀਜ਼ 'ਤੇ ਟੰਗਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਸ ਨਾਲ ਘਰ ਅੰਦਰ ਖ਼ੁਸ਼ਹਾਲੀ ਰਹਿੰਦੀ ਹੈ, ਤੇਜ ਵਧਦਾ ਹੈ ਤੇ ਬੁਰੀ ਨਜ਼ਰ, ਬੁਰੀ ਬਲਾ ਤੋਂ ਛੁਟਕਾਰਾ ਮਿਲਦਾ ਹੈ। ਪਹਾੜੀ ਲੋਕ ਛੋਟੀਆਂ ਛੋਟੀਆਂ ਆਸਥਾਵਾਂ ਸਹਾਰੇ ਆਪਣਾ ਸਾਰਾ ਜੀਵਨ ਖ਼ੁਸ਼ੀ ਨਾਲ ਬਿਤਾ ਦਿੰਦੇ ਹਨ। ਉੱਥੋਂ ਦੀਆਂ ਹਸੀਨ ਵਾਦੀਆਂ ਨੂੰ ਅਲਵਿਦਾ ਕਹਿ ਕੇ ਅਸੀਂ ਆਪਣਾ ਅਗਲਾ ਸਫ਼ਰ ਸ਼ੁਰੂ ਕਰ ਦਿੱਤਾ, ਪਰ ਉਸ ਪਿੰਡ ਦੀ ਹਰ ਮਿੱਠੀ ਯਾਦ ਨੂੰ ਦਿਲ ਅੰਦਰ ਹਮੇਸ਼ਾਂ ਲਈ ਸਾਂਭ ਲਿਆ।

# ਮੈਕਸੀਕੋ ਦੇ ਇਸ ਸ਼ਹਿਰ ਵਿਚ ਪੂਰਾ ਪੁਲਿਸ ਸਟੇਸ਼ਨ ਹੀ ਕਰ ਲਿਆ ਗ੍ਰਿਫਤਾਰ

ਵਾਸ਼ਿੰਗਟਨ ਪੋਸਟ ਦੀ ਇਕ ਖਬਰ ਵਿਚ ਦੱਸਿਆ ਗਿਆ ਹੈ ਕਿ ਮੈਕਸੀਕੋ ਦੇ ਇਕ ਸ਼ਹਿਰ ਓਕਾਮਪੋ ਵਿਚ ਪੂਰੇ ਪੁਲਿਸ ਵਿਭਾਗ ਨੂੰ ਅਗਲੇ ਮਹੀਨੇ ਹੋਣ ਵਾਲੀਆਂ ਚੋਣਾਂ ਵਿਚ ਮੇਅਰ ਦੇ ਅਹੁਦੇ ਦੇ ਇਕ ਉਮੀਦਵਾਰ ਦੀ ਹੱਤਿਆ ਵਿਚ ਸ਼ਾਮਲ ਹੋਣ ਦੇ ਸ਼ੱਕ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਫਰਨਾਡੋ ਏਂਜਲਸ ਜੁਆਰੇਜ ਨਾਂ ਦੇ ਇਸ 64 ਸਾਲ ਦੇ ਉਮੀਦਵਾਰ ਦੀ ਕੁਝ ਦਿਨ ਪਹਿਲਾਂ ਅਣਪਛਾਤੇ ਬੰਦੂਕਧਾਰੀਆਂ ਨੇ ਉਹਨਾਂ ਦੇ ਘਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਘਟਨਾਂ ਤੋਂ ਬਾਅਦ ਉਥੋਂ ਦੀ ਫੈਡਰਲ ਪੁਲਿਸ ਨੇ ਸ਼ਹਿਰ ਦੇ 27 ਪੁਲਿਸ ਅਧਿਕਾਰੀਆਂ ਅਤੇ ਜਨਤਕ ਸੁਰੱਖਿਆ ਸਕੱਤਰ ਸਮੇਤ ਪੂਰੇ ਵਿਭਾਗ ਨੂੰ ਗ੍ਰਿਫਤਾਰ ਕਰ ਲਿਆ ਹੈ।

ਦਰਅਸਲ ਇਸ ਮਾਮਲੇ ਵਿਚ ਸਭ ਤੋਂ ਪਹਿਲਾਂ ਸ਼ੱਕ ਸ਼ਹਿਰ ਦੇ ਸੁਰੱਖਿਆ ਸਕੱਤਰ ਆਸਕਰ ਗੋਂਜਾਲੇਜ




ਗਰਸੀਆ 'ਤੇ ਕੀਤਾ ਗਿਆ ਸੀ ਪਰ ਜਦੋਂ ਫੈਡਰਲ ਪੁਲਿਸ ਦੇ ਅਧਿਕਾਰੀ ਉਹਨਾਂ ਨੂੰ ਗ੍ਰਿਫਤਾਰ ਕਰਨ ਪਹੁੰਚੇ ਤਾਂ ਸਥਾਨਕ ਪੁਲਿਸ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ। ਇਸ ਤੋਂ ਬਾਅਦ ਸ਼ਹਿਰ ਦੇ ਪੁਲਿਸ ਵਿਭਾਗ ਨੂੰ ਵੀ ਦੋਸ਼ੀ ਮੰਨ ਲਿਆ ਗਿਆ ਅਤੇ ਫੈਡਰਲ ਪੁਲਿਸ ਦੀ ਪੂਰੀ ਟੀਮ ਨੇ ਸ਼ਹਿਰ ਪਹੁੰਚ ਕੇ ਸਾਰਿਆਂ ਨੂੰ ਗ੍ਰਿਫਤਾਰ ਕਰ ਲਿਆ। ਸਾਰੇ ਪੁਲਿਸ ਵਾਲਿਆਂ ਨੂੰ ਬਕਾਇਦ ਹੱਥਕੜੀ ਲਗਾਈ ਗਈ ਅਤੇ ਦੇਸ਼ ਦੀ ਰਾਜਧਾਨੀ ਲਿਆਂਦਾ ਗਿਆ ਅਤੇ ਉਹਨਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਮੈਕਸੀਕੋ ਵਿਚ ਰਾਸ਼ਟਰਪਤੀ, ਸੰਸਦ ਅਤੇ ਮੇਅਰ ਦੇ ਅਹੁਦੇ ਲਈ 1 ਜੁਲਾਈ ਨੂੰ ਚੋਣਾਂ ਹੋਈਆਂ ਹਨ। ਇਸੇ ਵਿਚਕਾਰ ਇੱਥੇ ਹੱਤਿਆਵਾਂ ਦਾ ਸਿਲਸਿਲਾ ਜਾਰੀ ਹੈ ਅਤੇ ਹੁਣ ਤੱਕ ਕਰੀਬ 100 ਤੋਂ ਜ਼ਿਆਦਾ ਲੀਡਰਾਂ ਦੀ ਹੱਤਿਆ ਹੋ ਚੁੱਕੀ ਹੈ। ਜਦਕਿ ਏਂਜਲਸ ਤੀਜਾ ਲੀਡਰ ਹੈ, ਜਿਸਦੀ ਹੱਤਿਆ ਪਿਛਲੇ ਇਕ ਹਫਤੇ ਵਿਚ ਮਿਚੋਅਕਾਨ ਰਾਜ ਵਿਚ ਹੋਈ। ਉਹ ਇਸ ਇਲਾਕੇ ਦੇ ਕਾਮਯਾਬ ਬਿਜਨਸਮੈਨ ਸਨ ਜੋ ਹੁਣ ਰਾਜਨੀਤੀ ਵਿਚ ਵੀ ਦਿਲਚਸਪੀ ਲੈ ਰਹੇ ਸਨ। ਇਸ ਕਰਕੇ ਪਹਿਲੇ ਆਜ਼ਾਦ ਉਮੀਦਵਾਰ ਦੇ ਤੌਰ ਤੇ ਲੜਨ ਲਈ ਤਿਆਰ ਏਂਜਲਸ ਨੂੰ ਬਾਅਦ ਵਿਚ ਮੈਕਸੀਕੋ ਦੀ ਇਕ ਵੱਡੀ ਸਿਆਸੀ ਪਾਰਟੀ ਡੈਮੋਕ੍ਰੇਟਿਕ ਰੈਵੋਲਿਊਸ਼ਨ ਨੇ ਆਪਣਾ ਉਮੀਦਵਾਰ ਬਣਾ ਲਿਆ ਸੀ।

# ਨਵਜੰਮੇ ਅਤੇ ਔਰਤ ਦੇ ਉਪਰੋਂ ਲੰਘ ਗਈ ਟ੍ਰੇਨ, ਵਾਲ ਵੀ ਵਿੰਗਾ ਨਾ ਹੋਇਆ!

ਬੀਤੇ ਹਫਤੇ ਮੱਧ ਪ੍ਰਦੇਸ਼ ਦੇ ਬੁਰਹਾਨਪੁਰ ਜ਼ਿਲ੍ਹੇ ਵਿਚ ਨੇਪਾਨਗਰ ਰੇਲਵੇ ਸਟੇਸ਼ਨ 'ਤੇ ਇਕ ਅਜੀਬ ਹਾਦਸਾ ਹੋਇਆ। ਇੱਥੇ ਕਰੀਬ 25 ਸਾਲ ਦੀ ਇਕ ਔਰਤ ਨੇ ਆਪਣੇ ਨਵਜੰਮੇ ਬੱਚੇ ਦੇ ਨਾਲ ਪਹੁੰਚ ਕੇ ਟ੍ਰੇਨ ਦੀ ਪਟੜੀ ਵਿਚਕਾਰ ਲੇਟ ਗਈ। ਸਾਫ ਪਤਾ ਲੱਗ ਰਿਹਾ ਸੀ ਕਿ ਉਹ ਖੁਦਕੁਸ਼ੀ ਕਰਨ ਦੇ ਇਰਾਦੇ ਨਾਲ ਆਈ ਹੈ। ਦੇਖਦੇ ਹੀ ਦੇਖਦੇ ਇਕ ਸੁਪਰ ਫਾਸਟ ਟ੍ਰੇਨ ਦੌੜਦੀ ਹੋਈ ਉਪਰੋਂ ਲੰਘ ਗਈ। ਲੋਕਾਂ ਦਾ ਸਾਹ ਅਟਕਿਆ ਪਿਆ ਸੀ, ਜਦੋਂ ਟ੍ਰੇਨ ਉਪਰੋਂ ਲੰਘ ਰਹੀ ਸੀ ਪਰ ਟ੍ਰੇਨ ਲੰਘ ਜਾਣ ਦਾ ਬਾਅਦ ਸਭ ਨੇ ਰਾਹਤ ਦੀ ਸਾਹ ਲਈ। ਇਸ ਭਿਆਨਕ ਪਲ ਦੇ ਬੀਤਣ ਬਾਅਦ ਔਰਤ ਅਤੇ ਬੱਚਾ ਦੋਵੇਂ ਸੁਰੱਖਿਅਤ ਸਨ। ਇਸ ਮਾਮਲੇ ਦੀ ਜਾਂਚ ਕਰ ਰਹੀ ਆਰ. ਪੀ. ਐਫ. ਦੇ ਅਧਿਕਾਰੀਆਂ ਮੁਤਾਬਕ ਔਰਤ ਦੀ ਪਛਾਣ ਇਲਾਹਾਬਾਦ ਦੀ ਰਹਿਣ ਵਾਲੀ ਤਬਸੁੱਮ ਵਜੋਂ ਹੋਈ ਹੈ ਜੋ ਆਪਣੇ ਦੋ ਮਹੀਨੇ ਦੇ ਬੱਚੇ ਨਾਲ ਕੁਸ਼ੀਨਗਰ ਐਕਸਪ੍ਰੈਸ 'ਤੇ ਇਲਾਹਾਬਾਦ ਤੋਂ ਮੁੰਬਈ ਜਾ ਰਹੀ ਸੀ ਪਰ ਨੇਪਾਨਗਰ ਵਿਚ ਟ੍ਰੇਨ ਤੋਂ ਉਤਰ ਕੇ ਰੇਲ ਦੀ ਪਟੜੀ ਤੇ ਜਾ ਲੇਟੀ। ਇਸ ਤੋਂ ਪਹਿਲਾਂ ਕੋਈ ਸਮਝਦਾ ਅਤੇ ਬਚਾਉਣ ਦੀ ਕੋਸ਼ਿਸ਼ ਕਰਦਾ, ਸਾਹਮਣੇ ਤੋਂ ਟ੍ਰੇਨ ਆ ਗਈ ਅਤੇ ਦੋਵਾਂ ਉਪਰੋਂ ਲੰਘ ਗਈ। ਉਸ ਤੋਂ ਬਾਅਦ ਦੋਵਾਂ ਨੂੰ ਸੁਰੱਖਿਅਤ ਦੇਖ ਕੇ ਸਭ ਨੇ ਰਾਹਤ ਦਾ ਸਾਹ ਲਿਆ। ਇਸ ਤੋਂ ਬਾਅਦ ਉਹਨਾਂ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਮਾਮੂਲੀ ਇਲਾਜ ਤੋਂ ਬਾਅਦ ਉਹਨਾਂ ਨੂੰ ਛੱਡ ਦਿੱਤਾ। ਪੁਲਿਸ ਮੁਤਾਬਕ ਉਸ ਨੇ ਇਹ ਕਦਮ ਘਰੇਲੂ ਪ੍ਰੇਸ਼ਾਨੀਆਂ ਕਾਰਨ ਚੁੱਕਿਆ। ਇਸ ਔਰਤ ਦੀ ਮਤਰੇਈ ਮਾਂ ਨੇ ਉਸਦਾ ਵਿਆਹ ਜਬਰਦਸਤੀ ਇਕ ਵਿਆਹੇ ਆਦਮੀ ਨਾਲ ਕਰਵਾ ਦਿੱਤਾ। ਇਹ ਆਦਮੀ ਉਸ ਨਾਲ ਬਹੁਤ ਮਾੜਾ ਵਤੀਰਾ ਕਰਦਾ ਸੀ। ਕੁੱਟਮਾਰ ਵੀ ਉਸਨੂੰ ਬਰਦਾਸ਼ਤ ਕਰਨੀ ਪੈਂਦੀ ਸੀ, ਜਿਸ ਕਾਰਨ ਉਹ ਪਹਿਲਾਂ ਵੀ ਇਕ ਵਾਰ ਆਤਮ ਹੱਤਿਆ ਦੀ ਕੋਸ਼ਿਸ਼ ਕਰ ਚੁੱਕੀ ਸੀ। ਗਰਭਵਤੀ ਹੋਣ ਤੋਂ ਬਾਅਦ ਪਤੀ ਨੇ ਉਸਨੂੰ ਤਲਾਕ ਦੇ ਦਿੱਤਾ ਸੀ ਅਤੇ ਹੁਣ ਉਹ ਆਪਣੀ ਨਾਨੀ ਦੇ ਘਰ ਮੁੰਬਈ ਜਾ ਰਹੀ ਸੀ। ਫਿਲਹਾਲ ਉਸਦੇ ਪਰਿਵਾਰ ਦੇ ਲੋਕ ਉਸਨੂੰ ਮੁੰਬਈ ਲੈ ਗਏ ਹਨ।

# ਲੋਕਾਈ ਦਾ ਰੋਹ ਅਤੇ ਸਰਕਾਰ ਦੀ ਮਾਰੂ ਨੀਤੀ



ਦਰਸ਼ਨ ਸਿੰਘ ਖਟਕੜ

ਭਾਰਤ ਦੀ ਮੌਜੂਦਾ ਵਿਵਸਥਾ ਅਤੇ ਇਸ ਦੀ ਰਖਵਾਲੀ ਮੌਜੂਦਾ ਭਾਜਪਾ ਸਰਕਾਰ ਮਾਰ ਕੇ ਮੁਕਾਉਣ ਦੀ ਮਾਨਵ-ਵਿਰੋਧੀ ਨੀਤੀ ਲਾਗੂ ਕਰ ਰਹੀ ਹੈ ਜਿਹੜੀ ਇਸ ਦੀ ਅਸਫ਼ਲਤਾ ਦਾ ਸ਼ਰ੍ਹੇਆਮ ਐਲਾਨ ਹੈ। ਪ੍ਰਮਾਣ ਲਈ ਚਾਰ ਵਰਤਾਰੇ ਹੀ ਕਾਫ਼ੀ ਹਨ: ਦਿੱਲੀ ਵਿੱਚ ਨਿਰਭਯਾ ਬਲਾਤਕਾਰ ਖ਼ਿਲਾਫ਼ ਪੂਰਾ ਮੁਲਕ ਝੰਜੋੜਿਆ ਗਿਆ ਸੀ ਜਿਸ ਕਰ ਕੇ ਅਪਰਾਧੀਆਂ ਖ਼ਿਲਾਫ਼ ਫਾਂਸੀ ਦੀ ਕਰੜੀ ਸਜ਼ਾ ਦੀ ਮੰਗ ਉੱਭਰ ਆਈ ਸੀ। ਇਸ ਦੇ ਜਵਾਬ ਵਿੱਚ ਤੇਜ਼ ਰਫ਼ਤਾਰ ਅਦਾਲਤੀ ਕਾਰਵਾਈ ਅਤੇ ਫਾਂਸੀ ਦੀ ਸਜ਼ਾ ਲਈ ਕਾਨੂੰਨੀ ਉਪਾਅ ਕੀਤੇ ਗਏ। ਸਰਕਾਰਾਂ ਨੇ ਆਪੋ-ਆਪਣੀ ਪਿੱਠ ਥਾਪੜੀ ਅਤੇ ਰੋਗ ਦੀ ਜੜ੍ਹ ਵੱਢ ਦੇਣ ਦਾ ਪ੍ਰਭਾਵ ਪਾਇਆ ਪਰ ਅਮਲ ਵਿੱਚ ਹੋਇਆ ਇਸ ਦੇ ਉਲਟ ਅਤੇ ਪਹਿਲਾਂ ਨਾਲੋਂ ਵੀ ਬਦਤਰ। ਨਾਬਾਲਗ ਬੱਚੀਆਂ ਨਾਲ ਬਲਾਤਕਾਰ ਦੇ ਕਾਰੇ ਰੋਜ਼ ਦੀਆਂ ਖ਼ਬਰਾਂ ਬਣ ਗਏ। ਕਠੂਆ ਕਾਂਡ ਤਾਂ ਹੋਰ ਵੀ ਗੰਭੀਰ ਕਾਰਨਾਮਾ ਹੋ ਨਿੱਬੜਿਆ ਜਿਸ ਖ਼ਿਲਾਫ਼ ਮੁਲਕ ਭਰ ਵਿੱਚ ਮੁਜ਼ਾਹਰੇ ਹੋਏ। ਇੱਕ ਵਾਰ ਫਿਰ ਫਾਂਸੀ ਦੀ ਸਜ਼ਾ ਵਰਗੀ ਕਰੜੀ ਕਾਰਵਾਈ ਦੇ ਐਲਾਨ ਹੋਏ ਪਰ ਇਹ ਦੁੱਖਦਾਈ ਅਤੇ ਬੇਰਹਿਮ ਵਰਤਾਰਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸਿੱਟਾ ਇਹ ਹੈ ਕਿ ਰੋਗ ਦਾ ਇਲਾਜ ਰੋਗੀ ਨੂੰ ਮਾਰ ਕੇ ਕਰਨ ਦੀ ਨੀਤੀ ਧਾਰਨ ਕੀਤੀ ਜਾ ਰਹੀ ਹੈ, ਨਾ ਕਿ ਰੋਗ ਦੀ ਜੜ੍ਹ ਵੱਢਣ ਦੀ। ਦੁਨੀਆਂ ਭਰ ਦੇ ਵਿਦਵਾਨ, ਮਨੋਵਿਗਿਆਨੀ, ਸਮਾਜ ਵਿਗਿਆਨੀ ਤੇ ਮੈਡੀਕਲ ਮਾਹਿਰ ਮੰਨਦੇ ਹਨ ਕਿ ਕਿਸੇ ਭ੍ਰਿਸ਼ਟ ਤੇ ਕੁਰਾਹੇ ਪਏ ਵਤੀਰੇ ਨੂੰ ਸੋਧਣ ਅਤੇ ਖ਼ਤਮ ਕਰਨ ਲਈ ਉਨ੍ਹਾਂ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਕਾਰਨਾਂ ਦਾ ਖ਼ਾਤਮਾ ਜ਼ਰੂਰੀ ਹੁੰਦਾ ਹੈ ਜਿਹੜੇ ਇਸ ਨੂੰ ਪੈਦਾ ਕਰਦੇ ਹਨ, ਨਹੀਂ ਤਾਂ ਰੋਗ ਅਸਾਧ ਹੋ ਜਾਂਦਾ ਹੈ। ਸਾਡੇ ਅੱਜ ਦੇ ਨੀਤੀਵਾਨ ਗ਼ੁਰਬਤ, ਨਸ਼ਾਖੋਰੀ, ਟੀਵੀ ਤੇ ਫੋਨਾਂ ਦੇ ਨੰਗੇਜਵਾਦ, ਬੇਕਾਰੀ, ਨਿਰਾਸ਼ਾ ਆਦਿ ਬੁਨਿਆਦੀ ਕਾਰਨਾਂ ਵੱਲ ਮੂੰਹ ਕਰਨ ਨੂੰ ਵੀ ਤਿਆਰ ਨਹੀਂ। ਸਰਕਾਰ ਦੀ ਇਹ ਖਿਝ, ਅਸਫ਼ਲਤਾ ਅਤੇ ਥੋੜ੍ਹ-ਦ੍ਰਿਸ਼ਟੀ ਡੰਡੇ ਲੱਭ ਲੈਂਦੀ ਹੈ, ਜਿਵੇਂ ਮੱਧਕਾਲ ਵਿੱਚ ਹੱਥ ਲਈ ਹੱਥ ਵੱਢਣ, ਅੱਖ ਲਈ ਅੱਖ ਕੱਢਣ ਦੀ ਜਗੀਰੂ ਰੀਤ ਲਾਗੂ ਹੁੰਦੀ ਸੀ। ਅਜੋਕੇ ਯੁੱਗ ਵਿੱਚ ਇਉਂ ਸੋਚਣਾ ਅਹਿਮਕਾਨਾ ਹੈ। ਪ੍ਰਸ਼ਾਸਨ ਜਾਂ ਕਾਨੂੰਨੀ ਹਿੰਸਾ, ਅਪਰਾਧ ਰੋਕਣ ਦਾ ਵਿਗਿਆਨਕ ਤੇ ਤਾਰਕਿਕ ਢੰਗ ਉੱਕਾ ਨਹੀਂ। ਇਸੇ ਕਰਕੇ ਪਤਾ ਨਹੀਂ ਕਿੰਨੀਆਂ ਬੱਚੀਆਂ ਇਸ ਬੇਰਹਿਮ ਵਿਵਸਥਾ ਹੱਥੋਂ ਬੇਪੱਤ ਹੁੰਦੀਆਂ ਰਹਿਣਗੀਆਂ।

ਦੂਸਰਾ ਵਰਤਾਰਾ ਗੈਂਗਸਟਰਾਂ ਦਾ ਹੈ। ਗੈਂਗਸਟਰ ਮਾਂ ਦੇ ਪੇਟ 'ਚੋਂ ਹੀ ਗੈਂਗਸਟਰ ਬਣ ਕੇ ਨਹੀਂ ਜੰਮਦੇ। ਬੇਕਾਰੀ, ਤੰਗੀ, ਭਵਿੱਖ ਦੀ ਬੇਯਕੀਨੀ ਦੇ ਮਧੋਲੇ ਨੌਜਵਾਨ ਅਸਾਨੀ ਨਾਲ ਹੀ ਸਿਆਸਤਦਾਨਾਂ ਨੂੰ ਮਿਲ ਜਾਂਦੇ ਹਨ ਜਿਨ੍ਹਾਂ ਨੂੰ ਉਹ ਧੱਕੇ ਨਾਲ ਕਬਜ਼ੇ ਕਰਨ, ਲੋਕਾਂ ਅਤੇ ਆਪਣੇ ਵਿਰੋਧੀਆਂ ਨੂੰ ਖੂੰਜੇ ਲਾਉਣ ਅਤੇ ਆਪਣੀ ਚੌਧਰ ਠੋਸਣ ਲਈ, ਲਠੈਤ-ਜੁੰਡੀ ਵਜੋਂ ਵਰਤਦੇ ਹਨ ਅਤੇ ਇਉਂ ਗੈਰ-ਕਾਨੂੰਨੀ ਨਿੱਜੀ ਹਥਿਆਰਬੰਦ ਟੋਲਿਆਂ ਨਾਲ ਆਪਣੀ ਸਰਦਾਰੀ ਚਮਕਾਉਂਦੇ ਅਤੇ ਗੈਰ-ਕਾਨੂੰਨੀ ਕਾਰਵਾਈਆਂ ਕਰਵਾਉਂਦੇ ਹਨ। ਜਦ ਇਨ੍ਹਾਂ ਵਿੱਚੋਂ ਕੁੱਝ ਵਿਰੋਧੀ ਸਿਆਸੀ ਧਿਰ ਨਾਲ ਜਾ ਰਲਦੇ ਹਨ ਤਾਂ ਸਮਾਂ ਆਉਣ 'ਤੇ ਉਨ੍ਹਾਂ ਨੂੰ ਮਾਰ ਕੇ ਮੁਕਾਉਣ ਦਾ ਅਮਲ ਆਰੰਭ ਹੋ ਜਾਂਦਾ ਹੈ। ਇਨ੍ਹਾਂ ਦੇ ਮਾਲਕ-ਪਾਲਕ ਹੀ ਉਨ੍ਹਾਂ ਦੇ ਕਾਤਲ ਬਣ ਜਾਂਦੇ ਹਨ। ਜਦੋਂ ਤੱਕ ਇਸ ਬਿਰਤੀ ਨੂੰ ਪੈਦਾ ਕਰਨ ਵਾਲੇ ਹਾਲਾਤ ਮੌਜੂਦ ਰਹਿੰਦੇ ਹਨ, ਇਨ੍ਹਾਂ ਨੇ ਜੰਮਦੇ ਹੀ ਰਹਿਣਾ ਹੈ ਕਿਉਂਕਿ ਸਿਆਸਤਦਾਨਾਂ ਤੇ ਰਸੂਖਵਾਨਾਂ ਨੂੰ ਅਜਿਹੇ ਅਨਸਰਾਂ ਦੀ ਅਟੱਲ ਲੋੜ ਪਈ ਰਹਿੰਦੀ ਹੈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਦਾ ਰੂਪ ਬਦਲ ਜਾਂਦਾ ਹੈ। ਪੰਜਾਬ ਵਿੱਚ ਰੇਤ ਮਾਫੀਏ ਦੀਆਂ ਤਲਵਾਰਾਂ ਤੇ ਬੰਦੂਕਾਂ ਕਿਸ ਦੇ ਸਿਰ 'ਤੇ ਚੱਲ ਰਹੀਆਂ ਹਨ? ਗੈਰ-ਕਾਨੂੰਨੀ ਉਸਾਰੀਆਂ ਕਿਨ੍ਹਾਂ ਦੀਆਂ ਧਮਕੀਆਂ ਨਾਲ ਹੁੰਦੀਆਂ ਹਨ? ਫ਼ਰਕ ਇੰਨਾ ਹੈ ਕਿ ਗੈਂਗਸਟਰ ਨਵੇਂ ਰੂਪ ਵਿੱਚ ਪੈਦਾ ਹੋ ਰਹੇ ਹਨ ਤੇ ਨਵਾਂ ਗੈਂਗਸਟਰਵਾਦ ਉੱਭਰ ਚੁੱਕਾ ਹੈ। ਕੱਲ੍ਹ ਨੂੰ ਇਨ੍ਹਾਂ ਨੂੰ ਮਾਰ ਕੇ ਮੁਕਾਉਣ ਵਾਲਾ ਕੋਈ ਹੋਰ ਆ ਜਾਵੇਗਾ। ਇਉਂ ਅੱਜ ਦੀ ਸਿਆਸਤ ਤੇ ਸਰਕਾਰਾਂ ਆਪਣੇ ਹੀ ਮੁਲਕ ਦੇ ਭਟਕ ਚੁੱਕੇ ਮਨੁੱਖੀ ਧਨ ਨੂੰ ਬਰਬਾਦ ਕਰਨੋਂ ਝਿਜਕ ਨਹੀਂ ਰਹੀਆਂ। ਇਹ ਰਾਜਸੀ ਹਿੰਸਾ ਅਤੇ ਦਹਿਸ਼ਤ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ।




ਆਧੁਨਿਕਵਾਦ ਦੀ ਮੁਹਾਰਨੀ ਪੜ੍ਹਦੀਆਂ ਪਰ ਪੂਰਵ-ਆਧੁਨਿਕ ਸੰਕਲਪਾਂ ਅਤੇ ਅਮਲਾਂ ਨਾਲ ਲੱਦੀਆਂ ਸਿਆਸਤਾਂ ਤੇ ਸਰਕਾਰਾਂ ਹੀ ਅਜਿਹਾ ਕਾਰਨਾਮਾ ਕਰ ਸਕਦੀਆਂ ਹਨ।

ਤੀਸਰਾ ਵਰਤਾਰਾ ਜੰਮੂ ਕਸ਼ਮੀਰ ਦਾ ਹੈ। ਸੰਘ ਬ੍ਰਿਗੇਡ ਕਸ਼ਮੀਰੀਆਂ, ਖਾਸ ਕਰਕੇ ਮੁਸਲਿਮ ਭਾਈਚਾਰੇ ਬਾਰੇ ਆਪਣੀ ਵਿਤਕਰੇਬਾਜ਼ ਅਤੇ ਦਬਾਊ ਨੀਤੀ ਸਪੱਸ਼ਟ ਕਰ ਚੁੱਕਾ ਹੈ। ਉਹ ਕਸ਼ਮੀਰੀਆਂ ਨੂੰ ਡੰਡੇ ਦੇ ਜ਼ੋਰ ਗੱਲਬਾਤ ਦੀ ਮੇਜ਼ 'ਤੇ ਬਿਠਾਉਣਾ ਅਤੇ ਮਰਜ਼ੀ ਦਾ ਸਮਝੌਤਾ ਕਰਵਾਉਣਾ ਚਾਹੁੰਦਾ ਹੈ ਜਿਸ ਵਿੱਚ 370 ਧਾਰਾ ਦਾ ਕਿਣਕਾ ਵੀ ਮੌਜੂਦ ਨਾ ਹੋਵੇ। ਹੁਣ 2019 ਦੀਆਂ ਲੋਕ ਸਭਾਈ ਚੋਣਾਂ ਤੋਂ ਪਹਿਲਾਂ ਕੁੱਟ ਕੇ ਝੁਕਾਉਣ ਅਤੇ ਮਾਰ ਕੇ ਮੁਕਾਉਣ ਲਈ, ਸਰਕਾਰ ਡੇਗ ਕੇ ਆਪਣਾ ਰਾਹ ਪੱਧਰਾ ਕਰ ਲਿਆ ਹੈ। ਕਿਸੇ ਪਰਵਾਨਯੋਗ ਸਿਆਸੀ ਅਮਲ ਦੀ ਗੈਰ-ਹਾਜ਼ਰੀ ਵਿੱਚ ਮੌਜੂਦਾ ਨੀਤੀ ਹੋਰ ਵੀ ਦਮਨਕਾਰੀ ਸਾਬਤ ਹੋਵੇਗੀ ਅਤੇ ਇਸ ਨੂੰ ਕਸ਼ਮੀਰੀਆਂ ਦੀ ਨਸਲਕੁਸ਼ੀ ਕਹਿਣਾ ਗਲਤ ਨਹੀਂ ਹੋਵੇਗਾ ਪਰ ਮੋਦੀ ਸਰਕਾਰ ਇਹੀ ਕੁਝ ਕਰਨ ਜਾ ਰਹੀ ਹੈ। ਹਾਲਾਤ ਹੋਰ ਵੀ ਉਲਝਣ ਵੱਲ ਜਾਣਗੇ।

ਚੌਥਾ ਵਰਤਾਰਾ ਛੱਤੀਸਗੜ੍ਹ, ਮਹਾਰਾਸ਼ਟਰ, ਝਾਰਖੰਡ, ਉੜੀਸਾ ਆਦਿ ਸੂਬਿਆਂ ਵਿੱਚ ਆਦਿਵਾਸੀ ਅੰਦੋਲਨ ਦਾ ਹੈ। ਇਨ੍ਹਾਂ ਸੂਬਿਆਂ ਵਿੱਚ ਮਾਓਵਾਦੀ ਪਾਰਟੀ ਸਮੇਤ ਵੱਖ ਵੱਖ ਨਕਸਲੀ ਧਿਰਾਂ ਆਦਿਵਾਸੀਆਂ ਨੂੰ ਬਚਾਉਣ ਦਾ ਕਾਰਜ ਕਰ ਰਹੀਆਂ ਹਨ। ਕੇਂਦਰੀ ਅਤੇ ਸੂਬਾਈ ਸਰਕਾਰਾਂ ਇਨ੍ਹਾਂ ਆਦਿਵਾਸੀਆਂ ਦਾ ਵਿਸ਼ਵਾਸ ਜਿੱਤਣ ਵਿੱਚ ਅਸਫ਼ਲ ਸਿੱਧ ਹੋਈਆਂ ਹਨ।

ਡੇਢ ਕੁ ਸਾਲ ਪਹਿਲਾਂ ਕੇਂਦਰੀ ਅਤੇ ਛੱਤੀਸਗੜ੍ਹ ਸੂਬਾ ਸਰਕਾਰ ਨੇ ਆਦਿਵਾਸੀਆਂ ਦਾ ਵਿਰੋਧ ਕੁਚਲਣ ਅਤੇ ਧਮਕਾਉਣ ਲਈ ਸਮੂਹਿਕ ਕਤਲੇਆਮ ਦੀ ਛਲ ਨੀਤੀ ਧਾਰਨ ਕੀਤੀ ਅਤੇ ਆਦਿਵਾਸੀਆਂ ਨੂੰ ਸਾਜ਼ਿਸ਼ ਕਰਕੇ ਮਾਰ ਦਿੱਤਾ। ਉਹੀ ਨੀਤੀ ਹੁਣ ਗੜਚਿਰੌਲੀ ਵਿੱਚ ਲਾਗੂ ਕੀਤੀ ਗਈ ਹੈ ਜਿਸ ਨਾਲ ਕਰੀਬ 40 ਆਦਿਵਾਸੀਆਂ ਨੂੰ ਮਾਰ ਦਿੱਤਾ ਗਿਆ। ਇਨ੍ਹਾਂ ਵਿੱਚ ਕੁੱਝ ਮਾਓਵਾਦੀ ਕਾਰਕੁਨ ਵੀ ਸ਼ਾਮਲ ਹਨ। ਇਸ ਮੁਕਾਬਲੇ ਵਿੱਚ ਕਿਸੇ ਪੁਲੀਸ ਵਾਲੇ ਦੇ ਝਰੀਟ ਤੱਕ ਨਹੀਂ ਆਈ; ਸੋ, ਮੁਕਾਬਲੇ 'ਤੇ ਸਵਾਲੀਆ ਨਿਸ਼ਾਨ ਲੱਗ ਗਏ ਹਨ ਪਰ ਸਰਕਾਰ ਆਦਿਵਾਸੀਆਂ ਦੇ ਜਲ, ਜੰਗਲ, ਜ਼ਮੀਨ ਤੇ ਖਣਿਜਾਂ ਨੂੰ ਲੁਟਾਉਣ ਤੇ ਲੁੱਟਣ 'ਤੇ ਤੁਲੀ ਹੋਈ ਹੈ। ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣੇ ਸਰਕਾਰਾਂ ਦੇ ਚਹੇਤੇ ਹਨ।

ਸਰਕਾਰੀ ਵਿਕਾਸ ਕਾਰਪੋਰੇਟਾਂ ਦਾ ਵਿਕਾਸ ਅਤੇ ਆਦਿਵਾਸੀਆਂ ਦਾ ਵਿਨਾਸ਼ ਹੈ। ਸਰਕਾਰ ਆਦਿਵਾਸੀਆਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੀਆਂ ਨਜ਼ਰਾਂ ਨਾਲ ਨਹੀਂ, ਸਗੋਂ ਕਾਰਪੋਰੇਟਾਂ ਦੇ ਹਿੱਤਾਂ ਅਨੁਸਾਰ ਦੇਖਦੀ ਹੈ। ਆਦਿਵਾਸੀਆਂ ਦੇ ਰੋਸ ਦੀ ਜੜ੍ਹ ਉਨ੍ਹਾਂ ਦੀ ਬੇਰਹਿਮ ਲੁੱਟ-ਖਸੁੱਟ ਅਤੇ ਦਮਨ ਹੈ, ਉਨ੍ਹਾਂ ਨਾਲ ਹੁੰਦਾ ਗ਼ੈਰ-ਮਨੁੱਖੀ ਸਲੂਕ ਹੈ। ਇਸ ਨੂੰ ਖ਼ਤਮ ਕਰਨ ਦੀ ਥਾਂ ਸਰਕਾਰ ਉਨ੍ਹਾਂ ਨੂੰ ਗੋਲੀ ਨਾਲ ਚੁੱਪ ਕਰਾਉਣਾ ਚਾਹੁੰਦੀ ਹੈ। ਗੜਚਿਰੌਲੀ ਵਿੱਚ ਨਾਬਾਲਗ ਲੜਕੇ ਲੜਕੀਆਂ ਮਾਰੇ ਗਏ ਹਨ। ਆਦਿਵਾਸੀ ਮਾਪੇ ਕਹਿ ਰਹੇ ਹਨ ਕਿ ਸਰਕਾਰ ਉਨ੍ਹਾਂ ਦੀ ਅਗਲੀ ਨਸਲ ਖ਼ਤਮ ਕਰਨ 'ਤੇ ਤੁਲੀ ਹੋਈ ਹੈ। ਸਰਕਾਰ ਨੇ ਸਾਰੇ ਗ਼ੈਰ-ਫ਼ੌਜੀ ਬਦਲ ਇੱਕ ਪਾਸੇ ਰੱਖ ਦਿੱਤੇ ਜਾਪਦੇ ਹਨ।

ਅਨੇਕਾਂ ਸਮੱਸਿਆਵਾਂ ਦੇ ਪੱਕੇ ਤੇ ਪਾਏਦਾਰ ਹੱਲ ਵੀ ਮੁੱਖ ਧਾਰਾ ਪਾਰਟੀਆਂ ਅਤੇ ਕੇਂਦਰੀ ਸਰਕਾਰ ਦੀ ਝੋਲੀ ਵਿੱਚੋਂ ਗ਼ੈਰ-ਹਾਜ਼ਰ ਹਨ। ਲੱਖਾਂ ਦੀ ਗਿਣਤੀ ਵਿੱਚ ਉਨ੍ਹਾਂ ਕਿਸਾਨਾਂ ਦੀਆਂ ਡਾਰਾਂ ਲੱਗੀਆਂ ਹੋਈਆਂ ਹਨ ਜਿਹੜੇ ਮਰਨ ਲਈ ਤਿਆਰ ਬੈਠੇ ਹਨ ਅਤੇ ਬਿਨਾਂ ਆਪਸ 'ਚ ਸਲਾਹ ਕੀਤੇ ਰੋਜ਼ਾਨਾ ਖ਼ੁਦਕੁਸ਼ੀਆਂ ਕਰ ਰਹੇ ਹਨ। ਆਪਣੇ ਆਪ ਨੂੰ ਵੱਡੇ ਦੇਸ਼-ਪ੍ਰੇਮੀ ਕਹਾਉਣ ਵਾਲਿਆਂ ਦੇ ਐਨ ਸਾਹਮਣੇ ਰੋਜ਼ ਅਣਮੁੱਲਾ ਮਨੁੱਖੀ ਧਨ ਨਸ਼ਟ ਹੋ ਰਿਹਾ ਹੈ। ਨਾਂ-ਮਾਤਰ ਰਾਹਤਾਂ ਅਤੇ ਬੇਯਕੀਨੇ ਸਰਕਾਰੀ ਵਾਇਦੇ ਇਸ ਮਨੁੱਖੀ ਬਰਬਾਦੀ ਨੂੰ ਰੋਕਣ ਵਿੱਚ ਅਸਫ਼ਲ ਹਨ। ਸਰਕਾਰ ਇਨ੍ਹਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਿੱਚ ਅਸਫ਼ਲ ਰਹੀ ਹੈ ਅਤੇ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਵੀ ਭੱਜ ਚੁੱਕੀ ਹੈ।

ਸਾਡੀ ਇਹ ਆਰਥਿਕ-ਸਮਾਜਿਕ ਵਿਵਸਥਾ ਅਤੇ ਮੌਜੂਦਾ ਕੇਂਦਰੀ ਸਰਕਾਰ ਸਵੈ-ਨਿਖੇਧ ਦੇ ਰਾਹੇ ਪੈ ਚੁੱਕੀ ਹੈ ਅਤੇ ਆਪਣੀਆਂ ਮਨੌਤਾਂ ਦਾ ਆਪ ਹੀ ਖੰਡਨ ਕਰ ਰਹੀ ਹੈ। ਅਦਾਲਤਾਂ ਨੂੰ ਨਿਰਪੱਖ ਅਤੇ ਸੁਤੰਤਰ ਕਹਿਣ ਵਾਲੇ ਇਨ੍ਹਾਂ ਨੂੰ ਆਪਣਾ ਔਜ਼ਾਰ ਬਣਾ ਰਹੇ ਹਨ, ਪਾਰਲੀਮੈਂਟ ਨੂੰ ਇਸ ਦੇ ਸੰਚਾਲਕ ਆਪ ਹੀ ਚਲਾਉਣਾ ਨਹੀਂ ਚਾਹੁੰਦੇ ਅਤੇ ਇਸ ਨੂੰ ਕਾਵਾਂਰੌਲੀ ਦਾ ਮੰਚ ਬਣਾ ਚੁੱਕੇ ਹਨ; ਜਿੱਥੇ ਮੁੱਦੇ ਲੋਪ ਅਤੇ ਮਿਹਣੇ ਮਹਾਨ ਹਨ।

ਚੋਣਾਂ ਹਰ ਵਾਰ ਬੰਦੂਕਾਂ ਦੀ ਛਾਂ ਹੇਠ ਹੁੰਦੀਆਂ ਹਨ ਅਤੇ ਇਸ ਨੂੰ ਜਮਹੂਰੀ ਅਮਲ ਦਾ ਅਟੁੱਟ ਤੇ ਸੁਭਾਵਕ ਅੰਗ ਮੰਨ ਲਿਆ ਗਿਆ ਹੈ। ਲੱਖਾਂ ਸਿਪਾਹੀਆਂ ਦੀ ਤਾਇਨਾਤੀ ਸ਼ਾਂਤਮਈ ਐਲਾਨੀਆਂ ਜਾਂਦੀਆਂ ਚੋਣਾਂ ਲਈ ਜ਼ਰੂਰੀ ਸ਼ਰਤ ਬਣ ਚੁੱਕੀ ਹੈ। ਇਹ ਚੋਣ-ਬੂਥਾਂ 'ਤੇ ਕਬਜ਼ੇ ਕਰਕੇ ਮਨਮਰਜ਼ੀ ਨਾਲ ਵੋਟਾਂ ਪੁਆਉਣ ਦਾ ਜਵਾਬ ਹੈ। ਚੋਣ ਅਮਲ ਵਿੱਚ ਬਾਹੂਬਲ ਆਮ ਲੋਕਾਂ ਦੀ ਹਿੰਸਾ ਨਹੀਂ ਸਗੋਂ ਸਿਆਸਤਦਾਨਾਂ ਤੇ ਰਸੂਖਵਾਨਾਂ ਵੱਲੋਂ ਜਥੇਬੰਦ ਕੀਤੀ ਹਿੰਸਾ ਹੀ ਹੁੰਦੀ ਹੈ। ਇਨ੍ਹਾਂ ਦੀ ਜਮਹੂਰੀਅਤ ਇਨ੍ਹਾਂ ਦੇ ਹਮਲਿਆਂ ਨਾਲ ਹੀ ਅਪਾਹਜ ਬਣੀ ਪਈ ਹੈ।

ਅਜਿਹੀ ਵਿਵਸਥਾ ਤੋਂ ਪਰੇਸ਼ਾਨ ਲੋਕ ਤਬਦੀਲੀ ਲਈ ਤਰਲੋਮੱਛੀ ਹਨ। ਅੱਜ ਇਸ ਧਿਰ ਅਤੇ ਚਾਰ ਮਹੀਨੇ ਮਗਰੋਂ ਵਿਰੋਧੀ ਧਿਰ ਨੂੰ ਵੋਟ ਪਾ ਦਿੰਦੇ ਹਨ ਪਰ ਪਰਚੀ ਪਾਉਣ ਦੇ ਸੁਖਾਲੇ ਤਰੀਕੇ ਤੋਂ ਬਿਨਾਂ ਕੋਈ ਹੋਰ ਰਾਹ ਉਨ੍ਹਾਂ ਨੂੰ ਦਿਸਦਾ ਨਹੀਂ।

ਇਸ ਕਰਕੇ ਸਰਕਾਰਾਂ ਇਸ ਰਾਹ ਦੀ ਵਾਜਬੀਅਤ ਦਰਸਾਉਣ ਲਈ ਨਵੇਂ ਬਾਲਗ ਵੋਟਰਾਂ ਦੇ ਵੋਟ-ਹੱਕ ਅਤੇ ਇਸ ਦੀ ਤਾਕਤ ਨੂੰ ਖ਼ੂਬ ਉਛਾਲਦੀਆਂ ਹਨ। ਆਦਿਵਾਸੀਆਂ ਦਾ ਸੰਘਰਸ਼ ਤਬਦੀਲੀ ਦੇ ਬਦਲਵੇਂ ਰਾਹ ਦਾ ਸੰਕੇਤ ਦਿੰਦਾ ਹੈ। ਇਸ ਮੁਲਕ ਦੀ ਕੋਈ ਵੀ ਸਰਕਾਰ ਨਹੀਂ ਚਾਹੁੰਦੀ ਕਿ ਆਮ ਲੋਕਾਈ ਆਦਿਵਾਸੀਆਂ ਵਾਲਾ ਰਾਹ ਅਪਣਾਵੇ। ਇਸ ਕਰਕੇ ਸਰਕਾਰ ਆਦਿਵਾਸੀਆਂ ਦੇ ਬਦਲਵੇਂ ਰਾਹ ਅਤੇ ਉਸ ਰਾਹ ਦੇ ਰਾਹੀਆਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਭਾਰਤ ਦੇ ਦੁਖਿਆਰੇ ਲੋਕ ਦੁਰਾਹੇ 'ਤੇ ਖੜ੍ਹੇ ਹਨ; ਇੱਕ ਪਾਸੇ ਬਦਲਵਾਂ ਪਰ ਔਖਾ ਰਾਹ ਹੈ ਅਤੇ ਦੂਜੇ ਪਾਸੇ ਸੌਖਾ ਪਰ ਨਿਰਾਰਥਕ ਸਾਬਤ ਹੋ ਰਿਹਾ ਰਾਹ ਹੈ।

# ਭਾਰਤੀਆਂ ਦੀ ਨਜ਼ਰਬੰਦੀ ਨੇ ਹੋਰ ਉਲਝਾਈ ਹਿੰਦ-ਅਮਰੀਕੀ ਤਾਣੀ

(ਸਫਾ 9 ਦੀ ਬਾਕੀ)

ਉਸ ਸਮੇਂ ਵਰਤ ਰਿਹਾ ਹੈ ਜਦੋਂ ਭਾਰਤੀ ਮੂਲ ਦੀ ਨਿੱਕੀ ਹੇਲੀ ਉਰਫ਼ ਨਿੱਕੀ ਰੰਧਾਵਾ, ਜੋ ਕਿ ਸੰਯੁਕਤ ਰਾਸ਼ਟਰ 'ਚ ਅਮਰੀਕੀ ਰਾਜਦੂਤ ਤੇ ਟਰੰਪ ਕੈਬਨਿਟ ਦੀ ਮੈਂਬਰ ਹੈ, ਭਾਰਤ ਆਈ ਹੋਈ ਹੈ ਅਤੇ ਇਸ ਦੌਰੇ ਦੌਰਾਨ ਨਰਿੰਦਰ ਮੋਦੀ ਨੂੰ ਮਿਲਣ ਵਾਲੀ ਹੈ। ਟਰੰਪ ਨੇ ਉਸ ਨੂੰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿੱਚ ਅਮਰੀਕਾ ਦੇ ਹਟਣ ਅਤੇ ਪੀ5+1 ਦੇਸ਼ਾਂ ਨਾਲ ਹੋਏ ਇਰਾਨੀ ਪਰਮਾਣੂ ਸਮਝੌਤੇ ਨਾਲੋਂ ਅਮਰੀਕਾ ਵੱਲੋਂ ਨਾਤਾ ਤੋੜਨ ਵਰਗੇ ਐਲਾਨ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ। ਇਹ ਵੀ ਅਜਬ ਇਤਫ਼ਾਕ ਹੈ ਕਿ ਨਿੱਕੀ ਦੀ ਨਵੀਂ ਦਿੱਲੀ ਫੇਰੀ ਦੌਰਾਨ ਹੀ 'ਭਾਰਤ-ਅਮਰੀਕੀ 2+2 ਮੰਤਰੀਆਂ ਦਾ ਸੰਵਾਦ' ਮੁਲਤਵੀ ਕਰਨ ਦਾ ਐਲਾਨ ਹੋਇਆ ਹੈ। ਇਸ ਸੰਵਾਦ ਅਧੀਨ ਦੋਵਾਂ ਦੇਸ਼ਾਂ ਦੇ ਰੱਖਿਆ ਅਤੇ ਵਿਦੇਸ਼ ਮੰਤਰੀਆਂ ਨੇ ਇੱਕ-ਦੂਜੇ ਨਾਲ ਵਿਚਾਰ-ਵਟਾਂਦਰਾ ਕਰਨਾ ਸੀ। ਇਹ ਸੰਭਵ ਹੈ ਕਿ ਅਮਰੀਕਾ ਨੇ ਇਹ ਸੰਵਾਦ ਭਾਰਤ ਉੱਪਰ ਮਨੋਵਿਗਿਆਨਕ ਦਬਾਅ ਬਣਾਉਣ ਲਈ ਮੁਲਤਵੀ ਕੀਤਾ ਹੋਵੇ। ਜ਼ਿਕਰਯੋਗ ਹੈ ਕਿ ਭਾਰਤੀ ਸਟੀਲ ਤੇ ਐਲੂਮੀਨੀਅਮ ਦੀਆਂ ਦਰਾਮਦਾਂ ਉੱਪਰ ਅਮਰੀਕਾ ਵੱਲੋਂ ਮਹਿਸੂਲ ਕਈ ਗੁਣਾਂ ਵਧਾ ਦਿੱਤੇ ਜਾਣ ਦੇ ਜਵਾਬ ਵਿੱਚ ਭਾਰਤ ਨੇ ਵੀ ਬਹੁਤ ਸਾਰੀਆਂ ਅਮਰੀਕੀ ਦਰਾਮਦਾਂ ਉੱਪਰ ਮਹਿਸੂਲ ਦਰਾਂ ਵਧਾ ਦਿੱਤੀਆਂ ਹਨ ਜਿਨ੍ਹਾਂ ਤੋਂ ਅਮਰੀਕਾ ਬਹੁਤ ਨਾਖੁਸ਼ ਹੈ। ਇੰਜ ਹੀ ਅਮਰੀਕਾ ਨਹੀਂ ਚਾਹੁੰਦਾ ਕਿ ਭਾਰਤ, ਰੂਸ ਤੋਂ ਐਸ-400 ਮਿਸਾਈਲ ਸਿਸਟਮ ਵਰਗੇ ਜੰਗੀ ਹਥਿਆਰ ਖ਼ਰੀਦੇ, ਜਾਂ ਇਰਾਨ ਤੋਂ ਕੱਚੇ ਤੇਲ ਦੀ ਖ਼ਰੀਦ ਜਾਰੀ ਰੱਖੇ। ਨਿੱਕੀ ਹੇਲੀ ਦੀ ਸ੍ਰੀ ਮੋਦੀ ਨਾਲ ਮੁਲਾਕਾਤ ਦੌਰਾਨ ਨਜ਼ਰਬੰਦ ਭਾਰਤੀ ਆਵਾਸੀਆਂ ਦਾ ਮੁੱਦਾ ਚਰਚਾ ਦਾ ਵਿਸ਼ਾ ਬਣ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਹ ਗੱਲਬਾਤ ਦਾ ਵਿਸ਼ਾ ਨਾ ਬਣੇ, ਪਰ ਇਹ ਮੁੱਦਾ ਗਾਇਬ ਨਹੀਂ ਹੋਣ ਵਾਲਾ।

ਭਾਰਤ ਦੇ ਰਾਜਾਂ, ਖਾਸ ਕਰਕੇ ਪੰਜਾਬ, ਗੁਜਰਾਤ ਤੇ ਕੇਰਲਾ ਵਿੱਚ ਪਰਵਾਸ ਇੱਕ ਆਮ ਰੁਝਾਨ ਰਿਹਾ ਹੈ। ਪਹਿਲੇ ਦੋ ਰਾਜਾਂ ਦੇ ਲੋਕ ਪੱਛਮੀ ਦੇਸ਼ਾਂ ਜਾਂ ਆਸਟਰੇਲੀਆ ਜਾਂ ਨਿਊਜ਼ੀਲੈਂਡ ਜਾਣਾ ਪਸੰਦ ਕਰਦੇ ਹਨ, ਜਦੋਂਕਿ ਕੇਰਲਾ ਦੇ ਲੋਕਾਂ ਦਾ ਖਾੜੀ ਦੇਸ਼ਾਂ ਵੱਲ ਝੁਕਾਅ ਹੈ। ਅਸਲ ਵਿੱਚ ਖਾੜੀ ਦੇਸ਼ਾਂ ਵਿੱਚ ਮਲਿਆਲੀ ਭਾਰਤੀ ਪਰਵਾਸੀਆਂ ਵਿੱਚ ਇਕੱਲਾ ਸਭ ਤੋਂ ਵੱਡਾ ਸਮੂਹ ਹੈ। ਇਹ ਉਹ ਹਨ ਜਿਹੜੇ ਦੇਸ਼ ਨਿਕਾਲੇ ਤੋਂ ਬਚਣ ਲਈ ਸਮੇਂ ਨਾਲ ਬਿਨਾਂ ਕਾਨੂੰਨੀ ਹੈਸੀਅਤ ਦੇ ਇਕੱਠੇ ਹੋਣੇ ਸ਼ੁਰੂ ਹੋਏ, ਸਮਾਂ ਸੀਮਾ ਤੋਂ ਜ਼ਿਆਦਾ ਦੇਰ ਤਕ ਉੱਥੇ ਰਹੇ ਜਾਂ ਜਾਅਲੀ ਦਸਤਾਵੇਜ਼ਾਂ ਰਾਹੀਂ ਉੱਥੇ ਮੁੜ ਪ੍ਰਵੇਸ਼ ਕਰ ਗਏ। ਇੱਕ ਅਧਿਐਨ ਦਰਸਾਉਂਦਾ ਹੈ ਕਿ 2007-09 ਦੇ ਸਮੇਂ ਦੌਰਾਨ ਪੰਜਾਬ ਤੋਂ ਕੁੱਲ 386,423 ਲੋਕਾਂ ਨੇ ਪਰਵਾਸ ਕੀਤਾ। ਸੰਯੁਕਤ ਅਰਬ ਅਮੀਰਾਤ (ਯੂਏਈ) ਦਾ ਰਾਜਦੂਤ ਹੋਣ ਦੇ ਨਾਤੇ ਮੈਂ 2001 ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦੱਸਿਆ ਸੀ ਕਿ 1999 ਵਿੱਚ ਯੂਏਈ ਵਿੱਚ ਸਿੱਖ ਮਜ਼ਦੂਰ ਦੁਰਲੱਭ ਹੁੰਦੇ ਸਨ, ਪਰ ਜਦੋਂ ਮੈਂ ਆਇਆ ਤਾਂ ਇਹ ਵਧਣੇ ਸ਼ੁਰੂ ਹੋ ਗਏ। ਇਹ ਪੰਜਾਬ ਦੀ ਆਰਥਿਕ ਸਥਿਤੀ ਦੀ ਕਮਜ਼ੋਰੀ ਦਾ ਸੰਕੇਤ ਸੀ।

ਇਸ ਤਰ੍ਹਾਂ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਜਿਸ ਕੋਲ ਜ਼ਿਆਦਾ ਮਾਇਕ ਸਾਧਨ ਹਨ, ਉਹ ਖਾੜੀ ਦੇਸ਼ਾਂ 'ਚ ਨਹੀਂ ਜਾਂਦਾ; ਖ਼ਤਰਿਆਂ ਦੇ ਬਾਵਜੂਦ ਉਹ ਮੈਕਸਿਕੋ ਜਾਂ ਕੇਂਦਰੀ ਅਮਰੀਕਾ ਦੇ ਅਵੈਧ ਮਾਰਗਾਂ ਰਾਹੀਂ ਅਮਰੀਕਾ ਪੁੱਜਣ ਦਾ ਯਤਨ ਕਰਦਾ ਹੈ। ਅੱਜ 1,50,000 ਸਿੱਖ ਅਮਰੀਕਾ ਦੇ ਟਰੱਕ ਕਾਰੋਬਾਰ ਵਿੱਚ ਹਨ; ਇਨ੍ਹਾਂ ਵਿੱਚੋਂ 90 ਫ਼ੀਸਦੀ ਡਰਾਈਵਰ ਹਨ। ਇਕੱਲੇ 2017 ਵਿੱਚ 18,000 ਸਿੱਖਾਂ ਨੇ ਇਸ ਸਨਅੱਤ ਵਿੱਚ ਪ੍ਰਵੇਸ਼ ਕੀਤਾ। 'ਦਿ ਇਕਨੌਮਿਸਟ' ਮੈਗਜ਼ੀਨ ਅਨੁਸਾਰ 'ਦਿ ਨੌਰਥ ਅਮਰੀਕਨ ਪੰਜਾਬੀ ਟਰੱਕਿੰਗ ਐਸੋਸੀਏਸ਼ਨ' (ਐਨਏਪੀਟੀਏ) ਦਾ ਅਨੁਮਾਨ ਹੈ ਕਿ ਕੈਲੇਫੋਰਨੀਆ ਵਿੱਚ ਟਰੱਕਾਂ ਦਾ 40 ਫ਼ੀਸਦੀ ਕਾਰੋਬਾਰ ਸਿੱਖਾਂ ਦੇ ਕੰਟਰੋਲ ਹੇਠ ਹੈ। ਇਹ ਹੀ ਰੁਝਾਨ ਕੈਨੇਡਾ ਵਿੱਚ ਵੀ ਹੈ। ਟਰੱਕਾਂ ਦੇ ਰੁਕਣ ਦੀਆਂ ਥਾਵਾਂ 'ਤੇ ਹੁਣ 'ਢਾਬੇ' ਖੁੱਲ੍ਹ ਗਏ ਹਨ। ਜਿਵੇਂ ਜਿਵੇਂ ਅਮਰੀਕੀ ਕਾਮਿਆਂ ਨੇ ਟਰੱਕਾਂ ਦੇ ਕੰਮ ਦਾ ਤਿਆਗ ਕੀਤਾ, ਪੰਜਾਬੀਆਂ ਨੇ ਇਸ ਪਾੜੇ ਨੂੰ ਭਰ ਦਿੱਤਾ ਹੈ। ਅਮਰੀਕੀ ਜਨਗਣਨਾ ਅਨੁਸਾਰ ਏਸ਼ਿਆਈ ਭਾਰਤੀ ਜਨਸੰਖਿਆ 69 ਫ਼ੀਸਦੀ ਦੇ ਵਾਧੇ ਨਾਲ ਸਾਲ 2000 ਦੇ 1.68 ਮਿਲੀਅਨ ਤੋਂ ਵਧ ਕੇ ਸਾਲ 2010 ਵਿੱਚ 2.84 ਮਿਲੀਅਨ (28.40 ਲੱਖ) ਹੋ ਗਈ ਹੈ। ਸਫ਼ੇਦ ਬਹੁਗਿਣਤੀ ਖ਼ੁਰਦੇ ਜਾਣ ਦਾ ਖ਼ੌਫ਼ ਇਨ੍ਹਾਂ ਸਮਾਜਿਕ-ਆਰਥਿਕ ਤਬਦੀਲੀਆਂ ਤੋਂ ਉਤਪੰਨ ਹੁੰਦਾ ਹੈ। ਦੂਜੇ ਪਾਸੇ ਪੰਜਾਬ ਵਿੱਚ ਬੇਰੁਜ਼ਗਾਰੀ, ਆਰਥਿਕ ਗੜਬੜੀ ਅਤੇ ਖਰਾਬ ਸ਼ਾਸਨ ਨੌਜਵਾਨਾਂ ਨੂੰ ਇਨ੍ਹਾਂ ਦੂਰ ਦੇ ਅਮੀਰ ਦੇਸ਼ਾਂ ਵੱਲ ਆਕਰਸ਼ਿਤ ਕਰਦਾ ਹੈ।

ਹਾਲੀਆ ਨਜ਼ਰਬੰਦੀਆਂ ਇਸ ਅਸਲੀਅਤ ਨੂੰ ਦਰਸਾਉਂਦੀਆਂ ਹਨ ਕਿ ਭਾਰਤੀ ਮੂਲ ਦੇ ਉਨ੍ਹਾਂ ਹੋਰ ਵਿਅਕਤੀਆਂ ਨੂੰ ਵੀ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਜਿਨ੍ਹਾਂ ਦੇ ਦਸਤਾਵੇਜ਼ ਸ਼ੱਕੀ ਹਨ ਜਾਂ ਧੋਖਾਧੜੀ ਨਾਲ ਪ੍ਰਾਪਤ ਕੀਤੇ ਗਏ ਸਨ। ਸ਼ੁਰੂਆਤ ਵਿੱਚ ਭਾਰਤ-ਅਮਰੀਕਾ ਸਬੰਧਾਂ 'ਤੇ ਇਨ੍ਹਾਂ ਦੇ ਪ੍ਰਭਾਵ ਨੂੰ ਸੀਮਤ ਰੱਖਿਆ ਜਾ ਸਕਦਾ ਹੈ ਪਰ ਅੰਤ ਵਿੱਚ ਜਨਤਕ ਰਾਇ ਹੀ ਨੀਤੀ ਨੂੰ ਚਲਾਏਗੀ।

ਕੋਲੰਬਸ ਵਾਂਗੂ ਕਿਸੇ ਹੋਰ ਧਰਤੀ ਦੀ ਭਾਲ ਵਿੱਚ ਨਿਕਲੇ, ਪਰ ਕਿਧਰੇ ਹੋਰ ਜਾ ਪੁੱਜੇ ਵਿਅਕਤੀ, ਜੋ ਅਮਰੀਕਾ ਵਿੱਚ ਬੰਦੀ ਬਣਾ ਲਏ ਗਏ , ਦੇ ਮਸਲੇ ਪਹਿਲਾਂ ਤੋਂ ਹੀ ਪੇਚੀਦਾ ਬਣੇ ਭਾਰਤ ਅਮਰੀਕਾ ਸਬੰਧਾਂ ਨੂੰ ਹੋਰ ਉਲਝਾਈ ਜਾਣ ਲੱਗੇ ਹਨ।

# ਹਰ ਵਿਅਕਤੀ ਕੇਵਲ ਆਪਣੇ ਆਪ ਜਿਹਾ ਕਿਉ?

(ਸਫਾ 2 ਦੀ ਬਾਕੀ)

ਪੰਛੀਆਂ ਦਾ ਧਿਆਨ ਆਪਣੇ ਵੱਲ ਖਿੱਚਣ ਵਾਸਤੇ ਅਜਿਹਾ ਕਰ ਰਹੇ ਹਨ। ਜੀਵਾਂ ਨੂੰ ਅਜਿਹੇ ਆਡੰਬਰੀ ਵਿਖਾਲਿਆਂ ਦੇ ਯੋਗ ਸਹਿਵਾਸ ਦੀ ਭਾਵਨਾ ਨੇ ਬਣਾਇਆ ਹੈ।

ਅਸੀਂ ਵੀ ਅਜਿਹੇ ਪ੍ਰਭਾਵ ਅਧੀਨ ਹੀ ਆਡੰਬਰੀ ਵਿਖਾਲੇ ਕਰਦੇ ਰਹਿਣ ਦੇ ਆਦੀ ਹਾਂ। ਸਾਡੀ ਕਲਪਨਾ ਕੀ ਕੁਝ ਨਹੀਂ ਕਰ ਰਹੀ? ਇਹ ਸਾਹਿਤ ਉਪਜਾ ਰਹੀ ਹੈ, ਸੰਗੀਤ ਅਲਾਪ ਰਹੀ ਹੈ, ਕਲਾਕਾਰੀ ਦੁਆਰਾ ਅਨੂਪਮਤਾ ਦਾ ਪਸਾਰ ਕਰ ਰਹੀ ਹੈ। ਨੌਜਵਾਨ ਅਤੇ ਮੁਟਿਆਰਾਂ ਵੀ ਇੱਕ ਦੂਜੇ ਦਾ ਧਿਆਨ ਆਪਣੇ ਵੱਲ ਮੋੜਨ ਲਈ ਫਬਵੀਂ ਪੁਸ਼ਾਕ ਪਹਿਨ ਰਹੇ ਹਨ, ਨਫ਼ੀਸ ਵਤੀਰਾ ਧਾਰਨ ਕਰ ਰਹੇ ਹਨ, ਵਾਰਤਾਲਾਪ ਲਈ ਢੁਕਵੇਂ ਸ਼ਬਦਾਂ ਦੀ ਚੋਣ ਕਰ ਰਹੇ ਹਨ ਅਤੇ ਗਿਆਨਵਾਨ ਲੱਗਣ ਲਈ ਪੜ੍ਹ-ਲਿਖ ਰਹੇ ਹਨ। ਇਸੇ ਪ੍ਰਕਾਰ ਇਨ੍ਹਾਂ ਦੀਆਂ ਹੋਰ ਯੋਗਤਾਵਾਂ ਵੀ ਖੇਡਾਂ ਅਤੇ ਸੂਖ਼ਮ ਕਲਾ ਦੁਆਰਾ ਪ੍ਰਦਰਸ਼ਿਤ ਹੋ ਰਹੀਆਂ ਹਨ। ਜਿਹੜੇ ਯੋਗਤਾਵਾਂ ਦੇ ਯੋਗ ਨਹੀਂ ਜਾਂ ਕਿਸੇ ਕਲਾ 'ਚ ਨਿਪੁੰਨ ਨਹੀਂ ਅਤੇ ਗਿਆਨ ਪੱਖੋਂ ਵੀ ਕੋਰੇ ਹਨ, ਉਹ ਵੀ ਯੋਗ ਹੋਣ ਦਾ, ਕਲਾਕਾਰ ਹੋਣ ਦਾ ਅਤੇ ਗਿਆਨਵਾਨ ਹੋਣ ਦਾ ਸਵਾਂਗ ਰਚ ਰਹੇ ਹਨ। ਸਹਿਵਾਸ ਦੀ ਖਿੱਚ ਸਦਕਾ, ਜਿੱਥੇ ਸਭਿਆਚਾਰ ਸਹੀ ਅਰਥਾਂ 'ਚ ਪ੍ਰਫੁੱਲਿਤ ਹੁੰਦਾ ਰਿਹਾ ਹੈ, ਉੱਥੇ ਦੰਭ ਅਤੇ ਪਾਖੰਡ ਵੀ ਇਸ ਅੰਦਰ ਅਨਿਖੜਵੇਂ ਸੰਮਿਲਤ ਹੁੰਦੇ ਰਹੇ ਹਨ।

"ਹੈ ਵੋਹੀ ਬਦਮਸਤੀ-ਏ ਹਰ ਜ਼ੱਰਾ ਕਾ ਖ਼ੁਦ ਉਜ਼ਰ ਖਵਾਹ।
ਜਿਸ ਕੇ ਜਲਵੇ ਸੇ ਜ਼ਿਮੀਂ ਤਾ ਆਸਮਾਂ ਸਰਸ਼ਾਰ ਹੈ।"

Issue- 298, Vol-12, July 4, 2018

## ਖਬਰਾਂ ਸਿਆਟਲ ਦੀਆਂ

ਕਿਸੇ ਕਿਸਮ ਦੀ ਖਬਰ ਜਾਂ ਇਸ਼ਤਿਹਾਰ ਦੇਣ ਲਈ ਸ. ਇੰਦਰਜੀਤ ਸਿੰਘ ਬਲੋਵਾਲ ਹੁਰਾਂ ਨੂੰ ਫੋਨ ਕਰੋ: **425-420-4055**

# ਵਾਸ਼ਿੰਗਟਨ ਸਟੇਟ ਸਿਆਟਲ ਵਿੱਚ ਖਾਲਸਾ ਗੁਰਮਤਿ ਸਕੂਲ ਦਾ ਉਦਘਾਟਨ









ਸਿਆਟਲ (ਇੰਦਰਜੀਤ ਸਿੰਘ ਬੱਲੋਵਾਲੀਆ)- ਅਮਰੀਕਾ ਦੀ ਵਾਸ਼ਿੰਗਟਨ ਸਟੇਟ ਦੇ ਗਰੇਟਰ ਸਿਆਟਲ ਦੇ ਏਰੀਏ ਫੈਡਰੈਲ ਵੇਅ ਸ਼ਹਿਰ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਸੰਗਤਾਂ ਦੇ ਭਰਵੇਂ ਇਕੱਠ ਵਿੱਚ ਖਾਲਸਾ ਗੁਰਮਿਤ ਸਕੂਲ ਦਾ ਉਦਘਾਟਨ ਕੀਤਾ ਗਿਆ। ਸੰਗਤਾਂ ਨੂੰ ਬੇਨਤੀ ਹੈ ਕਿ ਆਪਣੀ ਸਿੱਖ ਕੌਮ ਦਾ ਭਵਿੱਖ ਸੁਨਿਹਰਾ ਕਰਨੇ ਲਈ ਆਪਣੇ ਬੱਚਿਆਂ ਦਾ ਸਕੂਲ ਵਿੱਚ ਦਾਖਲਾ ਕਰਵਾਉ। ਖਾਲਸਾ ਸਕੂਲ ਵਿੱਚ ਗੁਰਮਤਿ ਦੀ ਸਿੱਖਿਆ ਦੇ ਨਾਲ ਨਾਲ ਖਾਸ ਕਰਕੇ ਮੈਥੇਮੈਟਿਕਸ ਅਤੇ ਸਾਇੰਸ ਦੀ ਪੜ੍ਹਾਈ ਤੋਂ ਇਲਾਵਾ ਖੇਡਾਂ ਵਾਸਤੇ ਵੀ ਵਧੀਆ ਇੰਟਰਨੈਸ਼ਨਲ ਕੋਚਾਂ ਦੀਆਂ ਸੇਵਾਵਾਂ ਦਾ ਪੂਰਾ ਪੂਰਾ ਪ੍ਰਬੰਧ ਕੀਤਾ ਗਿਆ ਹੈ।

# ACRS ਵਲੋਂ ਕਰਵਾਈ ਗਈ ਵਾਕ ਇਨ ਰਾਇਸ ਵਿੱਚ ਸਿੱਖਾਂ ਦੀ ਬੱਲੇ ਬੱਲੇ









ਸਿਆਟਲ- (ਇੰਦਰਜੀਤ ਸਿੰਘ ਬੱਲੋਵਾਲੀਆ) 30 ਜੂਨ 2018 ਨੂੰ ਵਾਸ਼ਿੰਗਟਨ ਸਟੇਟ ਵਿੱਚ 'ਏਸ਼ੀਅਨ ਕਾਉਂਸਲਿੰਗ ਐਂਡ ਰੈਫਰੈਲ ਸਰਵਿਸ' ਵਲੋਂ ਕਰਵਾਈ ਗਈ ਵਾਕ ਇਨ ਰਾਇਸ ਢਾਈ ਮੀਲ ਦੀ ਦੌੜ ਵਿੱਚ ਖਾਲਸਾ ਗੁਰਮਿਤ ਸਕੂਲ ਫੈਡਰੈਲ ਵੇਅ ਦੀ ਟੀਮ ਨੇ ਸਿੱਖ ਕੌਮ ਦਾ ਨਾਂ ਸੁਨਿਹਰੀ ਅੱਖਰਾਂ ਲਿਖਵਾਇਆ।

ਇਸ ਸੰਸਥਾ ਵਲੋਂ ਹਰ ਸਾਲ ਇਸ ਵਾਕ ਇਨ ਰਾਇਸ ਵਿੱਚ ਗਰੀਬਾਂ ਮਜਲੂਮਾਂ ਲਈ ਫੰਡ ਰੇਸ ਕੀਤਾ ਜਾਂਦਾ ਹੈ ਅਤੇ ਵੱਖ ਵੱਖ ਕਮਿਊਨਟੀਆਂ ਨੂੰ ਆਪਸ ਵਿੱਚ ਭਾਈਚਾਰਕ ਸਾਂਝ ਵਧਾਉਣ ਲਈ ਇਹ ਪ੍ਰੋਗਰਾਮ ਉਲੀਕਿਆ ਜਾਦਾ ਹੈ ਤਾਂ ਕਿ ਅਮਰੀਕਾ ਭਾਈਚਾਰਕ ਸਾਂਝ ਦੇ ਤੌਰ ਤੇ ਦੁਨੀਆਂ ਵਿੱਚ ਪਹਿਲੇ ਨੰਬਰ ਤੇ ਹੀ ਆਪਣਾ ਝੰਡਾ ਗੱਡੀ ਰੱਖੇ ਤੇ ਦੁਨੀਆਂ ਦੇ ਹੋਰ ਪੱਛੜੇ ਹੋਏ ਦੇਸ਼ ਅਮਰੀਕਾ ਵਰਗੇ ਮਹਾਨ ਦੇਸ਼ ਤੋਂ ਇਹ ਸਾਂਝੀਵਾਲਤਾ ਦਾ ਸੁਨੇਹਾ ਲੈਂਦੇ ਰਹਿਣ। ਇਸ ਵਾਰ ਇਸ ਈਵੈਂਟ ਵਿੱਚ ਤਿੰਨ ਏਜ ਗਰੁੱਪਾਂ ਵਿਚ ਅੰਡਰ 16 ਵਿਚੋਂ ਸਹਿਜ ਕੌਰ ਪਹਿਲੇ ਨੰਬਰ ਤੇ, ਸਿਮਰਨ ਕੌਰ ਦੂਜੇ ਨੰਬਰ ਤੇ ਅਤੇ ਮੁੰਡਿਆਂ ਵਿਚੋਂ ਅਕਸ਼ਦੀਪ ਸਿੰਘ ਉਮਰ 11 ਸਾਲ ਨੇ ਤੀਜਾ ਨੰਬਰ ਹਾਸਿਲ ਕੀਤਾ, ਅਤੇ ਏਜ਼ ਗਰੁੱਪ 55 ਪਲੱਸ ਵਿਚੋਂ ਸਤਿੰਦਰ ਕੌਰ ਜੱਗੀ ਨੇ ਦੂਸਰਾ ਸਥਾਨ ਅਤੇ ਪੁਰਸ਼ਾਂ ਵਿਚੋਂ ਸੱਤਪਾਲ ਸਿੰਘ ਪੁਰੇਵਾਲ ਨੇ ਦੂਸਰਾ ਸਥਾਨ ਹਾਸਿਲ ਕਰਕੇ ਵਾਸ਼ਿੰਗਟਨ ਵਿੱਚ ਸਿੱਖ ਕੌਮ ਦਾ ਮਾਣ ਵਧਾਇਆ, ਯਾਦ ਰਹੇ ਕਿ ਸਰਦਾਰ ਸੱਤਪਾਲ ਸਿੰਘ ਪੁਰੇਵਾਲ ਨੇ ਕੁੱਝ ਮਹੀਨਾ ਪਹਿਲਾਂ ਵਾਸ਼ਿੰਗਟਨ ਦੀ ਇੰਟਰਸਟੇਟ ਮੈਰਾਥਾਨ ਰੇਸ 13.01 ਮੀਲ ਵਿੱਚ ਭਾਗ ਲੈ ਕੇ ਸਿੱਖ ਕੌਮ ਦਾ ਨਾਂ ਸਾਰੀ ਅਮਰੀਕਾ ਵਿੱਚ ਉੱਚਾ ਕੀਤਾ ਸੀ ।

ਸਮੂਹ ਸਿੱਖ ਸੰਗਤ ਆਪਣੇ ਇਹਨਾਂ ਹਿੰਮਤੀ ਸਿੱਖਾਂ ਤੇ ਮਾਣ ਕਰਦੀ ਹੈ ।

# ਹਰਭਜਨ ਸਿੰਘ ਲਾਖਾ ਦੀ ਚੌਥੀ ਬਰਸੀ ਮਨਾਈ ਗਈ

ਵੈਨਕੂਵਰ- ਪਿਛਲੇ ਦਿਨੀਂ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿੱਚ ਬਹੁਜਨਾਂ ਦੇ ਮਹਾਂਨਾਇਕ ਨਿਧੜਕ ਲੀਡਰ ਹਰਭਜਨ ਸਿੰਘ ਲਾਖਾ ਦੀ ਚੌਥੀ ਬਰਸੀ ਉਹਨਾਂ ਦੇ ਸਮੂਹ ਲਾਖਾ ਪਰਿਵਾਰ ਅਤੇ ਮਿੱਤਰਾਂ ਦੋਸਤਾਂ ਦੁਆਰਾ ਮਨਾਈ ਗਈ । ਇਸ ਸ਼ਰਧਾਂਜਲੀ ਪ੍ਰੋਗਰਾਮ ਵਿੱਚ ਬਹੁਜਨ ਸਮਾਜ ਪਾਰਟੀ, ਬਾਮਸੇਫ ਅਤੇ ਡੀ.ਐਸ.4.ਯਾਨੀ ਕਿ ਦਲਿਤ ਸ਼ੋਸ਼ਤ ਸਮਾਜ ਸੰਘਰਸ਼ ਸਮਿਤੀ ਦੇ ਬਾਨੀ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਭੈਣ ਜੀ ਸਵਰਨ ਕੌਰ ਜੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ, ਉਪਰੰਤ ਬਹੁਤ ਸਾਰੇ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਮਿਸ਼ਨਰੀ ਬੁਲਾਰਿਆਂ ਨੇ ਸ਼ਿਰਕਤ ਕੀਤੀ ਤੇ ਮਨੁੱਖੀ ਅਧਿਕਾਰਾਂ ਲਈ ਜਾਤ,ਰੰਗ, ਨਸਲ, ਧਰਮ ਦੀਆਂ ਦੀਵਾਰਾਂ ਤੋਂ ਉਪਰ ਉਠ ਕੇ ਆਪੋ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ



ਜੋ ਕਿ ਸਰਦਾਰ ਹਰਭਜਨ ਸਿੰਘ ਲਾਖਾ ਵਰਗੇ ਮਹਾਨ ਨਿਧੜਕ ਲੀਡਰਾਂ ਵਲੋਂ ਮੰਨੂਵਾਦ ਦੇ ਜੁਲਮਾਂ ਵਿਰੁੱਧ ਲੜਿਆ ਗਿਆ ਸੀ ਕਿਉਂ ਕਿ ਕਾਂਸ਼ੀ ਰਾਮ ਅਤੇ ਹਰਭਜਨ ਲਾਖਾ ਹੁਰਾਂ ਵਲੋਂ ਬਣਾਈ ਗਈ ਬਾਮਸੇਫ ਯਾਨੀ ਕਿ ਬੈਕਵਾਰਡ ਐਂਡ ਮਿਨਾਉਰਟੀ ਕਮਿਊਨਟੀ ਇਮਪਲੌਈ ਫੈਡਰੇਸ਼ਨ ਜਿਸ ਵਿੱਚ ਸਿੱਖ, ਬੋਧੀ, ਜੈਨੀ, ਮੁਸਲਮਾਨ, ਇਸਾਈ, ਲੰਗਾਇਤ, ਅੰਬੇਕਰਵਾਦੀ ਆਦਿ 85% ਮੂਲਨਿਵਾਸੀ ਧਰਮ ਪ੍ਰੀਵਰਤਿਤ ਮਜਲੂਮ ਲੋਕਾਂ ਲਈ ਆਪਣੇ ਹੱਕਾਂ ਖਾਤਿਰ ਸਾਝਾਂ ਪਲੇਟਫਾਰਮ ਉਲੀਕਿਆ ਗਿਆ ਸੀ।

ਅੱਜ ਵੀ ਬਾਮਸੇਫ ਆਪਣੇ ਇਸ ਸਾਂਝੇ ਪਲੇਟਫਾਰਮ ਤੋਂ ਮੰਨੂਵਾਦੀਆਂ ਵਿਰੁੱਧ ਸੰਘਰਸ਼ ਲੜ ਰਹੀ ਹੈ।

# MISSIONPEAK BROKERS, INC.

PEAK OF EXCELLENCE

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**





# GET TOP DOLLAR$

## FOR YOUR COMMERCIAL PROPERTY



# CALL TODAY

## (510) 366-6130

hrsidhu@gmail.com
www.missionpeakbrokers.com

## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB REALTOR

